ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 41 | 16 October 2019 to 22 October 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੈਪਟਨ ਨੇ ਪ੍ਰਕਾਸ਼ ਪੁਰਬ ਸਬੰਧੀ ਸਾਰੇ ਫ਼ੈਸਲੇ ਅਕਾਲ ਤਖ਼ਤ 'ਤੇ ਛੱਡੇ

## ਚੰਨੀ ਤੇ ਰੰਧਾਵਾ ਨੇ ਜਥੇਦਾਰ ਸੌਂਪਿਆ ਬੇਨਤੀ ਪੱਤਰ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਸਮੁੱਚੇ ਹੱਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤੇ ਹਨ। ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ ਇਕ ਮੰਚ ਤੋਂ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਅੰਤਿਮ ਫ਼ੈਸਲਾ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 21 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿਚ ਲਿਆ ਜਾਵੇਗਾ। ਉਹ ਇਹ ਵੀ ਤੈਅ ਕਰਨਗੇ ਕਿ ਇਹ ਸਾਂਝਾ ਸਮਾਗਮ ਕਿਸ ਮੰਚ ਤੋਂ ਹੋਵੇਗਾ ਅਤੇ ਇਸ ਦੀ ਰੂਪ-ਰੇਖਾ ਕੀ ਹੋਵੇਗੀ?

ਇਸ ਸਬੰਧੀ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਲਗਭਗ ਇਕ ਘੰਟਾ ਬੰਦ ਕਮਰਾ ਮੀਟਿੰਗ ਕੀਤੀ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭੇਜੇ ਸੁਨੇਹੇ ਵਾਲਾ ਬੰਦ ਲਿਫਾਫਾ ਵੀ ਜਥੇਦਾਰ ਨੂੰ ਸੌਂਪਿਆ ਗਿਆ ਅਤੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਮੋਬਾਈਲ 'ਤੇ ਗੱਲਬਾਤ ਵੀ ਕਰਵਾਈ ਗਈ। ਮੁੱਖ ਮੰਤਰੀ ਨਾਲ ਹੋਈ ਗੱਲਬਾਤ ਅਤੇ



ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਚਰਨਜੀਤ ਸਿੰਘ ਚੰਨੀ ਅੰਮ੍ਰਿਤਸਰ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਦਾ ਪੱਤਰ ਸੌਂਪਦੇ ਹੋਏ।

ਸਰਕਾਰ ਦੇ ਪ੍ਰਤੀਨਿਧਾਂ ਨਾਲ ਹੋਈ ਵਿਚਾਰ ਚਰਚਾ ਦੇ ਵੇਰਵੇ ਗਿਆਨੀ ਹਰਪ੍ਰੀਤ ਸਿੰਘ ਨੇ ਮਗਰੋਂ ਮੀਡੀਆ ਨਾਲ ਸਾਂਝੇ ਕੀਤੇ। ਗਿਆਨੀ ਹਰਪ੍ਰੀਤ ਸਿੰਘ ਨੇ ਖ਼ੁਲਾਸਾ ਕੀਤਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਸਮੁੱਚਾ ਮਾਮਲਾ ਸ੍ਰੀ ਅਕਾਲ ਤਖ਼ਤ ਨੂੰ ਸੌਂਪ ਦਿੱਤਾ ਹੈ ਅਤੇ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਤੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਉਸ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ ਹੈ। ਇਸ ਮਾਮਲੇ ਨੂੰ 21 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿਚ ਰੱਖਿਆ ਜਾਵੇਗਾ ਅਤੇ ਸਾਰੇ ਪੱਖ ਵਿਚਾਰਨ ਮਗਰੋਂ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਨੇ ਦੋਵਾਂ ਧਿਰਾਂ ਦੇ ਆਗੂਆਂ ਨੂੰ ਆਖਿਆ ਕਿ ਉਹ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਬਿਆਨਬਾਜ਼ੀ ਨਾ ਕਰੇ। ਉਨ੍ਹਾਂ ਦੱਸਿਆ ਕਿ ਸਿੱਖ ਚਿੰਤਕਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਐਲਾਨਨਾਮਾ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਵਿਚ ਅਗਲੇ 50 ਵਰ੍ਹਿਆਂ ਦੌਰਾਨ ਸਿੱਖ ਕੌਮ ਨੂੰ ਬੁਲੰਦੀ 'ਤੇ ਲਿਜਾਣ ਦਾ ਏਜੰਡਾ ਤਿਆਰ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਸਬੰਧੀ ਸੁਝਾਅ ਅਕਾਲ ਤਖ਼ਤ 'ਤੇ ਭੇਜਣ ਲਈ ਆਖਿਆ ਹੈ।

**ਸੰਪਾਦਕੀ**
**ਸਫ਼ਾ 12 'ਤੇ**
**ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ**

ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਮੁੱਖ ਮੰਤਰੀ ਨੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਸਮੁੱਚੇ ਹੱਕ ਸ੍ਰੀ ਅਕਾਲ ਤਖ਼ਤ ਨੂੰ ਸੌਂਪ ਦਿੱਤੇ ਹਨ ਅਤੇ ਤਖ਼ਤ ਦਾ ਜੋ ਵੀ ਫ਼ੈਸਲਾ ਹੋਵੇਗਾ, ਸਰਕਾਰ ਨੂੰ ਪ੍ਰਵਾਨ ਹੋਵੇਗਾ। ਮੁੱਖ ਮੰਤਰੀ ਨੇ ਸਰਕਾਰ ਵੱਲੋਂ ਤਿਆਰ ਕੀਤਾ ਜਾ ਰਿਹਾ ਪੰਡਾਲ ਵੀ ਸ੍ਰੀ ਅਕਾਲ ਤਖ਼ਤ ਨੂੰ ਸੌਂਪਣ ਦਾ ਫ਼ੈਸਲਾ ਲਿਆ ਹੈ, ਜਿਸ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਪੰਜ ਸਿੰਘ ਸਾਹਿਬਾਨ ਦੀ ਸਰਪ੍ਰਸਤੀ ਹੇਠ ਚਲਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਪੰਡਾਲ ਲੋਕਾਂ ਦੇ ਪੈਸੇ ਨਾਲ ਤਿਆਰ ਹੋਇਆ ਹੈ ਅਤੇ ਸ਼੍ਰੋਮਣੀ ਕਮੇਟੀ ਦਾ ਜੋ ਨਵਾਂ ਪੰਡਾਲ ਤਿਆਰ ਹੋਣਾ ਹੈ, ਉਸ ਦੀ ਰਕਮ ਬਚਾ ਕੇ ਧਰਮ ਪ੍ਰਚਾਰ ਦੇ ਕਾਰਜਾਂ 'ਤੇ ਖਰਚ ਕੀਤੀ ਜਾਵੇ। ਕੈਬਨਿਟ ਮੰਤਰੀ ਸ੍ਰੀ ਰੰਧਾਵਾ ਨੇ ਆਖਿਆ ਕਿ ਮੁੱਖ ਮੰਤਰੀ ਚਾਹੁੰਦੇ ਹਨ ਕਿ ਇਹ ਸਮਾਗਮ ਸਮੁੱਚੀ ਕੌਮ ਇਕਜੁੱਟ ਹੋ ਕੇ ਮਨਾਵੇ।

### ਸ਼੍ਰੋਮਣੀ ਕਮੇਟੀ ਨੂੰ ਅਕਾਲ ਤਖ਼ਤ ਦਾ ਫ਼ੈਸਲਾ ਪ੍ਰਵਾਨ ਹੋਵੇਗਾ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਸ਼੍ਰੋਮਣੀ ਕਮੇਟੀ ਨੂੰ ਪ੍ਰਵਾਨ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਜਾ ਰਹੇ ਪੰਡਾਲ ਬਾਰੇ ਉਨ੍ਹਾਂ ਆਖਿਆ ਕਿ ਇਸ ਵਿਚ ਲਗਭਗ ਇਕ ਹਫ਼ਤਾ ਸਮਾਗਮ ਚੱਲਣੇ ਹਨ, ਇਸ ਲਈ ਪੰਡਾਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਹ ਸਮਾਗਮ ਸ਼੍ਰੋਮਣੀ ਕਮੇਟੀ ਦੇ ਪੰਡਾਲ ਵਿਚ ਹੀ ਕੀਤਾ ਜਾਵੇ।

### ਸਰਕਾਰੀ ਮਾਮਲੇ ਅਕਾਲ ਤਖ਼ਤ ਦੇ ਅਧਿਕਾਰ ਹੇਠ ਨਹੀਂ: ਬਾਗੜੀਆਂ

ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਆਖਿਆ ਕਿ ਕਾਂਗਰਸ ਤੇ ਪੰਜਾਬ ਸਰਕਾਰ ਨਾਲ ਸਬੰਧਤ ਮਾਮਲਿਆਂ ਨੂੰ ਵਿਚਾਰਨਾ ਅਕਾਲ ਤਖ਼ਤ ਦੇ ਅਧਿਕਾਰ ਖੇਤਰ ਹੇਠ ਨਹੀਂ ਆਉਂਦਾ ਹੈ। ਇਸ ਲਈ ਮੁੱਖ ਮੰਤਰੀ ਵੱਲੋਂ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਫ਼ੈਸਲਾ ਲੈਣ ਦੇ ਹੱਕ ਬਾਰੇ ਅਕਾਲ ਤਖ਼ਤ ਵੱਲੋਂ ਇਸ ਮਾਮਲੇ ਨੂੰ ਵਿਚਾਰਨਾ ਸਿਧਾਂਤ ਦੇ ਅਨੁਕੂਲ ਨਹੀਂ ਹੋਵੇਗਾ।

## ਝੂਠੇ ਪੁਲਿਸ ਮੁਕਾਬਲੇ : ਪੁਲਿਸ ਦੇ 120 ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਹੋ ਸਕਦੀਆਂ ਨੇ ਸਖ਼ਤ ਸਜ਼ਾਵਾਂ

**ਚੰਡੀਗੜ੍ਹ/ਏ.ਟੀ. ਨਿਊਜ਼** ਖਾੜਕੂਵਾਦ ਦੇ ਦੌਰ ਵਿਚ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਉਣ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਕੇਸਾਂ ਵਿਚ ਪੰਜਾਬ ਪੁਲੀਸ ਦੇ 120 ਅਫ਼ਸਰ/ਮੁਲਾਜ਼ਮਾਂ 'ਤੇ ਸਖ਼ਤ ਸਜ਼ਾਵਾਂ ਹੋਣ ਦੀ ਤਲਵਾਰ ਲਟਕ ਰਹੀ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਤਿੰਨ ਪੰਨਿਆਂ ਦੀ ਜੋ ਚਿੱਠੀ ਲਿਖੀ ਗਈ ਹੈ ਉਸ ਮੁਤਾਬਕ ਮੋਹਾਲੀ ਸਥਿਤ ਸੀਬੀਆਈ ਦੀ ਵਿਸ਼ੇਸ਼ ਅਦਾਲਤਾਂ ਵਿੱਚ 31 ਅਜਿਹੇ ਮਾਮਲਿਆਂ ਦੀ ਸੁਣਵਾਈ ਚੱਲ ਰਹੀ ਹੈ। ਇਨ੍ਹਾਂ ਮਾਮਲਿਆਂ ਵਿੱਚ 120 ਅਫ਼ਸਰ ਤੇ ਮੁਲਾਜ਼ਮ ਨਾਮਜ਼ਦ ਹਨ ਜਿਨ੍ਹਾਂ ਨੂੰ ਸਜ਼ਾਵਾਂ ਹੋਣ ਦੇ ਆਸਾਰ ਹਨ। ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਆਉਣ ਵਾਲੇ ਕੁੱਝ ਮਹੀਨਿਆਂ ਦੌਰਾਨ ਹੀ **ਬਾਕੀ ਸਫ਼ਾ 32 'ਤੇ**

# ਬੰਦੀ ਸਿੰਘਾਂ ਦੀ ਰਿਹਾਈ ਲਈ 21 ਮੈਂਬਰੀ ਕਮੇਟੀ ਬਣਾਈ

## ਕਮੇਟੀ ਰਾਸ਼ਟਰਪਤੀ ਅਤੇ ਪੰਜਾਬ ਦੇ ਗਵਰਨਰ ਤੋਂ ਪ੍ਰਕਾਸ਼ ਪੁਰਬ ਮੌਕੇ ਕਰੇਗੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ

**ਬਠਿੰਡਾ/ਏ.ਟੀ. ਨਿਊਜ਼ :** ਕੇਂਦਰ ਸਰਕਾਰ ਨੇ ਭਾਵੇਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਿਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਦੂਜੇ ਪਾਸੇ ਬਾਕੀ ਰਹਿੰਦੇ ਬੰਦੀ ਸਿੰਘਾਂ ਦੀ ਮੁਕੰਮਲ ਰਿਹਾਈ ਤੇ ਆਮ ਮੁਆਫ਼ੀ ਲਈ ਸਰਬੱਤ ਖਾਲਸਾ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਇੱਕ ਵਾਰ ਫਿਰ ਸੰਘਰਸ਼ ਦੀ ਰੂਪ ਰੇਖਾ ਉਲੀਕ ਦਿੱਤੀ ਗਈ ਹੈ। ਜਥੇਦਾਰ ਮੰਡ ਨੇ ਦੱਸਿਆ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਦਿਆ ਸਿੰਘ ਲਾਹੌਰੀਆ (ਤਿੰਨੇ ਤਿਹਾੜ ਜੇਲ੍ਹ),






ਪਰਮਜੀਤ ਸਿੰਘ ਭਿਓਰਾ (ਬੁੜੈਲ ਜੇਲ੍ਹ) ਸੁਰਿੰਦਰ ਸਿੰਘ ਛਿੰਦਾ, ਮੁਰਾਦਾਬਾਦ, ਉੱਤਰ ਪ੍ਰਦੇਸ਼ ਸਤਨਾਮ ਸਿੰਘ, ਦਿਆਲ ਸਿੰਘ, ਸੁੱਚਾ ਸਿੰਘ (ਮੁਰਾਦਾਬਾਦ ਜੇਲ੍ਹ, ਉੱਤਰ ਪ੍ਰਦੇਸ਼) ਤੇ ਹਰਨੇਕ ਸਿੰਘ ਭੱਪ (ਜੈਪੁਰ ਜੇਲ੍ਹ) ਸਮੇਤ ਬਾਕੀ ਰਹਿੰਦੇ ਸਿੰਘਾਂ ਦੀ ਰਿਹਾਈ ਲਈ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਕਮੇਟੀ ਵੱਲੋਂ ਰਾਸ਼ਟਰਪਤੀ ਅਤੇ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਜਾਵੇਗੀ। ਜਥੇਦਾਰ ਮੰਡ ਅਨੁਸਾਰ **ਬਾਕੀ ਸਫ਼ਾ 32 'ਤੇ**


















# ਸੰਘ ਪਰਿਵਾਰ ਦੇ ਹਿੰਦੂ ਰਾਸ਼ਟਰ ਤੇ ਹਿੰਦੂਤਵ ਦੇ ਵਿਰੁੱਧ ਡਟੇ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ

- **ਭਾਰਤ ਦੇ ਮੁਸਲਿਮ ਦੁਨੀਆ ਵਿਚ ਸਭ ਤੋਂ ਵੱਧ ਸੁਖੀ: ਮੋਹਨ ਭਾਗਵਤ**
- **ਅਕਾਲ ਤਖ਼ਤ ਦੇ ਜਥੇਦਾਰ ਨੇ ਕਿਹਾ ਕਿ ਆਰਐੱਸਐੱਸ ’ਤੇ ਤੁਰੰਤ ਲੱਗੇ ਰੋਕ**

**ਚੰਡੀਗੜ੍ਹ/ਏ.ਟੀ. ਨਿਊਜ਼ :** ਮੋਹਨ ਭਾਗਵਤ ਦੇ ਬੀਤੇ ਦਿਨੀਂ ਆਪਣੇ ਭਾਸ਼ਨ ਦੌਰਾਨ ਹਿੰਦੂ ਰਾਸ਼ਟਰਵਾਦ ਦੇ ਹੱਕ ਵਿਚ ਬੋਲਦਿਆਂ ਤੇ ਸਿੱਖ ਕੌਮ ਨੂੰ ਹਿੰਦੂਤਵ ਦਾ ਅੰਗ ਦਸਦਿਆਂ ਕਿਹਾ ਕਿ ਭਾਰਤ ਹਿੰਦੂ ਰਾਸ਼ਟਰ ਹੈ ਤੇ ਇਥੋਂ ਦਾ ਹਰੇਕ ਨਿਵਾਸੀ ਚਾਹੇ ਸਿੱਖ ਹੈ ਜਾਂ ਬੋਧੀ ਹੈ, ਸਭ ਹਿੰਦੂਤਵ ਦਾ ਅੰਗ ਹਨ। ਜੋ ਹਿੰਦੂਤਵ ਦਾ ਅੰਗ ਨਹੀਂ, ਉਹ ਇਸਾਈ ਤੇ ਇਸਲਾਮ ਹੈ। ਇਹ ਭਾਰਤ ਦੇਸ ਦਾ ਹਿੱਸਾ ਨਹੀਂ ਹਨ। ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਭਾਰਤ ਦੀ ‘ਵਿਭਿੰਨਤਾ ਵਿਚ ਏਕਤਾ’ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਥੋਂ ਦੇ ਲੋਕ ਵੱਖੋ-ਵੱਖਰੇ ਸਭਿਆਚਾਰ, ਭਾਸ਼ਾ ਤੇ ਭੂਗੋਲਕ ਸਥਾਨਾਂ ਦੇ ਬਾਵਜੂਦ ਖ਼ੁਦ ਨੂੰ ਹਿੰਦੂਤਵ ਦਾ ਅੰਗ ਮੰਨਦੇ ਹਨ। ਇਸ ਅਦੁੱਤੀ ਅਹਿਸਾਸ ਕਾਰਨ ਮੁਸਲਿਮ, ਪਾਰਸੀ ਜਾਂ ਹੋਰ ਧਰਮਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕ ਖ਼ੁਦ ਨੂੰ ਇੱਥੇ ਸੁਰੱਖਿਅਤ ਸਮਝਦੇ ਹਨ।

ਸਿੱਖ ਚਿੰਤਕ ਗੁਰਤੇਜ ਸਿੰਘ ਤੇ ਗੁਰਦਰਸ਼ਨ ਸਿੰਘ ਢਿੱਲੋਂ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਫ਼ਲਸਫ਼ਾ ਕਿਉਂਕਿ ੴ ਦੀ ਸ਼ਕਤੀ ਵਿਚੋਂ ਨਿਕਲਿਆ ਹੈ, ਸਿੱਖਾਂ ਨੂੰ ਕਿਸੇ ਨਾਲ ਦੁਸ਼ਮਣੀ ਨਹੀਂ ਹੋ ਸਕਦੀ ਨਾ ਇਹ ਕੌਮ ਕਿਸੇ ਰਾਸ਼ਟਰਵਾਦੀ ਸੰਕਲਪ ਦੇ ਅਧੀਨ ਹੈ। ਗੁਰੂ ਨਾਨਕ ਸਾਹਿਬ ਨੇ ਇਸ ਦਾ ਵਰਤਾਰਾ ਵਿਸ਼ਵ ਪੱਧਰੀ ਘੜਿਆ ਹੈ ਤੇ ਅਰਦਾਸ ਵਿਚ ਵੀ



ਉਹ ਸਰਬੱਤ ਦੇ ਭਲੇ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਇਹ ਕਸ਼ਮੀਰੀ ਹਿੰਦੂਆਂ ਦੀ ਮਦਦ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਅਗਵਾਈ ਵਿਚ ਨਿਤਰੀ ਸੀ ਅਤੇ ਹੁਣ ਨਿਤਾਣੇ ਕਸ਼ਮੀਰੀ ਮੁਸਲਮਾਨਾਂ ਦੀ ਆਵਾਜ਼ ਬਣ ਕੇ ਵਿਸ਼ਵ ਵਿਚ ਛਾਈ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖਾਂ ਦੀ ਆਪਣੀ ਪਛਾਣ ਹੈ ਦਿਖ ਤਕ ਸੀਮਤ ਨਹੀਂ ਹੈ, ਸਗੋਂ ਇਸ ਦੀ ਪਛਾਣ ਵਿਚਾਰਧਾਰਕ ਹੈ, ਜੋ ਹਰੇਕ ਕੌਮ ਤੋਂ ਵਿਲੱਖਣ ਤੇ ਸਰਬੱਤ ਦੇ ਭਲੇ ਤੇ ਮਨੁੱਖੀ ਅਜ਼ਾਦੀ ਦੇ ਹੱਕ ਵਿਚ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਅਜ਼ਾਦੀ ਵਿਚ ਵਿਸ਼ੇਸ਼ ਯੋਗਦਾਨ ਹੈ। ਇਹ ਕੁਰਬਾਨੀਆਂ ਸਿੱਖਾਂ ਨੇ ਸਾਂਝਾ ਦੇਸ ਤੇ ਸਾਂਝਾ ਸਮਾਜ ਸਿਰਜਣ ਲਈ ਕੀਤੀਆਂ ਸਨ ਨਾ ਕਿ ਸੰਘ ਪਰਿਵਾਰ ਦਾ ਹਿੰਦੂ ਰਾਸ਼ਟਰਵਾਦ ਲਈ। ਉਨ੍ਹਾਂ ਇਹ ਵੀ ਕਿਹਾ ਕਿ ਬਾਦਲ ਅਕਾਲੀ ਦਲ ਨੇ ਸਿੱਖਾਂ ਦੀ ਰਾਖੀ ਕਰਨੀ ਛੱਡ ਦਿੱਤੀ ਹੈ ਤੇ ਉਹ ਗੁਰੂ ਨਾਨਕ ਦੇ ਫਲਸਫੇ ਨੂੰ ਤਿਆਗ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ’ਤੇ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਭਾਰਤ ਅੰਦਰ ਵੱਸਣ ਵਾਲੇ ਹਰ ਧਰਮ ਦੇ ਲੋਕਾਂ ਨੂੰ ਮੁਕੰਮਲ ਅਜ਼ਾਦੀ ਦਿੰਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਆਰਐਸਐਸ ਮੁਖੀ ਜਾਣਬੁੱਝ ਕੇ ਦੇਸ਼ ਦੇ ਸੰਵਿਧਾਨ ਨੂੰ ਅੱਖੋ-ਉਹਲੇ ਕਰਕੇ ਹਿੰਦੂ ਰਾਸ਼ਟਰ ਦਾ ਏਜੰਡਾ ਦੇਸ਼ ’ਤੇ ਠੋਸ ਰਿਹਾ ਹੈ। ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸੰਘ ਮੁਖੀ ਦੇ ਬਿਆਨ ਦੀ ਨਿਖੇਧੀ ਕੀਤੀ ਹੈ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਰ.ਐੱਸ.ਐੱਸ ਨੂੰ ਇਕੱਲੇ ਸਿੱਖਾਂ ਲਈ ਹੀ ਨਹੀਂ ਬਲਕਿ ਭਾਰਤ ਅੰਦਰ ਘੱਟ ਗਿਣਤੀ ਵਿਚ ਰਹਿ ਰਹੇ ਸਮੂਹ ਭਾਈਚਾਰਿਆਂ ਦੇ ਲੋਕਾਂ ਲਈ ਵੱਡਾ ਖਤਰਾ ਕਰਾਰ ਦਿੰਦਿਆਂ ਕਿਹਾ ਕਿ ਆਰਐੱਸਐੱਸ ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰਨਾ ਹਿੰਦੁਸਤਾਨ ਲਈ ਬਹੁਤ ਘਾਤਕ ਸਿੱਧ ਹੋਵੇਗਾ। ਜਥੇਦਾਰ ਨੇ ਕਿਹਾ ਕਿ ਆਰ.ਐੱਸ.ਐੱਸ ਵਰਗੀ ਜਥੇਬੰਦੀ ਉੱਤੇ ਤੁਰੰਤ ਰੋਕ ਲਗਾਉਣੀ ਚਾਹੀਦੀ ਹੈ ਤੇ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰਨਾ ਸਮਾਜ ਲਈ ਬਹੁਤ ਜ਼ਿਆਦਾ ਮੰਦਭਾਗਾ ਤੇ ਘਾਤਕ ਸਿੱਧ ਹੋਵੇਗਾ।

# Legal Document Preparation

- Immigration ਇੰਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੈਵਿਟ
- Grant Deeds ਗਰਾਂਟ ਡੀਡਜ਼



Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536
and 39803 Paseo Padre Pkwy,
Suite A, Fremont, CA 94538
Paralegal and Regd. & Bonded LDA# 154, Alameda County


# ਪ੍ਰਕਾਸ਼ ਪੁਰਬ: 2500 ਸਿੱਖ ਸ਼ਰਧਾਲੂ ਪਾਕਿਸਤਾਨ ਜਾਣਗੇ

**ਅੰਮ੍ਰਿਤਸਰ/ਏ.ਟੀ. ਨਿਊਜ਼ :**

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਭਾਰਤ ਤੋਂ ਜਾਣ ਵਾਲੇ ਲਗਭਗ 2500 ਸਿੱਖ ਸ਼ਰਧਾਲੂਆਂ ਨੂੰ ਇਸ ਸਬੰਧੀ ਉਦਘਾਟਨ ਸਮਾਗਮ ਵਿਚ ਸ਼ਾਮਲ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਵਕਫ ਬੋਰਡ ਵਲੋਂ ਭੇਜੇ ਇਸ ਪ੍ਰੋਗਰਾਮ ਤਹਿਤ ਪੰਜ ਨਵੰਬਰ ਨੂੰ ਸਿੱਖ ਸ਼ਰਧਾਲੂਆਂ ਦੇ ਜਥੇ ਰੇਲ ਤੇ ਸੜਕ ਮਾਰਗ ਰਾਹੀਂ ਭਾਰਤ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਲਈ ਰਵਾਨਾ ਹੋਣਗੇ। ਇਸ ਦੌਰਾਨ ਪੰਜ ਤੇ ਛੇ ਨਵੰਬਰ ਨੂੰ ਸ਼ਰਧਾਲੂ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਰਹਿਣਗੇ। ਲਗਪਗ 2500 ਸਿੱਖ ਸ਼ਰਧਾਲੂਆਂ ਨੂੰ 7 ਨਵੰਬਰ ਨੂੰ ਬੱਸਾਂ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਵੇਗਾ। ਇਹ ਸ਼ਰਧਾਲੂ 9 ਨਵੰਬਰ ਨੂੰ ਉਦਘਾਟਨੀ ਸਮਾਗਮ ਮਗਰੋਂ ਮੁੜ ਨਨਕਾਣਾ ਸਾਹਿਬ ਪਰਤਣਗੇ ਜਿੱਥੇ ਦਸ ਨਵੰਬਰ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਲਈ ਅਖੰਡ ਪਾਠ ਅਰੰਭ ਹੋਵੇਗਾ ਅਤੇ 12 ਨਵੰਬਰ ਨੂੰ ਭੋਗ ਪਾਏ ਜਾਣਗੇ ਤੇ ਨਗਰ ਕੀਰਤਨ ਵੀ ਸਜਾਇਆ ਜਾਵੇਗਾ। ਇਹ ਸ਼ਰਧਾਲੂ 13 ਨਵੰਬਰ ਨੂੰ ਵਾਪਸ ਭਾਰਤ ਪਰਤ ਆਉਣਗੇ। ਇਸੇ ਤਰ੍ਹਾਂ 6 ਨਵੰਬਰ ਨੂੰ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜਥਾ 14 ਨਵੰਬਰ ਨੂੰ ਭਾਰਤ ਵਾਪਸ ਪਰਤੇਗਾ।

ਵਕਫ ਬੋਰਡ ਤੇ ਪੀਜੀਪੀਸੀ ਵਲੋਂ ਬਣਾਏ ਇਸ ਪ੍ਰੋਗਰਾਮ ਵਿਚ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ, ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਦੀ ਯਾਤਰਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਸਿੱਖ ਸ਼ਰਧਾਲੂਆਂ ਦਾ ਜਥਾ ਭੇਜ ਰਹੀ ਜਥੇਬੰਦੀ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਮੁਖੀ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਜਥੇਬੰਦੀ ਨੇ ਲਗਭਗ 580 ਸ਼ਰਧਾਲੂਆਂ ਦੇ ਵੀਜ਼ੇ ਲਈ ਪਾਸਪੋਰਟ ਭੇਜੇ ਹਨ।


BERKSHIRE HATHAWAY Home Services

Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641 7412 Elsie Ave. Sacramento 95828
A member of the franchise system of BHH Affiliates. LLC



# GLOBAL ALLIANZ LAW FIRM LLP

US IMMIGRATION MADE EASY

## ਕਾਨੂੰਨੀ ਸੇਵਾਵਾਂ



- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO

Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਫਰੀਮੌਂਟ ਸਿਟੀ ਵਿਚ ਸੰਦੀਪ ਧਾਲੀਵਾਲ ਦੀ ਯਾਦ ’ਚ ਕੈਂਡਲ ਲਾਈਟ ਵਿਜਲ

## ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਤਜਿੰਦਰ ਧਾਮੀ ਅਤੇ ਆਏ ਲੋਕਾਂ ਦਾ ਕੀਤਾ ਧੰਨਵਾਦ

**ਫਰੀਮੌਂਟ/ਏ.ਟੀ. ਨਿਊਜ਼ :** ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਸੰਦੀਪ ਧਾਲੀਵਾਲ ਦੀ ਯਾਦ ’ਚ ਕੈਂਡਲ ਲਾਈਟ ਵਿਜਲ ਕੀਤੇ ਗਏ। ਸੰਦੀਪ ਧਾਲੀਵਾਲ ਹਿਊਸਟਨ ਸ਼ਹਿਰ ’ਚ ਪੁਲਿਸ ਸ਼ੈਰਿਫ ਸੀ ਤੇ ਪਿਛਲੇ ਦਿਨੀਂ ਇੱਕ ਕ੍ਰਿਮੀਨਲ ਬਿਰਤੀ ਦੇ ਬੰਦੇ ਨੇ ਉਨ੍ਹਾਂ ਨੂੰ ਗੋਲ਼ੀਆਂ ਮਾਰ ਕੇ ਮਾਰ ਦਿੱਤਾ ਸੀ।

ਸਿਟੀ ਵਿੱਚ ਕੰਮ ਕਰਦੇ ਤਜਿੰਦਰ ਧਾਮੀ ਨੇ ਕੈਂਡਲ ਲਾਈਟ ਵਿਜਲ ਵਿਚ ਸਿਟੀ ਦੇ ਅਫਸਰ ਅਤੇ ਲੋਕਲ ਪਾਲੀਟਿਕਸ ਵਿੱਚ ਅਹੁਦੇਦਾਰ ਤੇ ਸਿੱਖ ਕਮਿਊਨਿਟੀ ਦੇ ਪਤਵੰਤੇ ਸੱਜਣ ਸ਼ਾਮਿਲ ਕੀਤੇ। ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਤਜਿੰਦਰ ਧਾਮੀ ਦਾ ਅਤੇ ਆਏ ਹੋਏ ਲੋਕਾਂ ਦਾ ਸੰਦੀਪ ਸਿੰਘ ਦੀ ਯਾਦ ਮਨਾਉਣ ਲਈ ਧੰਨਵਾਦ ਕੀਤਾ।



























# ਤਿੰਨ ਸੁਪਰੀਮ ਕੌਂਸਲ ਮੈਂਬਰ ਉਸਾਰੀ ਰੋਕਣ ਦਾ ਕਾਰਣ ਸੰਗਤ ਨੂੰ ਦੱਸਣ: ਹਰਿੰਦਰਪਾਲ ਸਿੰਘ

## ਸੰਗਤ ਦੇ ਸਹਿਯੋਗ ਨਾਲ ਉਸਾਰੀ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ

**ਫਰੀਮੌਂਟ/ਏ.ਟੀ. ਨਿਊਜ਼ :** ਸਿੱਖ ਪੰਚਾਇਤ ਤੇ ਸੁਪਰੀਮ ਕੌਂਸਲ ਮੈਂਬਰ ਭਾਈ ਹਰਿੰਦਰਪਾਲ ਸਿੰਘ (ਐਚ ਪੀ ਸਿੰਘ) ਨੇ ਬੀਬੀ ਅਰਵਿੰਦਰ ਕੌਰ, ਸੁਪਰੀਮ ਕੌਂਸਲ, ਉਸਾਰੀ ਕਮੇਟੀ ਤੇ ਠੇਕੇਦਾਰਾਂ ਵਿੱਚ ਹੋਈ ਗੱਲ-ਬਾਤ ਦੀਆਂ ਈਮੇਲਾਂ ਪਬਲਿਕ ਕਰ ਦਿੱਤੀਆਂ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਪ੍ਰੋਜੈਕਟ ਦੀ ਸ਼ੁਰੂਆਤ ਹੀ ਬੀਬੀ ਅਰਵਿੰਦਰ ਕੌਰ ਦੀ ਈਮੇਲ ਤੋਂ ਹੁੰਦੀ ਹੈ। ਸਾਰੀਆਂ ਈਮੇਲਾਂ ਤੋਂ ਸਾਫ਼ ਜਾਹਿਰ ਹੁੰਦਾ ਹੈ ਕਿ ਉਸਾਰੀ ਕਮੇਟੀ ਨੇ ਸੁਪਰੀਮ ਕੌਂਸਲ ਅਤੇ ਠੇਕੇਦਾਰ ਵਿਚਕਾਰ ਬਹੁਤ ਪਾਰਦਰਸ਼ੀ ਕੰਮ ਕੀਤਾ ਹੈ। ਐਚ ਪੀ ਸਿੰਘ ਨੇ ਕਿਹਾ ਕਿ ਅੱਧ ਵਿਚਾਲੇ ਪ੍ਰੋਜੈਕਟ ਨਹੀਂ ਰੋਕਿਆ ਜਾਵੇਗਾ। ਉਹਨਾਂ ਨੇ ਕਿਹਾ ਕਿ ਹੁਣ ਤੱਕ ਜੋ ਸਮਾਂ ਤੇ ਪੈਸਾ



ਭਾਈ ਹਰਮਿੰਦਰ ਸਿੰਘ



ਭਾਈ ਕੁਲਜੀਤ ਸਿੰਘ



ਬੀਬੀ ਅਰਵਿੰਦਰ ਕੌਰ

ਲੱਗਿਆ ਹੈ ਉਸਦੀ ਬਰਬਾਦੀ ਦਾ ਕੌਣ ਜ਼ੁੰਮੇਵਾਰ ਹੋਵੇਗਾ? ਉਹਨਾਂ ਨੇ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਨੂੰ ਕਿਹਾ ਜੇ ਕੰਮ ਰੁਕਦਾ ਹੈ ਤਾਂ ਕੀ ਉਹ $37,000 ਗੁਰਦੁਆਰਾ ਸਾਹਿਬ ਜਮ੍ਹਾਂ ਕਰਾਉਣਗੇ? ਯਾਦ ਰਹੇ ਕੁਲਜੀਤ ਸਿੰਘ ਨੇ ਇਹਨਾਂ ਤਿੰਨਾਂ ਵਲੋਂ ਠੇਕੇਦਾਰ ਨੂੰ ਈਮੇਲ ਪਾਕੇ ਉਹਨੂੰ ਕੰਮ ਰੋਕਣ ਨੂੰ ਕਿਹਾ ਹੈ।(ਅਖੀਰਲੀ ਈਮੇਲ ਦੇਖੋ)।

ਇੱਥੇ ਅਸੀਂ ਸੰਗਤ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਗੁਰਦੁਆਰਾ ਸਾਹਿਬ ਦੀ ਲਾਬੀ ਉੱਪਰ ਦੋਵੇਂ ਪਾਸੇ ਏਅਰ ਕੰਡੀਸ਼ਨਿੰਗ ਦਾ ਸਮਾਨ ਲੱਗਾ ਹੈ। ਪਹਿਲੇ ਸਮਿਆਂ ਵਿੱਚ ਉਹ ਬਹੁਤ ਜਗ੍ਹਾ ਘੇਰਦਾ ਸੀ ਪਰ ਅੱਜ-ਕੱਲ੍ਹ ਬਹੁਤ ਛੋਟੇ ਏਅਰ ਕੰਡੀਸ਼ਨਰ ਆ ਗਏ ਹਨ, ਇਸ ਲਈ ਉਹਨਾਂ ਨੂੰ ਪਾਸੇ ਕਰਕੇ ਦੋਹੇਂ ਪਾਸੇ ਦੋ ਵੱਡੇ ਕਮਰੇ ਬਣ ਸਕਦੇ ਹਨ, ਜਿਹੜੇ ਸ੍ਰੀ ਅਖੰਡ ਪਾਠਾਂ ਲਈ, ਛੋਟੇ ਪ੍ਰੋਗਰਾਮਾਂ ਲਈ ਜਾਂ ਵਿਆਹਾਂ ਵੇਲੇ ਲੜਕੀ ਦੇ ਬੈਠਣ ਆਦਿ ਲਈ ਕੰਮ ਆ ਸਕਦੇ ਹਨ। ਐਚ ਪੀ ਸਿੰਘ ਨੇ ਹੈਰਾਨਗੀ ਪ੍ਰਗਟ ਕਰਦੇ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਉਸਾਰੀ ਕਿਉਂ ਰੁਕਾਉਣਾ ਚਾਹੁੰਦੇ ਹਨ? ਜਿਹੜੀ ਚੀਜ਼ ਸੰਗਤ ਦੀ ਸਹੂਲਤ ਲਈ ਬਣ ਰਹੀ ਹੈ, ਉਸ ਵਿੱਚ ਅੱੜਿਕਾ ਕਿਉਂ ਲਾਇਆ ਜਾ ਰਿਹਾ ਹੈ?

ਜੋ ਈਮੇਲਾਂ ਭਾਈ ਐਚ ਪੀ ਸਿੰਘ ਨੇ ਨਸ਼ਰ ਕੀਤੀਆਂ ਹਨ ਉਹਨਾਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਦੋ ਸਾਲ ਤੋਂ ਕੰਮ ਚੱਲ ਰਿਹਾ ਹੈ ਤੇ ਹੁਣ ਤਿੰਨਾਂ ਸੁਪਰੀਮ ਕੌਂਸਲ ਮੈਂਬਰਾਂ ਨੇ ਬਿਨਾ ਠੇਕੇਦਾਰ ਨਾਲ ਗੱਲ ਕੀਤੇ ਆਪਣੀ ਚੌਧਰ ਕਾਇਮ ਰੱਖਣ ਲਈ ਕਿਵੇਂ ਗੁਰੂ-ਘਰ ਦਾ ਨੁਕਸਾਨ ਕੀਤਾ ਹੈ।

## ਬੀਬੀ ਅਰਵਿੰਦਰ ਕੌਰ, ਸੁਪਰੀਮ ਕੌਂਸਲ, ਉਸਾਰੀ ਕਮੇਟੀ ਤੇ ਠੇਕੇਦਾਰਾਂ ਵਿੱਚ ਹੋਈ ਗੱਲ-ਬਾਤ ਦੀਆਂ ਈਮੇਲਾਂ

From: arvinder kaur <akaur1992@yahoo.com>
Date: Fri, May 5, 2017 at 6:02 PM
**Subject: SC Meeting minutes**
To: Jasdev Singh <jasdev973@gmail.com>, Harinder Pal Singh <hpsingh55@gmail.com>, Parminder Sandhu <parminder.sandhu83@gmail.com>, gurinder1_sidhu@yahoo.com

**ਮਈ 5, 2017**
ਬੀਬੀ ਅਰਵਿੰਦਰ ਕੌਰ ਵਲੋਂ ਈਮੇਲ, ਜਿਸ ਵਿਚ ਗੁਰਬੀਰ ਸਿੰਘ ਨੂੰ ਆਰਕੀਟੈਕਟ ਅਤੇ ਫਰੀਮੌਂਟ ਸਿਟੀ ਨਾਲ ਗੱਲ ਕਰਕੇ ਰਿਪੋਰਟ ਦੇਣ ਨੂੰ ਕਿਹਾ ਗਿਆ। ਇਸ ਸਬੰਧੀ ਫੈਸਲਾ ਖ਼ਰਚੇ ਅਤੇ ਕਿੰਨੇ ਸਮੇਂ ਵਿਚ ਪ੍ਰੋਜੈਕਟ ਨੇਪਰੇ ਚੜ੍ਹੇਗਾ ਦਾ ਪਤਾ ਲੱਗਣ ਤੋਂ ਬਾਅਦ ਹੋਵੇਗਾ।

**Project to add staircase and add two rooms above the Darbar Hall lobby – Gurbir Singh Bhullar is working on the architect plan and will present to City office and will get back to SC with this findings. No final decision made on this. Decision is contingent upon financial impact and duration.**

---

**ਅਗਸਤ 4, 2017**
ਫਰੈਡ ਜ਼ਿਆਰਪੌਰ ਨੇ ਦੱਸਿਆ ਕਿ 9 ਅਗਸਤ ਨੂੰ ਫਰੀਮੌਂਟ ਸਿਟੀ ਨਾਲ ਗੁਰਦੁਆਰਾ ਸਾਹਿਬ ਦੇ ਨੁਮਾਇੰਦਿਆਂ ਨਾਲ ਮੀਟਿੰਗ ਰੱਖੀ ਗਈ ਹੈ।

On Fri, Aug 4, 2017 at 3:37 PM, Fred Ziaripour <fzc@hypersurf.com> wrote:
**Hi Gurbir,**
**I have scheduled a meeting between Temple's representative , myself, you, and the City of Fremont Building Department on Wednesday, August 9, at 11 AM. The meeting is arranged by Jackie Hall, Permit Center Manager, and there will be people from Planning, Building, and Fire Department. Please let the Temple officials know.**
**Fred Ziaripour, P.E.**

---

**ਅਗਸਤ 14, 2017**
ਗੁਰਬੀਰ ਸਿੰਘ ਨੇ ਸੁਪਰੀਮ ਕੌਂਸਲ ਨੂੰ ਈਮੇਲ ਭੇਜੀ ਜਿਸ ਵਿਚ ਬੀਬੀ ਅਰਵਿੰਦਰ ਕੌਰ ਸ਼ਾਮਲ ਹੈ, ਵਿਚ 9 ਅਗਸਤ ਵਾਲੀ ਮੀਟਿੰਗ ਦਾ ਹਵਾਲਾ ਦੇ ਕੇ ਸਿਟੀ ਨਾਲ ਹੋਈ ਗੱਲਬਾਤ ਬਾਰੇ ਦੱਸਿਆ।

From: Gurbir bhullar
To: Fred Ziaripour ; Harinder Singh ; Arvinder Kaur ; Jasdev Singh ; Kashmir Shahi ; Parminder Sandhu
Sent: Monday, August 14, 2017 9:49 AM
Subject: Re: Gurdwara Temple
**All, Based on the meeting we had with city last Wednesday, City is okay without having two exits if there will be no more than 10 people in each storage room.Which means no bridge between two rooms and no out side stairs. Please let Fred know if he can move forward with this approach. Also I would recommend to bring both bathrooms on downstairs to the current codes. Fred Can do the design and include in the same package what we go to city for permit. Fred Let us know what will be the extra cost for the design on both bathrooms?**
**Thanks, Gurbir**

---

**ਅਗਸਤ 15, 2017**
**ਫਰੈਡ ਈਮੇਲ ਕਰਕੇ ਦੱਸਦਾ ਹੈ ਕਿ ਪ੍ਰੋਜੈਕਟ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।**

From: Fred Ziaripour <fzc@hypersurf.com>
Date: Tue, Aug 15, 2017 at 12:50 PM
Subject: Re: Gurdwara Temple
To: Gurbir bhullar <bgurbir@gmail.com>
**Hi Gurbir,**
**My proposal is based on time and materials. We will do the restrooms instead of the bridge and exit stairs. Right now, I would like to get an authorization to proceed. I do not expect any change in the proposal amount. I look forward to working with you on this.**
**Sincerely, Fred Ziaripour, P.E.**

ਇਸੇ ਹੀ ਦਿਨ ਗੁਰਬੀਰ ਸਿੰਘ ਸੁਪਰੀਮ ਕੌਂਸਲ ਨੂੰ ਫਰੈਡ ਵਲੋਂ ਆਈ ਈਮੇਲ ਭੇਜ ਕੇ ਦੰਸਦਾ ਹੈ ਕਿ ਪ੍ਰੋਜੈਕਟ ਸ਼ੁਰੂ ਕਰਨ ਦੀ ਇਜ਼ਾਜ਼ਤ ਦਿੱਤੀ ਜਾਵੇ।

**On Tue, Aug 15, 2017 at 5:18 PM,**
**Gurbir bhullar <bgurbir@gmail.com> wrote:**
**See below email from Fred. He needs an email or purchase order number to proceed on this project.**
**Thanks, Gurbir**

---

**ਸਤੰਬਰ 8, 2017**
ਸੁਪਰੀਮ ਕੌਂਸਲ ਮੈਂਬਰ ਜਸਦੇਵ ਸਿੰਘ ਵਲੋਂ ਗੁਰਬੀਰ ਸਿੰਘ ਨੂੰ ਈਮੇਲ, ਜਿਸ ਵਿਚ ਖ਼ਰਚੇ ਬਾਰੇ ਜਾਣਕਾਰੀ ਮੰਗੀ ਗਈ ਹੈ।

On Fri, Sep 8, 2017 at 8:03 AM, Jasdev Singh <jasdev973@gmail.com> wrote:
Bhullar Sahib,
When can we have the estimate for moving the HVAC equipment for this project ?
Waheguru Ji Ka Khalsa, Waheguru Ji Ki Fateh.
Daas, Jasdev Singh

---

**ਸਤੰਬਰ 13, 2017**
ਗੁਰਬੀਰ ਸਿੰਘ ਨੇ ਦੱਸਿਆ ਕਿ ਅੱਜ ਮਕੈਨੀਕਲ ਇੰਜੀਨੀਅਰ ਆ ਰਿਹਾ ਹੈ।

On Wednesday, September 13, 2017, 5:13 PM, Gurbir bhullar <bgurbir@gmail.com> wrote:
I have mechanical contractor coming at 7PM today to look at the systems.
Thanks, Gurbir

---

**ਅਕਤੂਬਰ 11, 2017**
ਗੁਰਬੀਰ ਸਿੰਘ ਪ੍ਰੋਜੈਕਟ ਸ਼ੁਰੂ ਕਰਨ ਦੀ ਬੇਨਤੀ ਕਰਦਾ ਹੈ ਤੇ ਦੱਸਦਾ ਹੈ ਕਿ ਤਕਰੀਬਨ 3 ਲੱਖ ਡਾਲਰ ਦਾ ਖਰਚਾ ਹੈ।

**On Oct 11, 2017, at 8:43 AM, Gurbir bhullar <bgurbir@gmail.com> wrote:**
**Bhaji, My recommendation is to move forward with design and get the permit . Once we get the permit we will bid out for construction cost. The scope of the project will be to demo the duct work, put the HVAC units horizontally and hang them from ceiling. We might have to buy new units. Redo the duct work . Install T-bar ceiling and new stairs through the office area. lets start with 300 K as a budget price for this project. Inc case we go over we can do the construction in phases . We can have one side done first and then the other side. If you are okay with this approach, I will set up a meeting with architectural , structural, electrical and mechanical designer.**
**Thanks, Gurbir**

---

**ਦਸੰਬਰ 02, 2017**
ਜਸਦੇਵ ਸਿੰਘ ਸੁਪਰੀਮ ਕੌਂਸਲ ਵਲੋਂ ਪ੍ਰੋਜੈਕਟ ਸ਼ੁਰੂ ਕਰਨ ਦੀ ਇਜ਼ਾਜ਼ਤ ਦੇਣ ਦੀ ਈਮੇਲ।

From: <jasdev973@gmail.com>
Date: Sat, Dec 2, 2017 at 6:49 PM
Subject: Re: Equipment Movement Effort
To: Gurbir bhullar <bgurbir@gmail.com>
Cc: Harinder Singh <hpsingh55@gmail.com>, Arvinder Kaur <akaur1992@yahoo.com>, Kashmir Shahi<kashmir@insightvaluation.com>, Parminder Sandhu <parmindersandhu83@gmail.com>
**Please go ahead**

---

**ਦਸੰਬਰ 04, 2017**
ਗੁਰਬੀਰ ਸਿੰਘ ਫਰੈਡ ਨੂੰ ਸੁਪਰੀਮ ਕੌਂਸਲ ਵਲੋਂ ਦਿੱਤੀ ਪ੍ਰਵਾਨਗੀ ਬਾਰੇ ਦੱਸਦਾ ਹੈ ਅਤੇ ਉਸ ਨੂੰ ਡਿਜ਼ਾਈਨ ਦਾ ਕੰਮ ਸ਼ੁਰੂ ਕਰਨ ਨੂੰ ਕਹਿੰਦਾ ਹੈ।

From: Gurbir bhullar
To: Fred Ziaripour ; Harinder Singh ; Arvinder Kaur ; Jasdev Singh ; Kashmir Shahi ; Parminder Sandhu
Sent: Monday, December 04, 2017 8:49 AM
Subject: Fwd: Equipment Movement Effort
Fred, The temple project for the storage conversion is moving forward. Let me know your availability this week so we can kick start the project. You are authorized to start working on the design.I need your CAD backgrounds for my mechanical and electrical work.
Thanks, Gurbir

---

**ਜੁਲਾਈ 28, 2018**
ਉਸਾਰੀ ਕਮੇਟੀ ਸੁਪਰੀਮ ਕੌਂਸਲ ਨੂੰ ਸਮੇਂ ਸਮੇਂ ਪ੍ਰੋਗਰੈਸ ਰਿਪੋਰਟ ਦਿੰਦੀ ਰਹੀ ਅਤੇ ਉਹਨਾਂ ਨੇ ਜੁਲਾਈ 28, 2018 ਨੂੰ ਮਤਾ ਪਾ ਕੇ ਪ੍ਰੋਜੈਕਟ ਨੂੰ ਪਾਸ ਕੀਤਾ। ਇਹ ਬੀਬੀ ਜੀ ਵਲੋਂ ਲਿਖਿਆ ਮਤਾ ਹੈ ਜਿਸ ਨੂੰ ਇਹ ਕਹਿੰਦੇ ਹਨ ਕਿ ਸਿਰਫ਼ ਵਿਚਾਰ ਵਟਾਂਦਰਾ ਹੀ ਹੋਇਆ ਸੀ। ਬੀਬੀ ਜੀ ਸ਼ਾਇਦ ਭੁੱਲ ਗਏ ਹਨ ਅਤੇ ਹੁਣ ਉਪਰਲੀਆਂ ਈਮੇਲਾਂ ਦੇਖ ਕੇ ਸ਼ਾਇਦ ਉਹਨਾਂ ਨੂੰ ਯਾਦ ਆ ਜਾਵੇ ਅਤੇ ਉਹ ਮੰਨ ਜਾਣ ਕਿ ਇਹ ਮਤਾ ਪ੍ਰਵਾਨਗੀ ਦਾ ਹੀ ਸੀ।


7/28/18 SC meeting ①
- Construction update
- need teacher training for school
- Construction team
- HVAC Equipment & multipurpose room project - budget 3-4 lakh timing 6-9 months
- Dilbagh Singh Wala house
- will give 3 months notice when approved
- Harminder Singh will follow up -

---

**ਜਨਵਰੀ 22, 2019**
ਪੂਰੇ 6 ਮਹੀਨੇ ਸਿਟੀ ਨਾਲ ਮਿਹਨਤ ਕਰਕੇ ਪਰਮਿਟ ਮਿਲਦਾ ਹੈ। ਜਿਸ ਉਪਰ 37000 ਡਾਲਰ ਦਾ ਖ਼ਰਚਾ ਹੁੰਦਾ ਹੈ।



ਪਰਮਿਟ ਦੀ ਕਾਪੀ

---

**ਸਤੰਬਰ 27, 2019**
ਇਸ ਤੋਂ ਬਾਅਦ ਠੇਕਾ ਦੇਣ ਦੀ ਕਾਰਵਾਈ ਚੱਲਦੀ ਹੈ ਤੇ 27 ਸਤੰਬਰ ਨੂੰ ਗੁਰਬੀਰ ਦੱਸਦਾ ਹੈ ਕਿ 11 ਸਤੰਬਰ ਦੇ ਫ਼ੈਸਲੇ ਮੁਤਾਬਕ ਠੇਕਾ Pacific North Star Mechanical ਨੂੰ ਦਿੱਤਾ ਜਾਂਦਾ। ਇਸ ਈਮੇਲ ਦੀ ਕਾਪੀ ਗੁਰਚਰਨ ਮਾਨ ਨੂੰ ਵੀ ਕੀਤੀ ਜਾਂਦੀ ਹੈ।

From: Gurbir bhullar <bgurbir@gmail.com>
Date: Fri, Sep 27, 2019 at 3:13 PM
Subject: HVAC replacement and Loft remodel project
at Fremont Gurdwara Sahib
To: Harinder Singh <hpsingh55@gmail.com>, Gurbir bhullar <bgurbir@gmail.com>, Amritpal Sra <amritsra2002@gmail.com>, Jaswinder Gill <jaswindergill@comcast.net>, Devinder Chana <devinderchana@sbcglobal.net>, Gurcharan Mann <gsmann90@hotmail.com>, <kuldeepsingh@sbcglobal.net>, Sakoon Restaurants Inc <balkar222@gmail.com>

All, Just an update. Based on the decision made on 09/11/2019 construction committee meeting , We are staying with the decision of finalizing the contract of HVAC scope with Pacific North Star Mechanical Inc because the HVAC company suggested by Bhaji Balkar singh did not bid on the project. So, we are moving ahead with mutual decision. Thanks for all the committee members who participated in the meeting.

---

**ਸਤੰਬਰ 28, 2019**
ਕੁਲਜੀਤ ਸਿੰਘ ਦੀ ਈਮੇਲ ਤੋਂ ਇਹਨਾਂ ਤਿੰਨਾਂ ਵੱਲੋਂ ਠੇਕੇਦਾਰ ਨੂੰ ਈਮੇਲ ਜਾਂਦੀ ਹੈ ਕਿ ਬੋਰਡ ਆਫ ਡਾਇਰੈਕਟਰ ਨੇ ਇਹ ਪ੍ਰੋਜੈਕਟ ਪਾਸ ਨਹੀਂ ਕੀਤਾ ਤੇ ਕੋਰਟ ਵਿੱਚ ਇਸ ਪ੍ਰੋਜੈਕਟ ਬਾਰੇ ਕੇਸ ਹੈ। ਸਾਧ ਸੰਗਤ ਉੱਪਰਲੇ ਖ਼ਾਨਿਆਂ ਵਿੱਚ ਆਪ ਹੀ ਦੇਖ ਸਕਦੀ ਹੈ ਕਿ ਪ੍ਰੋਜੈਕਟ ਪਾਸ ਹੋਇਆ ਕਿ ਨਹੀਂ। ਦੂਜਾ ਝੂਠ ਇਸ ਈਮੇਲ ਵਿੱਚ ਇਹ ਮਾਰਿਆ ਗਿਆ ਕਿ ਕੋਰਟ ਵਿੱਚ HVAC ਵੀ ਸ਼ਾਮਿਲ ਹੈ ਜੋ ਠੀਕ ਨਹੀਂ।

On Sep 28, 2019, at 4:07 PM, (null) (null) <kuljitsingh54@yahoo.com> wrote:
Dear Richard Mardesich
President Pacific Northstar Mechanical Inc
Date: September 27, 2019
Gurdwara Sahib Fremont and it's Board of Directors have litigation going on in court. Court case # HG19024582
Majority Board of Directors didn't approve HAVC project. We suggest before you accept the bid, talk to our attorney. attorney phone number is 415-203-8805 name and address Navi Dhillon 101 California st San Francisco email navi.dhillon@bakerbotts.com
**Sincerely,Board of directors , Gurdwara Sahib Fremont**
Kuljit Singh 510 -284 -9580
Harminder Singh 510-715-6799
Arvinder Kaur510-396-0767

# ਸਾਲ ਵਿਚ ਇਕ ਵਾਰ ਕਰਤਾਰਪੁਰ ਦੇ ਦਰਸ਼ਨਾਂ ਲਈ ਜਾ ਸਕਣਗੇ ਸ਼ਰਧਾਲੂ

**ਗੁਰਦਾਸਪੁਰ/ਏ.ਟੀ ਨਿਊਜ਼ :** ਕੇਂਦਰ ਸਰਕਾਰ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਸਬੰਧੀ ਛੇਤੀ ਮਹੱਤਵਪੂਰਨ ਫ਼ੈਸਲਾ ਲੈ ਸਕਦੀ ਹੈ। ਇਸ ਫ਼ੈਸਲੇ ਅਨੁਸਾਰ ਇਕ ਸ਼ਰਧਾਲੂ ਸਾਲ ਵਿਚ ਸਿਰਫ਼ ਇਕ ਵਾਰ ਲਾਂਘੇ ਰਾਹੀਂ ਯਾਤਰਾ ਕਰ ਸਕੇਗਾ। ਇਹ ਜਾਣਕਾਰੀ ਅੱਜ ਲਾਂਘੇ 'ਤੇ ਮੌਜੂਦ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਲਈ ਪਾਸਪੋਰਟ ਜ਼ਰੂਰੀ ਹਨ ਪਰ ਪਾਸਪੋਰਟਾਂ 'ਤੇ ਪਾਕਿਸਤਾਨੀ ਮੋਹਰ ਨਹੀਂ ਲਾਈ ਜਾਵੇਗੀ, ਜਿਸ ਦੀ ਜਾਣਕਾਰੀ ਪਾਕਿਸਤਾਨ ਸਰਕਾਰ ਨੇ ਹਾਲ ਹੀ ਵਿਚ ਭਾਰਤੀ ਅਧਿਕਾਰੀਆਂ ਨੂੰ ਦਿੱਤੀ ਹੈ। ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਹੋਰਨਾਂ ਉੱਚ ਅਧਿਕਾਰੀਆਂ ਨਾਲ ਬੀਤੇ ਦਿਨ ਸਿਫ਼ਰ ਲਾਈਨ 'ਤੇ ਕੀਤੀ ਮੀਟਿੰਗ



ਮਗਰੋਂ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਹੁਣ ਜੇ ਕੋਈ ਲਾਂਘੇ ਦੀ ਵਰਤੋਂ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਵੀਜ਼ੇ ਦੀ ਲੋੜ ਨਹੀਂ ਹੋਏਗੀ।

ਸ੍ਰੀ ਰੰਧਾਵਾ ਨੇ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਇਕ ਸ਼ਰਧਾਲੂ ਨੂੰ ਇਕ ਸਾਲ ਵਿਚ ਇਕ ਵਾਰ ਲਾਂਘੇ ਰਾਹੀਂ ਯਾਤਰਾ ਕਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਲੈਣ ਜਾ ਰਹੀ ਹੈ ਪਰ ਇਸ ਗੱਲ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਕਿ ਸਾਲ ਵਿਚ ਇਕ ਤੋਂ ਵੱਧ ਵਾਰੀ ਲੰਘਣ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਨਿਯਮ ਲਾਂਘੇ ਦੀ ਸ਼ੁਰੂਆਤ ਦੇ ਸਿਰਫ਼ ਪਹਿਲੇ ਸਾਲ ਲਈ ਲਗਾਇਆ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਗ੍ਰਹਿ ਮੰਤਰਾਲੇ ਨੇ ਡੇਰਾ ਬਾਬਾ ਨਾਨਕ ਵਿਚ ਆਉਣ ਵਾਲੀ ਚੈੱਕ ਪੋਸਟ (ਆਈਸੀਪੀ) ਨੂੰ ਅਧਿਕਾਰਤ ਇਮੀਗ੍ਰੇਸ਼ਨ ਚੈੱਕ ਪੋਸਟ ਵਜੋਂ ਮਾਨਤਾ ਦੇ ਦਿੱਤੀ ਹੈ। ਇਸ ਮਗਰੋਂ ਇਹ ਪੋਸਟ ਅਧਿਕਾਰਤ ਤੌਰ 'ਤੇ ਦਾਖ਼ਲ ਹੋਣ ਅਤੇ ਬਾਹਰ ਜਾਣ ਵਾਲਿਆਂ ਲਈ ਐਂਟਰੀ ਅਤੇ ਐਗਜ਼ਿਟ ਪੁਆਇੰਟ ਹੋਵੇਗਾ। ਇਸ ਦੇ ਨਾਲ ਹੀ ਦੋਵਾਂ ਦੇਸ਼ਾਂ ਦਰਮਿਆਨ ਯਾਤਰੀਆਂ ਦੀ ਆਵਾਜਾਈ ਨੂੰ ਸੁਵਿਧਾ ਦੇਣ ਲਈ ਡੇਰਾ ਬਾਬਾ ਨਾਨਕ ਪੰਜਾਬ ਵਿਚ ਅਟਾਰੀ (ਅੰਮ੍ਰਿਤਸਰ) ਤੋਂ ਬਾਅਦ ਹੁਣ ਦੂਜਾ ਸਥਾਨ ਬਣ ਗਿਆ ਹੈ।

# ਇਮਰਾਨ ਖਾਨ ਨੇ ਸ਼ਾਹੀ ਜੋੜੇ ਨਾਲ ਭਾਰਤੀ ਸਬੰਧਾਂ ਬਾਰੇ ਚਰਚਾ ਕੀਤੀ

**ਇਸਲਾਮਾਬਾਦ : ਏ.ਟੀ. ਨਿਊਜ਼ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇੱਥੇ 5 ਦਿਨਾਂ ਦੌਰੇ 'ਤੇ ਆਏ ਇੰਗਲੈਂਡ ਦੇ ਸ਼ਾਹੀ ਪਰਿਵਾਰ ਦੇ ਸ਼ਹਿਜ਼ਾਦੇ ਪ੍ਰਿੰਸ ਵਿਲੀਅਮ ਅਤੇ ਉਨ੍ਹਾਂ ਦੀ ਪਤਨੀ ਕੇਟ ਮਿਡਲਟਨ ਨਾਲ ਦੇਸ਼ ਦੇ ਭਾਰਤ ਨਾਲ ਸਬੰਧਾਂ ਬਾਰੇ ਚਰਚਾ ਕੀਤੀ। ਸ਼ਾਹੀ ਜੋੜੇ ਦਾ ਪਾਕਿਸਤਾਨ ਦੇ ਪਹਿਲੇ ਦੌਰੇ ਦੌਰਾਨ ਸਿਆਸੀ ਨੇਤਾਵਾਂ ਨੇ ਭਾਰਤ ਤੋਂ ਇਲਾਵਾ ਅਫ਼ਗਾਨਿਸਤਾਨ ਨਾਲ ਵੀ ਆਪਣੇ ਰਿਸ਼ਤਿਆਂ ਬਾਰੇ ਜਾਣਕਾਰੀ ਦਿੱਤੀ। ਇਸਲਾਮਾਬਾਦ ਵਿਚ ਬਰਤਾਨਵੀ ਸਫਾਰਤਖਾਨੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਸ਼ਾਹੀ ਜੋੜੇ ਦੇ ਇਸ ਦੌਰੇ ਦਾ ਮਕਸਦ ਪਾਕਿਸਤਾਨ ਦੀ ਸਿਆਸਤ, ਵਿਦਿਆ ਅਤੇ ਸੱਭਿਆਚਾਰ ਬਾਰੇ ਗੱਲਬਾਤ ਕਰਨਾ ਅਤੇ ਜਾਣਕਾਰੀ ਹਾਸਲ ਕਰਨਾ ਹੇ। ਉਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸ਼ਾਹੀ ਪਰਿਵਾਰ ਕੋਲ ਭਾਰਤ ਸਰਕਾਰ ਵਲੋਂ ਸੰਵਿਧਾਨ ਦੀ ਧਾਰਾ 370 ਖਤਮ ਕਰਕੇ ਕਸ਼ਮੀਰੀਆਂ ਦੇ ਬੁਨਿਆਦੀ ਹੱਕ ਖੋਹਣ ਦਾ ਮੁੱਦਾ ਵੀ ਉਠਾਇਆ ਅਤੇ ਪਾਕਿਸਤਾਨ ਸਰਕਾਰ ਦੀਆਂ ਜਮਹੂਰੀ ਤਰਜ਼ੀਹਾਂ ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਅਫ਼ਗਾਨਿਸਤਾਨ ਨਾਲ ਸਬੰਧਾਂ ਬਾਰੇ ਵੀ ਚਰਚਾ ਹੋਈ। ਇੰਗਲੈਂਡ ਦੇ ਸ਼ਹਿਜ਼ਾਦੇ ਪ੍ਰਿੰਸ ਵਿਲੀਅਮ ਨੇ ਕਿਹਾ ਕਿ ਯੂ.ਕੇ. ਲਈ ਪਾਕਿਸਤਾਨ ਇਕ ਅਹਿਮ ਮੁਲਕ ਹੈ।

When tired of all treatments for
any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਮੌਜੂਦਾ ਸੁਪਰੀਮ ਕੌਂਸਲ ਨੂੰ ਲਾਂਭੇ ਕਰਨ ਲਈ ਜਨਰਲ ਬਾਡੀ 24 ਨਵੰਬਰ ਨੂੰ






The President
Management Committee
Gurdwara Sahib Fremont

Sincerely,

(Signature) Print Name Date:

Address:

Phone #: Email:

Gurdwara Membership #

**ਫਰੀਮਾਂਟ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਦਾ ਮਸਲਾ ਗੰਭੀਰ ਹੁੰਦਾ ਜਾ ਰਿਹਾ ਸੀ ਤੇ ਮੌਜੂਦਾ ਸੁਪਰੀਮ ਕੌਂਸਲ ਦੋਫਾੜ ਹੋਣ ਕਰਕੇ ਐਸ.ਪੀ. ਤੇ ਰਾਣੇ ਧੜੇ ਵੱਲੋਂ ਗੁਰਦੁਆਰਾ ਸਾਹਿਬ ਵਿਰੁੱਧ ਨੁਕਸਾਨ ਕਰਣ ਵਾਲ਼ੀਆਂ ਕਾਰਵਾਈਆਂ ਦਿਨੋ ਦਿਨ ਵੱਧ ਰਹੀਆਂ ਸਨ। ਸਾਰੀ ਸਥਿਤੀ ਨੂੰ ਵਾਚਦੇ ਹੋਏ ਸਿੱਖ ਪੰਚਾਇਤ ਨੇ ਸਾਧ ਸੰਗਤ ਨੂੰ ਇਸ ਐਤਵਾਰ ਪਟੀਸ਼ਨ ਤੇ ਸਾਈਨ ਕਰਨ ਨੂੰ ਕਿਹਾ, ਜਿਸ ਵਿੱਚ 24 ਨਵੰਬਰ ਨੂੰ ਮੌਜੂਦਾ ਸੁਪਰੀਮ ਕੌਂਸਲ ਲਾਂਭੇ ਕਰਕੇ 8 ਮਾਰਚ 2020 ਨੂੰ ਹੋਣ ਵਾਲ਼ੀਆਂ ਚੋਣਾਂ ਤੱਕ ਸੰਗਤ ਵਿੱਚੋਂ ਆਰਜ਼ੀ ਸੁਪਰੀਮ ਕੌਂਸਲ ਚੁਣਨ ਦੀ ਤਜ਼ਵੀਜ ਹੈ। ਐਤਵਾਰ ਨੂੰ ਮੇਜ਼ ਲਾਕੇ ਸੰਗਤ ਨੂੰ ਆਪਣੀ ਸਹਿਮਤੀ ਪ੍ਰਗਟ ਕਰਨ ਨੂੰ ਕਿਹਾ ਗਿਆ ਤਾਂ ਸੰਗਤ ਨੇ ਪਹਿਲੇ ਦਿਨ ਹੀ 307 ਦਸਤਖ਼ਤ ਕੀਤੇ। ਸਿੱਖ ਪੰਚਾਇਤ ਦੇ ਭਾਈ ਜਸਦੇਵ ਸਿੰਘ ਨੇ ਜਨਰਲ ਬਾਡੀ ਕਰਾਉਣ ਦੇ ਕਾਰਨਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੌਜੂਦਾ ਸੁਪਰੀਮ ਕੌਂਸਲ ਦੇ ਤਿੰਨ ਮੈਂਬਰਾਂ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਦੇ ਦਿਮਾਗ ਨੂੰ ਏਨੀ ਚੌਧਰ ਚੜ੍ਹ ਗਈ ਹੈ ਕਿ ਦਸਵੇਂ ਪਾਤਿਸ਼ਾਹ ਦੇ 'ਪੰਜ ਪਿਆਰਾ' ਸਿਧਾਂਤ ਵੱਲ ਪਿੱਠ ਕਰਕੇ ਆਪਣੇ ਆਪ ਨੂੰ ਬੋਰਡ ਆਫ ਡਾਇਰੈਕਟਰ ਕਹਿਣ ਲੱਗ ਪਏ ਹਨ। ਕਿਸੇ ਅੰਮ੍ਰਿਤਧਾਰੀ ਲਈ ਇਸ ਤੋਂ ਵੱਧ ਸ਼ਰਮ ਵਾਲੀ ਹੋਰ ਗੱਲ ਕੀ ਹੋ ਸਕਦੀ ਹੈ? ਦੂਜਾ ਕਾਰਨ ਇਹ ਕਿ ਇੱਕ ਪਾਸੇ ਤਾਂ ਇਹ ਸੰਗਤ ਨੂੰ ਗੁੰਮਰਾਹ ਕਰਦੇ ਹੋਏ ਕਹਿੰਦੇ ਹਨ ਕਿ ਭਾਈ ਐਚ ਪੀ ਸਿੰਘ ਹਿਸਾਬ ਨਹੀਂ ਦਿੰਦਾ ਤੇ ਜਦੋਂ ਉਹ ਹਿਸਾਬ ਦੇਣ ਲਈ ਸਟੇਜ ਤੋਂ ਟਾਈਮ ਮੰਗਦੇ ਹਨ ਤਾਂ ਉਨ੍ਹਾਂ ਨੂੰ ਟਾਈਮ ਨਹੀਂ ਦਿੱਤਾ ਜਾਂਦਾ। ਇਸੇ ਤਰ੍ਹਾਂ ਇਨ੍ਹਾਂ ਵੱਲੋਂ ਦੋ ਵਾਰ ਸਿਟੀ ਨੂੰ ਲੰਗਰ ਬਾਰੇ ਕੀਤੀਆਂ ਸ਼ਿਕਾਇਤਾਂ ਜੱਗ ਜਾਹਿਰ ਹੋ ਗਈਆਂ ਹਨ। ਹਰ ਸਾਲ ਅਪ੍ਰੈਲ ਦੇ ਦੂਜੇ ਹਫ਼ਤੇ ਜਨਰਲ ਬਾਡੀ ਹੋਣੀ ਹੁੰਦੀ ਹੈ ਉਹ ਵੀ ਇਨ੍ਹਾਂ ਨੇ ਨਹੀਂ ਹੋਣ ਦਿੱਤੀ। ਇਸ ਕਰਕੇ ਅਸੀਂ ਸੰਗਤ ਦੀ ਸਹਿਮਤੀ ਨਾਲ ਅਪ੍ਰੈਲ ਵਾਲੀ ਜਨਰਲ ਬਾਡੀ 24 ਨਵੰਬਰ ਨੂੰ ਕਰਨ ਦੀ ਮੰਗ ਕੀਤੀ ਹੈ ਤੇ ਜਿਸ ਵਿੱਚ ਵਿੱਤੀ ਖਾਤਿਆਂ ਤੋਂ ਬਿਨਾਂ ਹੋਰ ਮਸਲੇ ਵੀ ਵਿਚਾਰੇ ਜਾ ਸਕਦੇ ਹਨ ਅਤੇ ਉਨ੍ਹਾਂ 'ਤੇ ਫ਼ੈਸਲੇ ਲਏ ਜਾ ਸਕਦੇ ਹਨ। ਨਵੇਂ ਪੰਜ ਸਿੰਘ ਚੁਣਨ ਦੇ ਅਧਿਕਾਰ ਸਾਧ ਸੰਗਤ ਜਾਂ ਮੈਂਬਰਸ਼ਿਪ ਕੋਲ ਹਨ। ਵੈਸੇ ਤਾਂ ਚੋਣਾਂ ਵਿੱਚ ਮੈਂਬਰਸ਼ਿਪ ਹੀ ਪੰਜ ਸਿੰਘ ਚੁਣਦੀ ਹੈ ਪਰ ਗੁਰਦੁਆਰਾ ਬਾਈਲਾਜ ਦੇ ਆਰਟੀਕਲ ਦੋ ਵਿੱਚ ਇਹ ਅਧਿਕਾਰ ਸਾਧ ਸੰਗਤ ਕੋਲ ਵੀ ਹੈ।

ਸਿੱਖ ਪੰਚਾਇਤ ਦੇ ਭਾਈ ਜਸਜੀਤ ਸਿੰਘ ਨੇ ਦੱਸਿਆ ਕਿ ਮਾਰਚ ਵਿੱਚ ਵਕੀਲਾਂ ਦੀ ਹਾਜ਼ਰੀ ਵਿੱਚ ਇਹ ਫੈਸਲਾ ਹੋਇਆ ਸੀ ਕਿ ਇਹੀ ਪੰਜ ਸਿੰਘ ਸਰਬ-ਸੰਮਤੀ ਨਾਲ ਅਗਲੀ ਚੋਣ ਤੱਕ ਕੰਮ ਚਲਾਉਣ ਦੀ ਕੋਸ਼ਿਸ਼ ਕਰਨਗੇ ਤੇ ਇਹੀ ਗੱਲ ਉਸੇ ਐਤਵਾਰ ਸੰਗਤ ਵਿੱਚ ਦੱਸੀ ਵੀ ਗਈ ਸੀ। ਪਰ ਇਹ ਤਿੰਨ ਸੁਪਰੀਮ ਕੌਂਸਲ ਮੈਂਬਰ ਨਿੱਤ ਨਵਾਂ ਮੁੱਦਾ ਖੜ੍ਹਾ ਰੱਖਦੇ ਹਨ ਤੇ ਪਹਿਲੀ ਮੀਟਿੰਗ ਵਿੱਚ ਹੀ ਭਾਈ ਐਚ ਪੀ ਸਿੰਘ ਤੇ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਵਾਕ ਆਊਟ ਕਰਨਾ ਪਿਆ। ਅਸੀਂ ਇਨ੍ਹਾਂ ਤਿੰਨਾਂ ਨੂੰ ਸੁਪਰੀਮ ਕੌਂਸਲ ਵਿੱਚੋਂ ਪਾਸੇ ਕਰਨ ਦੀ ਗੱਲ ਨਹੀਂ ਕਰ ਰਹੇ ਸਗੋਂ ਸਾਰੇ ਪੰਜਾਂ ਨੂੰ ਜਾਣ ਲਈ ਕਹਿ ਰਹੇ ਹਾਂ ਕਿਉਂਕਿ ਸਿੱਖਾਂ ਵਿੱਚ 'ਪੰਜ ਪਿਆਰਿਆਂ' ਦਾ ਸਿਧਾਂਤ ਇੱਕ ਇਕਾਈ ਹੈ, ਪੰਜ ਵਿਅਕਤੀ ਨਹੀਂ। ਇਨ੍ਹਾਂ ਵੱਲੋਂ ਬੋਰਡ ਆਫ ਡਾਇਰੈਕਟਰ ਲਿਖਣਾ ਕਿਸੇ ਸਿੱਖ ਲਈ ਡੁੱਬ ਕੇ ਮਰਨ ਵਾਲੀ ਗੱਲ ਹੈ। ਅਸੀਂ ਕਦੇ ਵੀ ਇਨ੍ਹਾਂ ਵੱਲੋਂ ਲਿਆਂਦਾ ਮੁੱਦਾ ਕਿ ਪੰਜ ਪਿਆਰੇ ਸਰਬ-ਸੰਮਤੀ ਦੀ ਬਜਾਏ ਬਹੁਸੰਮਤੀ ਨਾਲ ਫੈਸਲਾ ਲੈ ਸਕਦੇ ਹਨ, ਮਨਜ਼ੂਰ ਨਹੀਂ ਕੀਤਾ।

## ਸਾਧ ਸੰਗਤ ਸਲੇਟ ਵਲੋਂ ਬੌਬ ਢਿੱਲੋ ਐਂਡ ਕੰਪਨੀ ਦੀ ਮਿਆਦ ਖਤਮ ਹੋਣ ਤੇ ਦਿੱਤਾ ਮੈਮੋਰੰਡਮ




Sadh Sangat Slate



**ਸੈਨਹੋਜੇ/ਏ.ਟੀ. ਨਿਊਜ਼ :** ਸੈਨਹੋਜੇ ਗੁਰਦਆਰਾ ਸਾਹਿਬ ਵਿੱਚ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਵੱਲੋਂ ਸੈਨਹੋਜੇ ਗੁਰਦੁਆਰਾ ਸਾਹਿਬ ਦੀ ਸਾਬਕਾ ਕਮੇਟੀ (ਬੌਬ ਢਿੱਲੋ ਐਂਡ ਕੰਪਨੀ) ਨੂੰ ਦਫਤਰ ਵਿੱਚ ਜਾ ਕੇ ਮੈਮੋਰੰਡਮ ਦਿੱਤਾ ਗਿਆ ਕਿ ਉਨ੍ਹਾਂ ਦੀ ਮਿਆਦ ਲੰਘੀ 30 ਸਤੰਬਰ 2019 ਨੂੰ ਖਤਮ ਹੋ ਚੁੱਕੀ ਹੈ। ਹੁਣ ਉਨ੍ਹਾਂ ਦਾ ਗੁਰਦੁਆਰਾ ਸਾਹਿਬ ਦੇ ਕਿਸੇ ਵੀ ਪ੍ਰਬੰਧ ਤੇ ਕਾਬਜ਼ ਰਹਿਣ ਦਾ ਕੋਈ ਹੱਕ ਨਹੀਂ ਹੈ। ਪਰ ਬੌਬ ਢਿੱਲੋ ਐਂਡ ਕੰਪਨੀ ਦਫਤਰ ਵਿੱਚ ਹਾਜ਼ਰ ਨਹੀਂ ਸੀ ਅਤੇ ਸੰਗਤ ਦੀਵਾਨ ਹਾਲ ਵਿੱਚ ਹੀ ਬੈਠੀ ਰਹੀ। ਬੌਬ ਢਿੱਲੋਂ ਨੂੰ ਸਨੇਹਾ ਭੇਜਣ ਤੇ ਵੀ ਉਹ ਦਫਤਰ ਨਹੀਂ ਆਇਆ। ਫੇਰ ਇਹ ਮੈਮੋਰੰਡਮ ਬੌਬ ਢਿੱਲੋਂ ਦੇ ਕਹਿਣ ਤੇ ਸਕਿਉਰਿਟੀ ਗਾਰਡ ਨੂੰ ਹੀ ਦਿੱਤਾ ਗਿਆ। ਇਸ ਤੋਂ ਇਲਾਵਾ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਨੇ ਗੁਰਦੁਆਰਾ ਸਾਹਿਬ ਵਿੱਚ ਬੂਥ ਲਾ ਕੇ ਸੰਗਤ ਨੂੰ ਵੀ ਇਹ ਜਾਣਕਾਰੀ ਦਿੱਤੀ ਕਿ ਹੁਣ ਬੌਬ ਢਿੱਲੋਂ ਐਂਡ ਕੰਪਨੀ ਦੀ ਮਿਆਦ ਖਤਮ ਹੋ ਚੁੱਕੀ ਹੈ। ਹੁਣ ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਤੇ ਜਬਰੀ ਕਬਜ਼ਾ ਜਮਾ ਕੇ ਬੈਠਣ ਦਾ ਕੋਈ ਹੱਕ ਨਹੀਂ ਹੈ।

## ਮਾਤਾ ਹਰਬੰਸ ਕੌਰ ਦੇ ਅਕਾਲ ਚਲਾਣੇ 'ਤੇ ਮਿਨਹਾਸ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਬੀਤੇ ਦਿਨੀਂ ਫਰਿਜ਼ਨੋ ਨਿਵਾਸੀ ਸਾਹਿੱਤਕ ਸਖਸ਼ੀਅਤ, ਪੱਤਰਕਾਰ ਅਤੇ ਰੇਡੀਓ ਹੋਸਟ ਸ. ਸੰਤੋਖ ਸਿੰਘ ਮਿਨਹਾਸ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ



ਹਰਬੰਸ ਕੌਰ ਮਿਨਹਾਸ (ਪਤਨੀ ਸਵ: ਸ. ਇੰਦਰਜੀਤ ਸਿੰਘ ਮਿਨਹਾਸ) 13 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਉਮਰ 91 ਸਾਲ ਸੀ ਅਤੇ ਪਿਛਲਾ ਪਿੰਡ ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ ਤੋਂ ਸਨ। ਉਹ ਬਹੁਤ ਲੰਮੇ ਸਮੇਂ ਤੋਂ ਫਰਿਜ਼ਨੋ ਰਹਿ ਰਹੇ ਸਨ। ਉਹ ਬਹੁਤ ਹੀ ਨਿੱਘੇ ਅਤੇ ਗੁਰਮੁੱਖ ਸੁਭਾਅ ਦੇ ਮਾਲਕ ਸਨ। ਜੋ ਆਪਣੇ ਪਿੱਛੇ ਪਰਿਵਾਰ ਦੀ ਇਕ ਵੱਡੀ ਹੱਸਦੀ-ਖੇਡਦੀ ਫੁੱਲਬਾੜੀ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ 19 ਅਕਤੂਬਰ 2019, ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਫਿਊਨਰਲ ਹੋਮ' ਫਰਿਜ਼ਨੋ ਵਿਖੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਅੰਤਮ ਅਰਦਾਸ 'ਗੁਰਦੁਆਰਾ ਸਿੰਘ ਸਭਾ' ਫਰਿਜ਼ਨੋ ਵਿਖੇ 2:00 ਵਜੇ ਤੋਂ 3:00 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: 4827 N. Parkway Drive, Fresno, CA 93722 ਹੈ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਸਪੁੱਤਰਾਂ ਨਾਲ ਸੰਪਰਕ ਕਰਨ ਲਈ ਫੋਨ ਕਰ ਸਕਦੇ ਹੋ। ਜਿਨ੍ਹਾਂ ਵਿੱਚ ਸ. ਸੰਤੋਖ ਸਿੰਘ ਮਿਨਹਾਸ (559) 283-6376, ਸ. ਪਰਦੀਪ ਸਿੰਘ ਮਿਨਹਾਸ (559) 575-3365, ਸ. ਤਰਲੋਕ ਸਿੰਘ ਮਿਨਹਾਸ (559) 790-8863 ਜਾਂ ਉਨ੍ਹਾਂ ਦੇ ਜਵਾਈ ਸ. ਨਿਰਮਲ ਗਿੱਲ ਧਨੋਲਾ: 559 270 9880 ਨਾਲ ਗੱਲ ਕਰ ਸਕਦੇ ਹੋ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਭਾਰਤ ਸਰਕਾਰ ਸਿੱਖਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰ ਰਹੀ ਹੈ : ਹਰਸ਼ ਵਰਧਨ






**ਵਾਸ਼ਿੰਗਟਨ ਡੀ.ਸੀ /ਰਾਜ ਗੋਗਨਾ :** ਬੀਤੇ ਦਿਨ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰੂਘਰ ਵਿਖੇ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਨਤਮਸਤਕ ਹੋਏ। ਜਿੱਥੇ ਉਨ੍ਹਾਂ ਕੀਰਤਨ ਸਰਵਣ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਭੇਂਟ ਕੀਤਾ। ਗੁਰੂਘਰ ਦੇ ਜਨਰਲ ਸਕੱਤਰ ਡਾ. ਸੁਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਹਰਸ਼ ਵਰਧਨ ਸ਼ਰਿੰਗਲਾ ਅੰਬੈਸਡਰ ਗੁਰੂਘਰ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਆਏ ਸਨ। ਉਨ੍ਹਾਂ ਦੇ ਸੁਹਿਰਦ ਉਪਰਾਲਿਆਂ ਕਰਕੇ ਸਿੱਖਾਂ ਦੀਆਂ ਕਈ ਮੰਗਾਂ ਪੂਰੀਆਂ ਹੋਈਆਂ ਹਨ। ਸਿੱਖਸ ਆਫ ਅਮਰੀਕਾ ਅਤੇ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਦੇ ਸੱਦੇ 'ਤੇ ਗੁਰੂਘਰ ਨਤਮਸਤਕ ਹੋਏ, ਜਿਸ ਲਈ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਦਾ ਖਾਸ ਯੋਗਦਾਨ ਹੈ। ਡਾ. ਗਿੱਲ ਨੇ ਗੁਰੂਘਰ ਦੇ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ ਨੂੰ ਹਰਸ਼ ਵਰਧਨ ਸ਼ਰਿੰਗਲਾ ਅੰਬੈਸਡਰ ਨੂੰ ਸੰਗਤਾਂ ਦੇ ਰੂਬਰੂ ਕਰਵਾਉਣ ਦਾ ਸੱਦਾ ਦਿੱਤਾ। ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖਾਂ ਦੀਆਂ ਮੁੱਖ ਮੰਗਾਂ ਪ੍ਰਵਾਨ ਕਰ ਲਈਆਂ ਹਨ। ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਨੇ ਸੰਗਤਾਂ ਨਾਲ ਫਤਿਹ ਸਾਂਝੀ ਕਰਨ ਉਪਰੰਤ ਕਿਹਾ ਕਿ ਭਾਰਤ ਸਰਕਾਰ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਵਚਨਬੱਧ ਹੈ। ਜਿਸ ਕਰਕੇ ਸਰਕਾਰ ਨੇ ਸਿਟ ਰਾਹੀਂ 1984 ਦੇ ਕੇਸਾਂ ਨੂੰ ਖੋਲ੍ਹ ਦਿੱਤਾ ਹੈ, ਜਿਸ ਰਾਹੀ ਸੱਜਣ ਕੁਮਾਰ ਨੂੰ ਜੇਲ ਭੇਜਿਆ ਗਿਆ ਹੈ। ਕਮਲ ਨਾਥ ਤੇ ਜਗਦੀਸ਼ ਟਾਈਟਲਰ ਵੀ ਜਲਦੀ ਸਲਾਖਾਂ ਦੇ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਕਾਲੀ ਸੂਚੀ ਖਤਮ ਕਰ ਦਿੱਤੀ ਗਈ ਹੈ। ਰਾਜਸੀ ਸ਼ਰਨ ਪ੍ਰਾਪਤ ਕਰਤਾ ਨੂੰ ਵੀਜ਼ੇ ਅਤੇ ਪਾਸਪੋਰਟ ਦੇਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਕੈਪੀਟਲ ਹਿਲ ਵਾਸ਼ਿੰਗਟਨ ਡੀ. ਸੀ. ਵਿਖੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਨ ਨੂੰ ਗੁਰਪੁਰਬ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ ਅਤੇ ਕਰਤਾਰਪੁਰ ਕੋਰੀਡੋਰ ਨਿਯਮਤ ਸਮੇਂ 'ਤੇ ਖੋਲ੍ਹਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਜੋਧਪੁਰ ਤੋਂ ਰਿਹਾਅ ਹੋਏ ਵਿਅਕਤੀਆਂ ਦੇ ਪ੍ਰੀਵਾਰ ਨੂੰ 5-5 ਲੱਖ ਰੁਪਏ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਹਰ ਰਾਹਤ ਦਿੱਤੀ ਜਾ ਰਹੀ ਹੈ।ਅੰਬੈਸਡਰ ਵਲੋਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਚੇਅਰਮੈਨ, ਸਕੱਤਰ, ਸਿੱਖਸ ਆਫ ਅਮਰੀਕਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਨੂੰ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਿਰੋਪਾਓ, ਸਿਰੀ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਸਬੰਧੀ ਕਿਤਾਬ ਭੇਂਟ ਕੀਤੀ। ਇਹ ਸਨਮਾਨ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਤੇ ਗੁਰੂਘਰ ਦੇ ਪ੍ਰਬੰਧਕ ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ, ਰਤਨ ਸਿੰਘ ਪ੍ਰਧਾਨ, ਹੈੱਡ ਗ੍ਰੰਥੀ ਸੁਰਜੀਤ ਸਿੰਘ ਵਲੋਂ ਭੇਂਟ ਕੀਤਾ ਗਿਆ। ਸਟੇਜ ਦੀ ਸੇਵਾ ਡਾ. ਸੁਰਿੰਦਰ ਸਿੰਘ ਗਿੱਲ ਨੇ ਨਿਭਾਈ। ਅੰਬੈਸਡਰ ਨਾਲ ਆਏ ਸਟਾਫ ਜਿਨ੍ਹਾਂ ਵਿੱਚ ਅਨੁਰਾਗ ਕੁਮਾਰ, ਰਾਜੇਸ਼ ਸੁਭਰਨੋ, ਜਗਦੀਪ ਨਾਇਰ ਅਤੇ ਨਰੇਸ਼ ਕੁਮਾਰ ਫਸਟ ਸਕੱਤਰ ਦਾ ਖਾਸ ਕਰਕੇ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ। ਇਸ ਮੌਕੇ ਕੰਵਲਜੀਤ ਸਿੰਘ ਸੋਨੀ ਪ੍ਰਧਾਨ, ਮਨਿੰਦਰ ਸਿੰਘ ਸੇਠੀ, ਗੁਰਿੰਦਰ ਸਿੰਘ ਸੇਠੀ, ਚਤਰ ਸਿੰਘ ਸੈਣੀ ਅਤੇ ਹੋਰ ਦੂਰ ਦੁਰਾਡੇ ਤੋਂ ਪਤਵੰਤਿਆਂ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਲਲਿਤ ਝਾਅ ਪੀ. ਟੀ. ਆਈ. ਅਤੇ ਸੁਰਮੁਖ ਸਿੰਘ ਮਾਣਕੂ ਜਸ ਪੰਜਾਬੀ, ਤੇਜਿੰਦਰ ਸਿੰਘ ਵਾਈਟ ਹਾਊਸ ਨੇ ਪੂਰੀ ਰਿਪੋਰਟ ਨੂੰ ਸਰੋਤਿਆਂ ਦੇ ਅੰਗ ਸੰਗ ਕਰਨ ਦੀ ਡਿਊਟੀ ਨਿਭਾਈ, ਜੋ ਕਿ ਕਾਬਲੇ ਤਾਰੀਫ ਸੀ। ਭਾਰਤੀ ਅੰਬੈਸੀ ਵੱਲੋਂ ਸਰਕਾਰ ਵੱਲੋਂ ਜਾਰੀ ਕੀਤਾ ਚਾਰ ਪੰਨਿਆਂ ਦਾ ਇਕ ਪੈਮਪਲਟ ਸਿੱਖਾਂ ਤੇ ਸਰਕਾਰ ਦੇ ਸਬੰਧਾਂ ਦਾ ਜਾਰੀ ਕੀਤਾ। ਜਿਸ ਵਿੱਚ ਸਿੱਖਾ ਦੀਆਂ ਪੂਰੀਆਂ ਕੀਤੀਆਂ ਮੰਗਾਂ ਦਾ ਵੇਰਵਾ ਸੀ।

## ਭੀਮਾ ਕੋਰੇਗਾਓਂ ਕੇਸ: ਗੌਤਮ ਨਵਲੱਖਾ ਦੀ ਗ੍ਰਿਫ਼ਤਾਰੀ 'ਤੇ ਰੋਕ ਵਿੱਚ ਵਾਧਾ

**ਨਵੀਂ ਦਿੱਲੀ/ਏ.ਟੀ. ਨਿਊਜ਼** : ਕੋਰੇਗਾਓਂ ਭੀਮਾ ਹਿੰਸਾ ਕੇਸ ਵਿੱਚ ਸੁਪਰੀਮ ਕੋਰਟ ਨੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਗੌਤਮ ਨਵਲੱਖਾ ਦੀ ਗ੍ਰਿਫ਼ਤਾਰੀ ਉੱਤੇ ਆਰਜ਼ੀ ਰੋਕ ਵਿੱਚ ਚਾਰ ਹਫ਼ਤੇ ਦਾ ਵਾਧਾ ਕਰ ਦਿੱਤਾ ਹੈ। ਜਸਟਿਸ ਅਰੁਣ ਮਿਸ਼ਰਾ ਅਤੇ ਦੀਪਕ ਗੁਪਤਾ 'ਤੇ ਅਧਾਰਤ ਬੈਂਚ ਨੇ ਇਸ ਦੇ ਨਾਲ ਹੀ ਨਵਲੱਖਾ ਨੂੰ ਕਿਹਾ ਹੈ ਕਿ ਉਹ ਇਸ ਕੇਸ ਨਾਲ ਸਬੰਧਤ ਅਦਾਲਤ ਨਾਲ ਸੰਪਰਕ ਕਰਨ। ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਅਤੇ ਦੀਪਕ ਗੁਪਤਾ ਨੂੰ ਹੁਕਮ ਦਿੱਤੇ ਹਨ ਕਿ ਉਹ ਕੇਸ ਦੀ ਸੁਣਵਾਈ ਕਰ ਰਹੀ ਅਦਾਲਤ ਵਿੱਚ ਜ਼ਮਾਨਤ ਲੈਣ ਲਈ ਅਰਜ਼ੀ ਦੇਣ। ਇਸ ਦੇ ਨਾਲ ਹੀ ਬੰਬੇ ਹਾਈ ਕੋਰਟ ਨੇ ਤਿੰਨ ਕਾਰਕੁਨਾਂ ਸੁਧਾ ਭਾਰਦਵਾਜ, ਅਰੁਨ ਫਰੇਰਾ ਅਤੇ ਵਰਨੌਨ ਗੌਂਜਾਲਵੇਜ਼ ਦੀਆਂ ਜ਼ਮਾਨਤ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਹੈ। ਇਹ ਭੀਮਾ ਕੋਰੇਗਾਓਂ ਹਿੰਸਾ ਕੇਸ ਵਿੱਚ ਜੇਲ੍ਹ ਵਿੱਚ ਬੰਦ ਹਨ। ਬੰਬੇ ਹਾਈ ਕੋਰਟ ਦੇ ਜਸਟਿਸ ਸਾਰੰਗ ਕੋਤਵਾਲ ਨੇ ਜ਼ਮਾਨਤਾਂ ਰੱਦ ਕਰਦਿਆਂ ਇਹ ਮੰਨਿਆ ਹੈ ਕਿ ਇਨ੍ਹਾਂ ਦੇ ਵਿਰੁੱਧ ਮੁੱਢਲੇ ਤੌਰ ਉੱਤੇ ਦੋਸ਼ ਬਣਦੇ ਹਨ। ਇਹ ਸੀਪੀਆਈ (ਮਾਓਵਾਦੀ) ਦੇ ਸਰਗਰਮ ਮੈਂਬਰ ਸਨ। ਤਿੰਨ ਵੱਖ ਵੱਖ ਹੁਕਮਾਂ ਵਿੱਚ ਅਦਾਲਤ ਨੇ ਕਿਹਾ ਹੈ ਕਿ ਤਿੰਨੇ ਪਾਬੰਦੀਸ਼ੁਦਾ ਸੀਪੀਆਈ (ਮਾਓਵਾਦੀ) ਦੇ ਸੀਨੀਅਰ ਮੈਂਬਰ ਸਨ ਅਤੇ ਪਾਰਟੀ ਲਈ ਫੰਡ ਉਗਰਾਹੁੰਦੇ ਸਨ ਅਤੇ ਨਵੇਂ ਕੇਡਰ ਦੀ ਭਰਤੀ ਕਰਦੇ ਸਨ। ਪੂਨੇ ਪੁਲਿਸ ਨੇ ਇਨ੍ਹਾਂ ਤਿੰਨਾਂ ਵਿਰੁੱਧ ਜਨਵਰੀ 2018 ਵਿੱਚ ਕੇਸ ਦਰਜ ਕੀਤਾ ਸੀ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਡਾ. ਬੌਂਬੀ ਵਿਰਕ ਦੇ ਪਰਿਵਾਰ ਨੂੰ ਭਾਰੀ ਸਦਮਾ

## ਮਾਤਾ ਸੁਖਦੇਵ ਕੌਰ ਦਾ ਅਕਾਲ ਚਲਾਣਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ**

ਸਿਆਟਲ ਦੇ ਡਾ. ਬੌਂਬੀ ਵਿਰਕ ਤੇ ਡਾ. ਨਵਦੀਪ ਸਿੰਘ ਵਿਰਕ (ਬਨੀ) ਦੇ ਦਾਦੀ ਜੀ ਤੇ ਉਨ੍ਹਾਂ ਦੇ ਪਿਤਾ ਕਰਨਲ ਹਰਦਿਆਲ ਸਿੰਘ ਵਿਰਕ ਦੇ ਪੂਜਨੀਕ ਮਾਤਾ ਜੀ ਸੁਖਦੇਵ



ਕੌਰ (90) ਦਾ ਅਚਨਚੇਤ 10 ਅਕਤੂਬਰ ਸ਼ਾਮ ਨੂੰ ਦਿਹਾਂਤ ਹੋ ਗਿਆ ਜਿਨ੍ਹਾਂ ਦਾ ਸਸਕਾਰ 20 ਅਕਤੂਬਰ ਦਿਨ ਐਤਵਾਰ ਨੂੰ 11:00 ਤੋਂ 1:00 ਵਜੇ ਕੈਂਟ ਵਿਚ ਅਤੇ ਅੰਤਮ ਅਰਦਾਸ 19630 ਐਸ.ਈ. 184 ਸਟਰੀਟ ਰੈਨਟਨ ਵਿਖੇ 1:30 ਵਜੇ ਤੋਂ 3:00 ਵਜੇ ਤੱਕ ਹੋਵੇਗੀ ਅਤੇ ਲੰਗਰ ਵਰਤੇਗਾ। ਮਾਤਾ ਸੁਖਦੇਵ ਕੌਰ ਆਪਣੇ ਪਿਛੇ ਦੋ ਲੜਕੇ ਕਰਨਲ ਹਰਦਿਆਲ ਸਿੰਘ ਵਿਰਕ ਅਤੇ ਡਾ. ਗੁਰਦਿਆਲ ਸਿੰਘ ਵਿਰਕ ਤੇ ਲੜਕੀ ਅਵੀਨਾਸ਼ ਕੌਰ ਤੋਂ ਇਲਾਵਾ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਸਮੇਤ ਵਸਦਾ ਰਸਦਾ ਖੁਸ਼ਹਾਲ ਪਰਿਵਾਰ ਛੱਡ ਗਏ ਹਨ।

ਕਰਨਲ ਹਰਦਿਆਲ ਸਿੰਘ ਵਿਰਕ ਨੇ ਦੱਸਿਆ ਕਿ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਮਿਠ ਬੋਲੜੇ ਤੇ ਨੇਕ ਸਲਾਹ ਦੇਣ ਵਾਲੇ ਮਿਲਣਸਾਰ ਤੇ ਮਿਹਨਤੀ ਸਨ ਜੋ ਆਪਣੀ ਸਿਹਤ ਦਾ ਖਾਸ ਧਿਆਨ ਰੱਦੇ ਹੋਏ ਸੈਰ ਕਰਨੀ ਅਤੇ ਸ਼ਰਧਾਲੂ ਸੁਭਾਅ ਵਾਲੇ ਸਨ। ਜਿਨ੍ਹਾਂ ਦੇ ਇਸ ਫਾਨੀ ਸੰਸਾਰ ਤੋਂ ਸਦਾ ਲਈ ਵਿਛੜ ਜਾਣ ਨਾਲ ਪਰਿਵਾਰ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਸਦਮਾ ਲੱਗਾ ਹੈ। ਰੋਸੇ ਦੇ ਜੰਮਪਲ ਮਾਤਾ ਸੁਖਦੇਵ ਕੌਰ ਦੀ ਸ਼ਾਦੀ ਸਵ. ਜੋਗਾ ਸਿੰਘ ਵਿਰਕ ਨਾਲ ਪਾਕਿਸਤਾਨ ਦੇ ਸ਼ੇਖੂਪੁਰ ਜ਼ਿਲ੍ਹੇ ਦੇ ਪਿੰਡ ਕਾਹਲੋਂਕੇ ਵਿਖੇ ਹੋਈ ਜੋ ਵੰਡ ਤੋਂ ਬਾਅਦ ਕਰਨਾਲ ਨੇੜੇ ਪਿੰਡ ਬਾਸਾਂ ਆ ਵਾਸੇ, ਜਿਨ੍ਹਾਂ ਦੇ ਸਦਾ ਲਈ ਵਿਛੜ ਜਾਣ ਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

# ਸੰਸਾਰ ਭਰ 'ਚ ਸਿੱਖ ਕੌਮ ਵੱਲੋਂ ਨਸਲਕੁਸ਼ੀ ਵਿਰੁੱਧ ਮੁਹਿੰਮ

## *ਇਸ ਸਾਲ 2 ਨਵੰਬਰ ਨੂੰ ਯੂਬਾ ਸਿਟੀ ਵਿੱਚ ਖੂਨਦਾਨ ਮੁਹਿੰਮ ਸੰਦੀਪ ਸਿੰਘ ਧਾਲੀਵਾਲ ਨੂੰ ਹੋਵੇਗੀ ਸਮਰਪਿਤ*

**ਯੂਬਾ ਸਿਟੀ/ਏ.ਟੀ. ਨਿਊਜ਼ :** ਸਿੱਖ ਕੌਮ ਦੇ ਵਲੰਟਰੀਅਰਾਂ ਦੀ ਭਰਵੀਂ ਮੀਟਿੰਗ ਹੋਈ ਅਤੇ ਇਸ ਸਾਲ ਦੀ ਅਮਰੀਕਾ ਵਿਚਲੀ ਖ਼ੂਨਦਾਨ ਮੁਹਿੰਮ ਹੈਰਿਸ ਕਾਉਂਟੀ ਦੇ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਜਿਨ੍ਹਾਂ ਨੇ 26 ਸਤੰਬਰ ਨੂੰ ਆਪਣੀ ਡਿਊਟੀ ਨਿਭਾਉਂਦੇ ਹੋਏ ਆਪਣੀ ਜਾਨ ਕੁਰਬਾਨ ਕਰ ਦਿੱਤੀ, ਉਨ੍ਹਾਂ ਨੂੰ ਸਮਰਪਿਤ ਹੋਵੇਗੀ। ਭਾਵੇਂ ਇਹ ਖ਼ੂਨ ਦਾਨ ਮੁਹਿੰਮ ਸਾਰਾ ਸਾਲ ਹੀ ਚਲਦੀ ਰਹਿੰਦੀ ਹੈ ਪਰ ਨਵੰਬਰ ਦੇ ਪਹਿਲੇ ਹਫਤੇ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਵੱਡੇ ਪੱਧਰ ਤੇ ਖ਼ੂਨਦਾਨ ਸੈਂਟਰਾਂ ਤੇ ਕੰਪੇਨ ਅਯੋਜਿਤ ਕੀਤੀ ਜਾਂਦੀ ਹੈ। ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਇਹ ਮੁਹਿੰਮ ਨਵੰਬਰ 1984 ਵਿਚ ਭਾਰਤ ਦੇ ਅਖੌਤੀ ਲੋਕਤੰਤਰ ਦੀਆਂ ਗਲੀਆਂ ਵਿਚ ਚਿੱਟੇ ਦਿਨ ਹਜ਼ਾਰਾਂ ਸਿੱਖਾਂ ਦੇ ਭਿਆਨਕ ਕਤਲੇਆਮ ਲਈ ਜਿੰਮੇਵਾਰ ਤਾਕਤਾਂ ਨੂੰ ਬੇਨਕਾਬ ਕਰਨ ਲਈ ਦੁਨੀਆਂ ਭਰ ਵਿਚ ਉੱਠੀ ਇਨਸਾਫ ਪਸੰਦ ਲੋਕਾਂ ਦੀ ਇਹ ਆਵਾਜ਼ ਗੁਰੂ ਨਾਨਕ ਪਾਤਸ਼ਾਹ ਵੱਲੋਂ ਐਮਨਾਬਾਦ ਦੀ ਧਰਤੀ ਉੱਪਰ ਦਿੱਤੇ ਸੁਨੇਹੇ 'ਤੇ ਪਹਿਰਾ ਦੇ ਰਹੀ ਹੈ। ਇਸਦੇ ਉਲਟ ਭਾਰਤੀ ਹੁਕਮਰਾਨਾਂ ਅਤੇ ਉਸਦੇ ਸਮੁੱਚੇ ਤੰਤਰ ਵੱਲੋਂ ਨਾ ਸਿਰਫ ਅਜਿਹੇ ਕਤਲੇਆਮਾਂ ਨੂੰ ਦਬਾਉਣ ਅਤੇ ਭੁਲਾਉਣ ਦੀਆਂ ਸਾਜਿਸ਼ਾਂ ਜਾਰੀ ਹਨ ਸਗੋਂ ਲਗਾਤਾਰ ਅੱਜ ਤੱਕ ਦਲਿਤਾਂ, ਆਦਿਵਾਸੀਆਂ ਅਤੇ ਸਮੁੱਚੀਆਂ ਘੱਟ ਗਿਣਤੀਆਂ ਦਾ ਘਾਣ ਅਤੇ ਉਨ੍ਹਾਂ ਨੂੰ ਜ਼ਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਅਜਿਹੇ ਕਤਲੇਆਮਾਂ ਦੀ ਸੱਚਾਈ ਨੂੰ ਦਬਾਉਣ ਅਤੇ ਕਾਤਲਾਂ ਦੀ ਪੁਸ਼ਤਪਨਾਹੀ ਕਰ ਕੇ ਹੀ ਮੌਜੂਦਾ ਦੌਰ ਵਿਚ ਦੇਸ਼ ਅੰਦਰ ਹੋ ਰਹੇ ਮਨੁੱਖਤਾ ਦੇ ਘਾਣ ਅਤੇ ਭਵਿੱਖ ਦੇ ਸੰਭਾਵੀ ਵੱਡੇ ਕਤਲੇਆਮਾਂ ਲਈ ਰਾਹ ਪੱਧਰਾ ਹੋਇਆ ਹੈ। ਜਿਵੇਂ ਕਿ ਅੱਜ ਪੰਜਾਬ ਵਿਚ ਸਿੱਖਾਂ ਵਿਰੁੱਧ ਭਾਰਤ ਦੇ ਹੋਰ ਹਿੱਸਿਆਂ ਵਿਚ ਦਲਿਤ, ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ।







ਅਜਿਹੀ ਕਾਤਲ ਸੋਚ ਨੂੰ ਠੱਲ੍ਹ ਪਾਉਣ ਤੇ ਇਨਸਾਨੀਅਤ ਦੇ ਹੋ ਰਹੇ ਇਸ ਘਾਣ ਨੂੰ ਰੋਕਣ ਲਈ ਨਸਲਕੁਸ਼ੀ ਦੀ ਬਿਰਤੀ ਅਤੇ ਉਸਨੂੰ ਸ਼ਹਿ ਦੇਣ ਵਾਲੀਆਂ ਤਾਕਤਾਂ ਵਿਰੁੱਧ ਸਭ ਨੂੰ ਇਕਮੁੱਠ ਹੋ ਕੇ ਆਵਾਜ ਉਠਾਉਣੀ ਅੱਜ ਦੇ ਸਮੇਂ ਦੀ ਲੋੜ ਹੈ। ਨਸਲਕੁਸ਼ੀ ਦੀ ਮਾਨਸਿਕਤਾ ਨੂੰ ਠੱਲ੍ਹ ਪਾਉਣ ਅਤੇ ਬਿਪਰਵਾਦੀ ਜ਼ਾਬਰ ਸੋਚ ਦੇ ਖ਼ੂਨੀ ਪੰਜੇ ਵਿਚੋਂ ਮਨੁੱਖਤਾ ਨੂੰ ਬਚਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦੇ ਵਾਰਿਸ ਆਪਣਾ ਖ਼ੂਨਦਾਨ ਕਰ ਕੇ 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ 'ਤੇ ਪਹਿਰਾ ਦੇ ਰਹੇ ਹਨ। ਨਸਲਕੁਸ਼ੀ ਵਿਰੁੱਧ ਆਰੰਭੀ ਇਸ ਖ਼ੂਨਦਾਨ ਮੁਹਿੰਮ ਤਹਿਤ ਸਿੱਖ ਕੌਮ ਦਸੰਬਰ 2018 ਤੱਕ 1,40,000 ਤੋਂ ਵੱਧ ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਦੇਣ ਵਿਚ ਸਹਾਈ ਹੋਈ ਹੈ।

ਚੇਤੇ ਰਹੇ ਕੈਨੇਡੀਅਨ ਬਲੱਡ ਸਰਵਿਸ ਨੇ ਇਸ ਮੁਹਿੰਮ ਨੂੰ ਕੈਨੇਡਾ ਦੀ ਸਭ ਤੋਂ ਵੱਡੀ ਜਾਨਾਂ ਬਚਾਉਣ ਵਾਲੀ ਮੁਹਿੰਮ ਐਲਾਨਿਆ ਹੈ। ਸਿੱਖ ਕੌਮ ਜਿਸ ਉਤਸ਼ਾਹ ਨਾਲ ਦੁਨੀਆਂ ਭਰ ਵਿਚ ਜੀਵਨ ਦਾਨ ਦੀ ਇਸ ਮੁਹਿੰਮ ਵਿਚ ਸ਼ਾਮਲ ਹੋ ਕੇ ਕੀਮਤੀ ਜਾਨਾਂ ਬਚਾ ਰਹੀ ਹੈ, ਛੇਤੀ ਹੀ ਇਹ ਮੁਹਿੰਮ ਦੁਨੀਆਂ ਭਰ ਵਿਚ ਮਨੁੱਖੀ ਹੱਕਾਂ ਦੀ ਆਲੰਬਰਦਾਰ ਵਜੋਂ ਜਾਣੀ ਜਾਵੇਗੀ। ਇਹ ਮੁਹਿੰਮ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਫਲਸਫੇ ਵਿਚ ਯਕੀਨ ਰੱਖਦੀ ਹੈ ਤੇ ਹਮੇਸ਼ਾਂ ਹੀ ਉਨ੍ਹਾਂ ਵਿਅਕਤੀਆਂ, ਸੰਸਥਾਵਾਂ ਜਾਂ ਸਰਕਾਰਾਂ ਨੂੰ ਪ੍ਰਣਾਮ ਕਰਦੀ ਹੈ ਜੋ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਅਤੇ ਨਸਲਕੁਸ਼ੀ ਵਿਰੁੱਧ ਕੰਮ ਕਰਦੀਆਂ ਹਨ।

ਸਾਲ 2019 ਵਿਚ ਵੀ ਇਸ ਮੁਹਿੰਮ ਤਹਿਤ ਨਵੰਬਰ ਮਹੀਨੇ ਅਮਰੀਕਾ ਅਤੇ ਕੈਨੇਡਾ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਜਿਵੇਂ ਕਿ ਵੈਨਕੂਵਰ, ਸਰੀ, ਵਿਕਟੋਰੀਆ, ਨਾਰਥ ਵੈਨਕੂਵਰ, ਐਬਟਸਫੋਰਡ, ਕੈਮਲੂਪਸ, ਕਿਲੋਨਾ, ਪੈਨਟਿੰਕਟਨ, ਐਡਮਿੰਟਨ, ਕੈਲਗਰੀ, ਸਸਕਾਟੂਨ, ਰਿਜ਼ਾਈਨਾ, ਵਿਨੀਪੈਗ, ਟਰਾਂਟੋ, ਮਾਂਟਰੀਅਲ ਇਸ ਤੋਂ ਇਲਾਵਾ ਅਮਰੀਕਾ ਵਿਚ ਯੂਬਾ ਸਿਟੀ, ਸਿਆਟਲ, ਲਿੰਡਨ, ਬੌਥਲ, ਸ਼ਿਕਾਗੋ, ਯੂਬਾਸਿਟੀ, ਬੇਕਰਸਫੀਲਡ ਆਦਿ ਸ਼ਾਮਲ ਹਨ। ਇਹ ਖੁਨਦਾਨ ਮੁਹਿੰਮ ਦੂਸਰੇ ਮੁਲਕਾਂ ਆਸਟਰੇਲੀਆ ਅਤੇ ਨਿਊਜੀਲੈਂਡ ਦੇ ਵੱਖ ਵੱਖ ਸ਼ਹਿਰਾਂ ਵਿਚ ਵੀ ਚੱਲੇਗੀ। ਦੁਨੀਆਂ ਦੇ 122 ਤੋਂ ਵੱਧ ਮੁਲਕਾਂ ਵਿਚ ਵੱਸਦੀ ਸਿੱਖ ਕੌਮ ਦਾ ਇਹ ਅਟੱਲ ਵਿਸ਼ਵਾਸ ਅਤੇ ਭਰੋਸਾ ਹੈ ਕਿ ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ ਅਤੇ ਜ਼ਾਬਰ ਕਿੰਨਾ ਵੀ ਤਾਕਤਵਰ ਅਤੇ ਮਕਾਰ ਕਿਉਂ ਨਾ ਹੋਵੇ ਉਹ ਸੱਚ ਨੂੰ ਖਤਮ ਨਹੀਂ ਕਰ ਸਕਦਾ।

ਮੀਟਿੰਗ ਦੇ ਅਖੀਰ ਵਿੱਚ ਕਿਹਾ ਗਿਆ ਕਿ ਆਉ ਆਪਾਂ ਸਾਰੇ ਮਨੁੱਖਤਾ ਨੂੰ ਦਰਪੇਸ਼ ਨਸਲਕੁਸ਼ੀ ਦੀ ਇਸ ਚੁਣੌਤੀ ਨੂੰ ਕਬੂਲ ਕਰਦੇ ਹੋਏ ਆਪੋ ਆਪਣੇ ਸਾਧਨਾਂ ਰਾਹੀਂ ਅਜਿਹੀ ਗੈਰ ਮਨੁੱਖੀ ਸੋਚ ਵਿਰੁੱਧ ਆਵਾਜ਼ ਬੁਲੰਦ ਕਰੀਏ। ਨਸਲਕੁਸ਼ੀ ਵਿਰੁੱਧ ਆਪਣੇ ਸਾਰਿਆਂ ਵੱਲੋਂ ਰਲ ਕੇ ਕੀਤੇ ਇਹ ਯਤਨ ਹਰ ਸਾਲ ਵਿਚ ਇਹ ਸੁਰੱਖਿਅਤ ਸਮਾਜ ਸਿਰਜਣ ਲਈ ਸਾਰਥਿਕ ਸਾਬਤ ਹੋਣਗੇ।



# ਸਰਬਜੀਤ ਸਿੰਘ ਮਾਨ ਪੰਜਾਬ ਸਰਕਾਰ ਦੇ ਐਨਆਰਆਈ ਕੋਆਰਡੀਨੇਟਰ ਨਿਯੁਕਤ

**ਚੰਡੀਗੜ੍ਹ/ਏ.ਟੀ. ਨਿਊਜ਼ :** ਪੰਜਾਬ ਸਰਕਾਰ ਵਲੋਂ 16-22 ਸਾਲ ਦੀ ਉਮਰ ਦੇ ਡੈਲੀਗੇਟਾਂ ਨੂੰ Connect with your Roots ਦੇ ਪ੍ਰੋਗਰਾਮ ਤਹਿਤ ਪੰਜਾਬ ਆਉਣ ਅਤੇ ਪੰਜਾਬ ਦੇ ਸੱਭਿਆਚਾਰ, ਭਾਸ਼ਾ ਅਤੇ ਨਸਲਾਂ ਨੂੰ ਸਮਝਣ ਲਈ ਬੁਲਾਇਆ ਜਾਂਦਾ ਹੈ। ਪ੍ਰੋਗਰਾਮ ਦੇ ਸਬੰਧ ਵਿਚ ਪੰਜਾਬੀ ਡਾਇਸਪੋਰਾ ਨਾਲ ਗੱਲਬਾਤ ਕਰਨ ਲਈ ਅਮਰੀਕਾ ਤੋਂ ਪ੍ਰਸਿੱਧ ਪੰਜਾਬੀ ਸਿੱਖ



ਸਖਸ਼ੀਅਤ ਸਰਬਜੀਤ ਸਿੰਘ ਮਾਨ ਨੂੰ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਸਰਬਜੀਤ ਸਿੰਘ ਮਾਨ ਮਾਨਯੋਗ ਮੁੱਖ ਮੰਤਰੀ/ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਦੇ ਆਪਣੇ ਦੇਸ਼ ਦਾ ਦੌਰਾ ਕਰਨ ਅਤੇ ਉਥੋਂ ਦੀ ਪੰਜਾਬੀ ਅਬਾਦੀ ਦੇ ਨਾਲ ਮੀਟਿੰਗਾਂ ਦਾ ਪ੍ਰਬੰਧ ਕਰਨਗੇ। ਪ੍ਰਵਾਸੀ ਭਾਰਤੀ ਵਿਭਾਗ, ਪ੍ਰਵਾਸੀ ਪੰਜਾਬ ਰਾਜ ਕਮਿਸ਼ਨ, ਵਿਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨਾਂ ਅਤੇ ਮਿਸ਼ਨਾਂ ਨਾਲ ਤਾਲਮੇਲ ਬਣਾਉਣ ਦੀ ਜ਼ਿੰਮੇਵਾਰੀ ਹੋਵੇਗੀ। ਸਰਬਜੀਤ ਸਿੰਘ ਮਾਨ ਨੂੰ ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਪੱਤਰ ਨੰਬਰ 718/19-NRI (1)/52 ਵਿਚ ਕਿਹਾ ਗਿਆ ਹੈ ਕਿ ਤੁਹਾਡੇ ਤੋਂ ਪੰਜਾਬ ਸਰਕਾਰ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਸ ਨਾਲ ਸਬੰਧਤ ਦੇਸ਼ ਵਿਚ ਤੁਸੀਂ ਪੰਜਾਬੀ ਡਾਇਸਪੋਰਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਮੁੱਦਿਆਂ ਨੂੰ ਉਜਾਗਰ ਕਰੋਗੇ। ਨਿਯੁਕਤੀ ਪੂਰੀ ਤਰ੍ਹਾਂ ਆਨਰੇਰੀ ਦੇ ਆਧਾਰ 'ਤੇ ਹੁੰਦੀ ਹੈ। ਹਾਲਾਂਕਿ ਮੁਲਾਕਾਤਾਂ ਵਿਚ ਸ਼ਾਮਲ ਹੁੰਦੇ ਹੋਏ ਤੁਹਾਡੀ ਪੰਜਾਬ ਫੇਰੀ ਦੌਰਾਨ ਤੁਹਾਨੂੰ ਸਟੇਟ ਗੈਸਟ ਦਾ ਦਰਜਾ ਦਿੱਤਾ ਜਾਵੇਗਾ। ਇਸ ਨਿਯੁਕਤ ਤੇ ਪ੍ਰਤੀਕਰਮ ਦਿੰਦਿਆਂ ਸਰਬਜੀਤ ਸਿੰਘ ਮਾਨ ਨੇ ਕਿਹਾ ਕਿ ਉਹ ਬਹੁਤ ਹੀ ਉਤਸ਼ਾਹਤ ਹਨ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਅਮੀਰਕਾ ਦੀ ਨਵੀਂ ਪੀੜੀ ਨੂੰ ਪੰਜਾਬ ਦੇ ਸੱਭਿਆਚਾਰ ਪ੍ਰਤੀ ਜਾਣੂ ਕਰਵਾਉਣ ਅਤੇ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜਨ ਦੀ ਮੁਹਿਮ ਵਿਚ ਮੇਰੀ ਜ਼ਿੰਮੇਵਾਰੀ ਲਗਾਈ ਹੈ ਅਤੇ ਉਹ ਵਾਅਦਾ ਕਰਦੇ ਹਨ ਕਿ ਉਹ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ। ਸਰਬਜੀਤ ਸਿੰਘ ਮਾਨ ਨੂੰ ਪੰਜਾਬੀ ਭਾਈਚਾਰੇ ਵਲੋਂ ਵੱਡੀ ਗਿਣਤੀ ਵਿਚ ਵਧਾਈ ਸੰਦੇਸ਼ ਮਿਲ ਰਹੇ ਹਨ।

## ਟੋਲ ਪਲਾਜ਼ਾ ਦੇ ਹਿੰਦੀ ਲਿਖੇ ਬੋਰਡਾਂ 'ਤੇ ਵੱਜਿਆ ਕਾਲਾ ਪੋਚਾ

**ਖਰੜ/ਏ.ਟੀ. ਨਿਊਜ਼ :** ਖਰੜ-ਲੁਧਿਆਣਾ ਹਾਈਵੇ 'ਤੇ ਸਥਿਤ ਪਿੰਡ ਭਾਗੂਮਾਜਰਾ ਨੇੜੇ ਤਿਆਰ ਕੀਤੇ ਗਏ ਟੋਲ ਪਲਾਜ਼ਾ ਦੇ ਬੋਰਡਾਂ 'ਤੇ ਹਿੰਦੀ, ਅੰਗਰੇਜ਼ੀ ਭਾਸ਼ਾ ਲਿਖਣ 'ਤੇ ਰੋਸ ਵਜੋਂ ਬੀਤੇ ਦਿਨੀਂ ਬੋਰਡਾਂ 'ਤੇ ਕਾਲੀ ਸਿਆਹੀ ਦਾ ਪੋਚਾ ਮਾਰ ਦਿੱਤਾ ਗਿਆ ਹੈ। ਪੰਥਕ ਵਿਚਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਕੁਝ ਵਿਅਕਤੀਆਂ ਵੱਲੋਂ ਟੋਲ ਪਲਾਜ਼ੇ 'ਤੇ ਪੁੱਜੇ। ਉਨ੍ਹਾਂ ਸਕਿਉਰਟੀ ਗਾਰਡ ਬਹਾਦਰ ਸਿੰਘ ਨੇ ਵੀ ਕੰਪਨੀ ਦੇ ਅਧਿਕਾਰੀਆਂ ਨਾਲ ਫੋਨ 'ਤੇ ਗੱਲ ਕਰਵਾਈ ਕਿ ਉਹ ਅਜਿਹਾ ਨਾ ਕਰਨ।

# ਸ੍ਰੀਨਗਰ ਵਿਚ ਲਾਲ ਚੌਂਕ ਕੋਲ ਗ੍ਰਨੇਡ ਹਮਲਾ

### ਭਾਰਤ ਸਰਕਾਰ ਦਾ ਦਾਅਵਾ ਕਿ ਜੰਮੂ-ਕਸ਼ਮੀਰ ਦੇ 99 ਫ਼ੀਸਦੀ ਖੇਤਰਾਂ ਵਿਚੋਂ ਪਾਬੰਦੀਆਂ ਹਟਾਈਆਂ

**ਸ੍ਰੀਨਗਰ/ਏ.ਟੀ. ਨਿਊਜ਼ :**
ਜੰਮੂ-ਕਸ਼ਮੀਰ ਦੇ ਮੁੱਖ ਸਕੱਤਰ ਤੇ ਸਰਕਾਰੀ ਬੁਲਾਰੇ ਰੋਹਿਤ ਕਾਂਸਲ ਨੇ ਦੱਸਿਆ ਕਿ ਸੂਬੇ ਦੇ 99 ਫ਼ੀਸਦੀ ਖੇਤਰਾਂ ਵਿਚੋਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ ਤੇ ਕੇਵਲ 8-10 ਥਾਣਿਆਂ ਦੇ ਖੇਤਰਾਂ ਵਿਚ ਪਾਬੰਦੀਆਂ ਲਾਗੂ ਸਨ। ਉਨ੍ਹਾਂ ਦੱਸਿਆ ਕਿ ਨਜ਼ਰਬੰਦ ਕੀਤੇ ਸਿਆਸੀ ਆਗੂਆਂ ਨੂੰ ਵੀ ਰਿਹਾਅ ਕਰਨ ਸਬੰਧੀ ਸਰਕਾਰ ਵਲੋਂ ਸਥਿਤੀ ਦੀ ਸਮੀਖਿਆ ਕੀਤੀ ਜਾ ਰਹੀ ਹੈ। ਬੁਲਾਰੇ ਨੇ ਦੱਸਿਆ ਕਿ ਸੈਲਾਨੀ ਕੇਂਦਰਾਂ 'ਤੇ ਇੰਟਰਨੈੱਟ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹੁਣ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਬੀਤੇ ਸੋਮਵਾਰ ਤੋਂ ਸਾਰੀਆਂ 'ਪੋਸਟਪੇਡ' ਮੋਬਾਈਲ ਸੇਵਾਵਾਂ ਬਹਾਲ ਕਰਨ ਦਾ ਐਲਾਨ ਕੀਤਾ ਹੈ ਤੇ ਇਹ ਫ਼ੈਸਲਾ ਸਾਰੇ 10 ਜ਼ਿਲ੍ਹਿਆਂ ਵਿਚ ਲਾਗੂ ਹੋਵੇਗਾ। ਸੂਬਾ ਪ੍ਰਸ਼ਾਸਨ ਮੋਬਾਈਲ ਫ਼ੋਨ ਸੇਵਾਵਾਂ ਬਹਾਲ ਕਰਨ ਲਈ ਸਥਿਤੀ ਦਾ ਮੁਆਇਨਾ ਕਰ ਰਿਹਾ ਹੈ। ਇਸ ਦੇ ਬੰਦ ਰਹਿਣ ਨਾਲ ਕਰੀਬ 70 ਲੱਖ ਲੋਕ ਵਾਦੀ ਵਿਚ ਪ੍ਰਭਾਵਿਤ ਹੋਏ ਹਨ।



**ਅੱਤਵਾਦੀ ਹਮਲਾ**

ਸ੍ਰੀਨਗਰ ਵਿਚ ਸ਼ਨੀਵਾਰ ਨੂੰ ਅੱਤਵਾਦੀਆਂ ਨੇ ਇੱਕ ਗ੍ਰਨੇਡ ਹਮਲੇ ਦੀ ਘਟਨਾ ਨੂੰ ਅੰਜਾਮ ਦਿੱਤਾ। ਇਸ ਘਟਨਾ ਵਿਚ ਕੁਝ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਅੱਤਵਾਦੀਆਂ ਵੱਲੋਂ ਇਹ ਹਮਲਾ ਸ੍ਰੀਨਗਰ ਦੇ ਹਾਈ ਸਕਿਉਰਿਟੀ ਜ਼ੋਨ ਕਹੇ ਜਾਣ ਵਾਲੇ ਹਰੀ ਸਿੰਘ ਮਾਰਗ 'ਤੇ ਹੋਇਆ ਹੈ। ਘਟਨਾ ਤੋਂ ਬਾਅਦ ਘਟਨਾ ਸਥਾਨ 'ਤੇ ਫੌਜ, ਪੁਲਸ ਅਤੇ ਸੀ ਆਰ ਪੀ ਐੱਫ ਦੀ ਇੱਕ ਟੀਮ ਨੇ ਵੱਡਾ ਤਲਾਸ਼ੀ ਅਪਰੇਸ਼ਨ ਸ਼ੁਰੂ ਕੀਤਾ ਹੈ। ਹਮਲੇ ਵਿਚ 11 ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਸ੍ਰੀਨਗਰ ਦੇ ਐੱਸ ਐੱਮ ਐੱਚ ਐੱਸ ਹਸਪਤਾਲ ਵਿਚ ਇਲਾਜ ਲਈ ਭਰਤੀ ਕਰਾਇਆ ਗਿਆ ਹੈ।

## ਸਿੱਖਾਂ ਨੇ ਕਸ਼ਮੀਰੀ ਵਿਦਿਆਰਥੀਆਂ ਦੀ ਲਈ ਸਾਰ

ਤਲਵੰਡੀ ਸਾਬੋ ਦੀ ਗੁਰੂ ਕਾਂਸੀ ਯੂਨੀਵਰਸਿਟੀ ਵਿੱਚ 300 ਤੋਂ ਜ਼ਿਆਦਾ ਕਸ਼ਮੀਰੀ ਵਿਦਿਆਰਥੀ ਪੜ੍ਹਦੇ ਹਨ। ਕੇਂਦਰ ਸਰਕਾਰ ਵੱਲੋਂ ਜੰਮੂ ਕਸਮੀਰ ਵਿੱਚ ਧਾਰਾ 370 ਹਟਾਉਣ ਤੋਂ ਬਾਅਦ ਉਥੇ ਮੋਬਾਇਲ ਅਤੇ ਇੰਟਰਨੈਟ ਦੀ ਸੇਵਾ ਬੰਦ ਕਰ ਦਿੱਤੀ ਹੈ। ਇਸ ਦਾ ਅਸਰ ਪੰਜਾਬ ਵਿੱਚ ਪੜ੍ਹਦੇ ਵਿਦਿਆਰਥੀਆਂ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ ਜੋ ਕਿ ਆਪਣੇ ਘਰਾਂ ਤੋ ਦੂਰ ਪੜ੍ਹਣ ਆਏ ਹਨ। ਆਪਣੇ ਘਰਦਿਆਂ ਨਾਲ ਸੰਪਰਕ ਨਾ ਹੋਣ ਕਰਕੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਿਉਂਕਿ ਘਰੇ ਸੰਪਰਕ ਨਾ ਹੋਣ ਕਰਕੇ ਉਹਨਾਂ ਕੋਲ ਇੱਕ ਡੰਗ ਦੀ ਰੋਟੀ ਖਾਣ ਲਈ ਪੈਸੇ ਨਹੀ ਸਨ ਤਾਂ ਸ੍ਰੋਮਣੀ ਕਮੇਟੀ ਤੋ ਇਲਾਵਾ ਹੋਰ ਬਹੁਤ ਸਾਰੀਆਂ ਸੰਸਥਾਵਾ ਨੇ ਇਹਨਾਂ ਨੂੰ ਰਾਸ਼ਨ ਅਤੇ ਹੋਰ ਮਦਦ ਵੀ ਦਿੱਤੀ। ਵਿਦਿਆਰਥੀਆਂ ਨੇ ਦੱਸਿਆਂ ਕਿ ਉਹਨਾਂ ਦੇ ਦੋਸਤ ਦੀ ਮਾਤਾ ਦਾ ਦਿਹਾਂਤ ਹੋ ਗਿਆ ਸੀ ਪਰ ਉਸ ਨੂੰ ਕਾਫੀ ਦਿਨਾਂ ਬਾਅਦ ਪਤਾ ਲੱਗਿਆ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਵਿਦੇਸ਼ਾਂ 'ਚ ਪੜ੍ਹਾਈ ਲਈ ਪੰਜਾਬ ਦਾ ਪੈਸਾ ਕੈਨੇਡਾ ਨੂੰ ਉੱਡਿਆ

- **ਹਰ ਸਾਲ ਹਜ਼ਾਰਾਂ ਨੌਜਵਾਨ ਉੱਚ ਵਿਦਿਆ ਲਈ ਜਾ ਰਹੇ ਨੇ ਵਿਦੇਸ਼, ਕੈਨੇਡਾ ਪਹਿਲੀ ਪਸੰਦ**
- **ਕੈਨੇਡਾ ਤੇ ਅਸਟਰੇਲੀਆ ਵਿਚ ਪੰਜਾਬ ਦੇ ਡੇਢ ਲੱਖ ਵਿਦਿਆਰਥੀ ਜਾ ਰਹੇ ਨੇ**
- **28500 ਕਰੋੜ ਰੁਪਏ ਹਰ ਸਾਲ ਮਾਂ ਬਾਪ ਭੇਜ ਰਹੇ ਨੇ ਵਿਦੇਸ਼**
- **ਔਸਤਨ ਇੱਕ ਵਿਦਿਆਰਥੀ ਖਰਚਦਾ ਏ ਤਿੰਨ ਸਾਲਾਂ ਤੇ ਦੋ ਸਾਲਾਂ ਦੇ ਕੋਰਸ 'ਤੇ ਲਗਪਗ 15 ਤੋਂ 22 ਲੱਖ ਰੁਪਏ**



**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਉੱਚ ਪੜ੍ਹਾਈ ਲਈ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਸੂਬਾ ਸਰਕਾਰ ਸਾਹਮਣੇ ਹੁਣ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਵੇਲੇ ਸੂਬੇ ਦੇ 1.5 ਲੱਖ ਵਿਦਿਆਰਥੀ ਕੈਨੇਡਾ ਤੇ ਆਸਟਰੇਲੀਆ ਦੇ ਵੱਖ-ਵੱਖ ਸਿੱਖਿਅਕ ਅਦਾਰਿਆਂ ਵਿੱਚ ਦਾਖਲ ਹੋ ਰਹੇ ਹਨ। ਆਈਟੀ ਤੇ ਹੋਟਲ ਮੈਨੇਜਮੈਂਟ ਵਿਚ ਜ਼ਿਆਦਾ ਦਾਖਲਾ ਹੋ ਰਿਹਾ ਹੈ। ਆਈਟੀ ਵਿਚ 21.25% ਹੋਟਲ ਮੈਨੇਜਮੈਂਟ 21.25%, ਪ੍ਰੋਡੈਕਟ ਮੈਨਜਮੈਂਟ 12.5%, ਬਿਜਨੈਸ ਸਟੱਡੀ ਵਿਚ 11.25%, ਫਾਇਨਾਂਸ ਵਿਚ 13.75%, ਹੈਲਥ ਸਾਇੰਸ ਵਿਚ 0.6.25%, ਐਮਬੀਏ ਵਿਚ 0.3.75%। ਔਸਤਨ ਇੱਕ ਵਿਦਿਆਰਥੀ ਤਿੰਨ ਸਾਲਾਂ ਤੇ ਦੋ ਸਾਲਾਂ ਦੇ ਕੋਰਸ 'ਤੇ ਲਗਪਗ 15 ਤੋਂ 22 ਲੱਖ ਰੁਪਏ ਖਰਚਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿਚ ਪੜ੍ਹੇ ਲਿਖੇ ਨੌਜਵਾਨ ਵਰਗ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਜਾਣਕਾਰੀ ਮੁਤਾਬਕ ਹਰ ਸਾਲ ਸੂਬੇ ਤੋਂ 48 ਹਜ਼ਾਰ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਪੰਜਾਬ ਦੇ ਮਾਪੇ ਫੀਸਾਂ ਵਜੋਂ ਹਰ ਸਾਲ ਵਿਦੇਸ਼ੀ ਖਾਤਿਆਂ ਵਿੱਚ 28,500 ਕਰੋੜ ਰੁਪਏ ਜਮ੍ਹਾ ਕਰਦੇ ਹਨ। ਪੰਜਾਬ ਸਰਕਾਰ ਦੇ ਕੁੱਲ ਬਜਟ (ਸਾਲ 2019-20 ਲਈ 1,58,493 ਕਰੋੜ ਰੁਪਏ) ਦਾ 19 ਫੀਸਦੀ ਹਿੱਸਾ ਵਿਦੇਸ਼ ਭੇਜ ਰਹੇ ਹਨ।

ਦੁਆਬਾ ਤੇ ਮਾਲਵਾ ਦੇ 100 ਕਾਨੂੰਨੀ ਟਰੈਵਲ ਏਜੰਟ, ਆਈਲੈਟ ਕੋਚਿੰਗ ਸੈਂਟਰ ਤੇ ਬੈਂਕਿੰਗ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਰਾਹੀਂ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਨਸ਼ਾ ਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਦੇ ਕਾਰਨ ਇੱਥੋਂ ਦੇ 75 ਫੀਸਦੀ ਮਾਪੇ ਆਪਣੇ ਬੱਚਿਆਂ ਨੂੰ 12ਵੀਂ ਮਗਰੋਂ ਵਿਦੇਸ਼ ਸੈਟਲ ਕਰਾਉਣ ਲਈ ਸਰਗਰਮ ਹਨ। ਇੰਨਾ ਹੀ ਨਹੀਂ, ਸੂਬੇ ਦੇ 80 ਫੀਸਦੀ ਨੌਜਵਾਨ ਵੀ ਵਿਦੇਸ਼ਾਂ ਵਿੱਚ ਵੱਸਣਾ ਚਾਹੁੰਦੇ ਹਨ। ਇਸ ਪਿੱਛੇ ਕਾਰਨ ਇਹ ਹੈ ਕਿ ਕੈਨੇਡਾ ਦੀਆਂ ਉਦਾਰ ਨੀਤੀਆਂ ਤੇ ਪੜ੍ਹਾਈ ਦੇ ਦੌਰਾਨ ਨੌਕਰੀ ਤੇ ਪੀਆਰ ਦੀ ਸਹੂਲਤ ਦੇ ਕਾਰਨ ਪੰਜਾਬ ਦਾ ਨੌਜਵਾਨ ਵਰਗ ਕੈਨੇਡਾ ਨੂੰ ਆਪਣੀ ਪਹਿਲੀ ਪਸੰਦ ਬਣਾਈ ਬੈਠਾ ਹੈ। ਵਧੀਆ ਲਾਈਫ ਸਟਾਇਲ ਦੇ ਨਾਲ ਕੈਨੇਡਾ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਹੈ। ਅਮਰੀਕਾ ਤੇ ਹੋਰ ਦੇਸਾਂ ਵਿਚ ਨਸਲੀ ਭੇਦਭਾਵ ਦੀ ਇਕ ਵੱਡੀ ਸਮੱਸਿਆ ਹੈ, ਪਰ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਨਾਲ ਚੰਗਾ ਵਿਹਾਰ ਹੁੰਦਾ ਹੈ।

ਵਿਦੇਸ਼ ਵਿਚ ਪੜ੍ਹਾਈ ਕਰਨਾ ਇਕ ਮਹਿੰਗਾ ਸੌਦਾ ਹੈ। ਟਿਊਸ਼ਨ ਫੀਸ, ਰਹਿਣ ਦਾ ਖਰਚਾ ਤੇ ਯਾਤਰਾ ਦਾ ਖਰਚਾ ਆਦਿ। ਕੈਨੇਡਾ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਦੌਰਾਨ ਪਾਰਟ ਟਾਈਮ ਜਾਬ ਕਰਨ ਦੀ ਸਹੂਲਤ ਦਿੰਦੀ ਹੈ। ਪਾਰਟ ਟਾਈਮ ਜਾਬ ਹਫਤੇ ਵਿਚ ਦਸ ਤੋਂ ਵੀਹ ਘੰਟਿਆਂ ਦੀ ਹੁੰਦੀ ਹੈ। ਇਸ ਨਾਲ ਵਿਦਿਆਰਥੀ ਆਪਣੇ ਰਹਿਣ ਸਹਿਣ ਦਾ ਖਰਚਾ ਚੁੱਕ ਲੈਂਦੇ ਹਨ। ਪੰਜਾਬ ਵਿਚ ਹਰ ਸਾਲ ਆਈਲੈਟਸ ਦੀ ਪ੍ਰੀਖਿਆ 'ਤੇ ਪੰਜ ਸੌ ਕਰੋੜ ਦੀ ਰਾਸ਼ੀ ਖਰਚ ਕੀਤੀ ਜਾਂਦੀ ਹੈ। ਪੰਜਾਬ ਵਿਚ ਹਰ ਸਾਲ ਸਾਢੇ ਤਿੰਨ ਲੱਖ ਨੌਜਵਾਨ ਵਰਗ ਆਈਲੈਟਸ ਦੀ ਪ੍ਰੀਖਿਆ ਦਿੰਦੇ ਹਨ। ਇਹ ਤਕਰੀਬਨ ਫੀਸ 15 ਹਜ਼ਾਰ ਰੁਪਏ ਤੱਕ ਹੁੰਦੀ ਹੈ। ਜੇਕਰ ਵਿਦਿਆਰਥੀ ਪੂਰੇ ਬੈਂਡ ਹਾਸਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਦੁਬਾਰਾ ਇਸ ਦੀ ਤਿਆਰੀ ਕਰਨੀ ਪੈਂਦੀ ਹੈ। ਵਿਦਿਆ ਵਿਚ ਬਿਜਨੈਸ ਕਰਨ ਵਾਲੇ ਲੋਕ ਹੁਣ ਕਾਲਜ ਸਕੂਲ ਖੋਲ੍ਹਣ ਦੀ ਥਾਂ ਇਹੀ ਧੰਦਾ ਕਰਨ ਲੱਗ ਪਏ ਹਨ। ਪੰਜਾਬ ਵਿਚ ਹਰ ਕਸਬੇ ਤੇ ਵੱਡੇ ਪਿੰਡਾਂ ਵਿਚ ਆਈਲੈਟਸ ਸੈਂਟਰ ਖੁੱਲ੍ਹੇ ਹੋਏ ਹਨ। ਤਿਆਰੀ ਅਤੇ ਇਮਤਿਹਾਨ ਦੀ ਫੀਸ ਮਿਲਾ ਕੇ ਪ੍ਰਤੀ ਵਿਦਿਆਰਥੀ 30 ਹਜ਼ਾਰ ਰੁਪਏ ਖਰਚਾ ਆਉਂਦਾ ਹੈ।

ਅੱਜ ਕੱਲ੍ਹ ਪੰਜਾਬੀ ਵਿਦਿਆਰਥੀ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ, ਡੇਲਟਾ, ਵੈਨਕੂਵਰ, ਟੋਰਾਂਟੋ, ਓਨਟਾਰੀਓ, ਮਿਸੀਗਾਗਾ, ਮਾਲਟਨ ਆਦਿ ਅਲਬਰਟਾ ਰਾਜ ਦੇ ਐਡਮਿੰਟਨ, ਕੈਲਗਰੀ, ਕਿਊਬਿਕ ਰਾਜ ਦੇ ਮੌਂਟੀਰੀਆਲ ਦੇ ਮੈਨੀਟੋਬਾ ਵਿਚ ਦਿਖਾਈ ਦੇਣਗੇ। ਕੈਨੇਡਾ ਵਿੱਚ ਪੰਜਾਬੀਆਂ ਦੀ ਧਾਕ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 21 ਅਕਤੂਬਰ ਨੂੰ ਹੋਣ ਵਾਲੀਆਂ ਸੰਘੀ ਚੋਣਾਂ ਵਿੱਚ 50 ਤੋਂ ਵੱਧ ਉਮੀਦਵਾਰ ਪੰਜਾਬ ਤੋਂ ਹਨ ਅਤੇ ਨਿਊ ਡੈਮੋਕਰੇਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ।



**ਕੈਨੇਡਾ ਵਿਚ ਵਿਦਿਆਰਥੀਆਂ ਦਾ ਸ਼ੋਸ਼ਣ**

ਕੈਨੇਡਾ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ 'ਇੰਟਰਨੈਸ਼ਨਲ ਸਟੂਡੈਂਟਸ' ਵਜੋਂ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਪੰਜਾਬੀਆਂ ਦੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲੋਂ ਕਥਿਤ ਉੱਚ-ਸਿੱਖਿਆ ਦੀ ਪ੍ਰਾਪਤੀ ਲਈ ਭਾਰੀ ਫ਼ੀਸਾਂ ਵਸੂਲੀਆਂ ਜਾ ਰਹੀਆਂ ਹਨ ਜੋ ਕਿ ਇੱਥੋਂ ਦੇ ਨਾਗਰਿਕ ਅਤੇ ਪੀਆਰ ਵਿਦਿਆਰਥੀਆਂ ਨਾਲੋਂ ਲਗਪਗ ਤਿੰਨ-ਗੁਣਾ ਹਨ ਪਰ ਇਨ੍ਹਾਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਉਨ੍ਹਾਂ ਦੇ ਆਪਣੇ ਦੇਸ਼ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜਿਹੇ ਹੀ ਕੁਝ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੇ ਠੱਗ ਏਜੰਟਾਂ ਨੇ ਅਜਿਹੇ ਕੋਰਸ ਦਿਵਾ ਦਿੱਤੇ, ਜਿਨ੍ਹਾਂ ਵਿਚ ਗਰੈਜੂਏਸ਼ਨ ਹਾਸਲ ਕਰ ਕੇ ਵੀ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੀ। ਉਹ ਹੋਰ ਕੋਰਸਾਂ ਵਿਚ ਦਾਖ਼ਲਾ ਲੈਣ ਲਈ ਮਜਬੂਰ ਹਨ ਤਾਂ ਜੋ ਉਨ੍ਹਾਂ ਦਾ ਕੈਨੇਡਾ ਵਿਚ ਪੱਕੇ ਹੋਣਾ ਦਾ ਸੁਫਨਾ ਨਾ ਟੁੱਟੇ ਪਰ ਇਸ ਕਾਰਨ ਉਹ ਹਜ਼ਾਰਾਂ ਡਾਲਰਾਂ ਦੇ ਕਰਜ਼ਾਈ ਹੋ ਜਾਂਦੇ ਹਨ।

ਅੰਤਰਰਾਸ਼ਟਰੀ ਵਿਦਿਆਰਥੀ ਯੂਨੀਵਰਸਿਟੀ ਦੇ ਅੰਡਰ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਕੈਨੇਡੀਅਨ ਵਿਦਿਆਰਥੀਆਂ ਨਾਲੋਂ 3.4 ਗੁਣਾ ਵਧੇਰੇ ਟਿਊਸ਼ਨ ਫ਼ੀਸ ਅਦਾ ਕਰਦੇ ਹਨ, ਜਦਕਿ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਇਹ ਫ਼ੀਸ ਲਗਪਗ ਦੁੱਗਣੀ ਹੈ। ਮੈਨੀਟੋਬਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਜਨਤਕ ਸਿਹਤ ਯੋਜਨਾਵਾਂ ਨੂੰ ਰੱਦ ਕਰਨਾ ਬਹੁਤ ਸਾਰੇ ਵਿਦਿਆਰਥੀਆਂ ਲਈ ਵਿੱਤੀ ਦਬਾਅ ਦਾ ਇਕ ਹੋਰ ਪ੍ਰਮੁੱਖ ਕਾਰਨ ਹੈ। ਵਿਨੀਪੈਗ ਵਿਚ ਸਭ ਤੋਂ ਵੱਡੀ ਮੁਸ਼ਕਲ ਹੈ ਮੌਸਮ। ਜ਼ਿਆਦਾ ਬਰਫ਼ਬਾਰੀ ਹੋਣ ਕਾਰਨ ਦਸੰਬਰ ਤੋਂ ਮਾਰਚ ਤੱਕ ਤਾਪਮਾਨ ਦਾ ਪੱਧਰ ਮਨਫ਼ੀ 20 ਤੋਂ ਲੈ ਕਰ ਮਨਫ਼ੀ 40 ਤੱਕ ਹੇਠਾਂ ਡਿੱਗ ਜਾਂਦਾ ਹੈ। ਇੱਥੇ ਰਹਿੰਦੇ ਵਿਦਿਆਰਥੀਆਂ ਨੇ ਦੱਸਿਆ ਕਿ ਸਭ ਤੋਂ ਔਖਾ ਕੰਮ ਘਰ ਲੱਭਣਾ ਹੈ। ਇਸ ਮਗਰੋਂ ਕੰਮ ਲੱਭਣ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ।

ਕੈਨੇਡਾ ਇਮੀਗ੍ਰੇਸ਼ਨ ਵਿਭਾਗ ਅਨੁਸਾਰ ਕੋਈ ਵੀ ਅੰਤਰਰਾਸ਼ਟਰੀ ਵਿਦਿਆਰਥੀ ਇਕ ਹਫ਼ਤੇ ਵਿਚ 20 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰ ਸਕਦਾ ਤੇ ਜੇ ਕੋਈ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਫੜਿਆ ਗਿਆ ਤਾਂ ਉਸ ਨੂੰ ਕੈਨੇਡਾ ਵਿਚੋਂ ਡਿਪੋਰਟ ਕਰ ਦਿੱਤਾ ਜਾਵੇਗਾ। ਬਹੁਤ ਸਾਰੇ ਬਿਜ਼ਨਸ ਅਦਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨੌਕਰੀਆਂ ਦੇਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਘੱਟ ਡਾਲਰਾਂ ਵਿਚ ਪ੍ਰਤੀ ਘੰਟਾ ਕੰਮ ਪ੍ਰਵਾਨ ਕਰ ਲੈਂਦੇ ਹਨ। ਪੀਆਰ ਵਾਸਤੇ ਪੀਐੱਨਪੀ ਤੇ ਐੱਲਐੱਮਆਈਏ ਸ਼ਰ੍ਹੇਆਮ ਵਿਕ ਰਹੀਆਂ ਹਨ। ਕਦੇ ਇਹ ਸੌਦਾ 10 ਕੁ ਹਜ਼ਾਰ ਡਾਲਰ ਵਿਚ ਹੁੰਦਾ ਸੀ ਪਰ ਹੁਣ ਕੀਮਤ 40-50 ਹਜ਼ਾਰ ਡਾਲਰ ਤੱਕ ਅੱਪੜ ਗਈ ਹੈ। ਇੰਜ ਇਕ ਪਾਸੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਦੂਜੇ ਪਾਸੇ ਨੌਕਰੀਆਂ ਦਾ ਆਮ ਪ੍ਰਤੀ ਘੰਟਾ ਰੇਟ ਵੀ ਡਿੱਗ ਰਿਹਾ ਹੈ।

# ਜਾਪਾਨ, ਚੀਨ, ਯੂਰਪ ਤੇ ਅਮਰੀਕਾ 'ਚ ਛਾਈ ਮੰਦੀ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਭਾਰਤੀ ਅਰਥ-ਵਿਵਸਥਾ ਪਹਿਲਾਂ ਤੋਂ ਹੀ ਮੰਦੀ ਦੀ ਮਾਰ ਹੇਠ ਚੱਲ ਰਹੀ ਹੈ। ਇਸ ਦੌਰਾਨ ਭਾਰਤੀ ਰਿਜ਼ਰਵ ਬੈਂਕ ਨੇ ਵਿਸ਼ਵ ਵਪਾਰ ਵਿੱਚ ਹੋਰ ਵੀ ਗਿਰਾਵਟ ਦਾ ਖ਼ਦਸ਼ਾ ਪ੍ਰਗਟਾਇਆ ਹੈ। ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਕਿ ਵਿਸ਼ਵ ਵਪਾਰ ਵਿੱਚ ਮੰਦੀ ਸਾਲ 2018 ਦੇ ਦੂਜੇ ਅੱਧ ਵਿੱਚ ਸ਼ੁਰੂ ਹੋਈ ਤੇ ਇਸ ਵਰ੍ਹੇ ਵੀ ਜਾਰੀ ਹੈ। ਅਮਰੀਕਾ ਦੀ ਜੀਡੀਪੀ 2019 ਦੀ ਦੂਜੀ ਤਿਮਾਹੀ ਦੌਰਾਨ ਘਟ ਕੇ ਦੋ ਫ਼ੀਸਦੀ ਤੱਕ ਪੁੱਜ ਗਈ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਬ੍ਰੈਗਜ਼ਿਟ ਤੇ ਵਪਾਰ ਤਣਾਅ ਦੌਰਾਨ ਅਨਿਸ਼ਚਤਤਾਵਾਂ ਦੇ ਚੱਲਦਿਆਂ ਯੂਰੋਪ ਖੇਤਰ ਦੀ ਜੀਡੀਪੀ ਵਾਧਾ ਦਰ ਵੀ 2019 ਦੀ ਦੂਜੀ ਤਿਮਾਹੀ ਵਿੱਚ ਮੰਦੀ ਪਈ ਹੈ।

ਡਿੱਗਦੀਆਂ ਬਰਾਮਦਾਂ ਦੌਰਾਨ ਆਟੋ ਉਦਯੋਗ ਵਿੱਚ ਆਏ ਸੰਕਟ ਕਾਰਨ ਜਰਮਨ ਅਰਥ-ਵਿਵਸਥਾ ਵੀ ਸਾਲ ਦੀ ਦੂਜੀ ਤਿਮਾਹੀ ਵਿੱਚ ਸੁੰਗੜੀ ਹੈ। ਤੀਜੀ ਤਿਮਾਹੀ ਵਿੱਚ ਦਾਖ਼ਲ ਹੋਣ ਦੌਰਾਨ ਵੀ

ਇਸ ਦੀ ਰਫ਼ਤਾਰ ਕੋਈ ਬਹੁਤੀ ਤਸੱਲੀਬਖ਼ਸ਼ ਨਹੀਂ ਹੈ। ਇੱਥੇ ਕਾਰਖਾਨਿਆਂ ਦੀਆਂ ਗਤੀਵਿਧੀਆਂ ਵਿੱਚ ਲਗਾਤਾਰ 9ਵੇਂ ਮਹੀਨੇ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਦੂਜੀ ਤਿਮਾਹੀ ਵਿੱਚ ਉਦਯੋਗ ਤੇ ਖੇਤੀ ਗਤੀਵਿਧੀਆਂ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਨਾਲ ਇਟਲੀ ਦਾ ਕੁੱਲ ਘਰੇਲੂ ਉਤਪਾਦਨ ਵੀ ਸੁੰਗੜਿਆ ਹੈ। ਅਮਰੀਕਾ ਤੇ ਚੀਨ ਵਿਚਾਲੇ ਵਪਾਰਕ ਤਣਾਅ ਵਿੱਚ ਵਾਧੇ ਤੇ ਵਿਸ਼ਵ ਮੰਗ ਵਿੱਚ ਆਈ ਗਿਰਾਵਟ ਦੌਰਾਨ ਜਾਪਾਨੀ ਅਰਥ-ਵਿਵਸਥਾ ਪਹਿਲੀ ਤਿਮਾਹੀ ਦੇ ਮੁਕਾਬਲੇ ਦੂਜੀ ਤਿਮਾਹੀ ਵਿੱਚ ਹੌਲੀ ਰਫ਼ਤਾਰ ਨਾਲ ਵਧੀ ਹੈ।

# ਗੁਰੂ ਨਾਨਕ ਪ੍ਰਕਾਸ਼ ਪੁਰਬ 'ਤੇ ਪਾਕਿ ਕਵੀ ਆਉਣਗੇ ਪੰਜਾਬ

**ਚੰਡੀਗੜ੍ਹ/ਏ.ਟੀ. ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਪਾਕਿਸਤਾਨ ਦੇ ਉਘੇ ਕਵੀਆਂ, ਲੇਖਕਾਂ ਨੂੰ 550ਵੇਂ ਗੁਰਪੁਰਬ ਦੇ ਮੌਕੇ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਸੱਦਾ ਪੱਤਰ ਭੇਜੇ ਹਨ। ਉਘੇ ਕਵੀਆਂ ਵਿਚ ਬਾਬਾ ਨਜ਼ਮੀ, ਸਾਬਰ ਅਲੀ ਸਾਬਰ, ਤਾਹਿਰ ਸਾਰਾ, ਅੰਜੁਮ ਸਲੀਮੀ ਆਦਿ ਸ਼ਾਮਲ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਦੋ ਰੋਜ਼ਾ ਸਮਾਗਮ 29 ਅਤੇ 30 ਅਕਤੂਬਰ ਨੂੰ ਯੂਨੀਵਰਸਿਟੀ ਕੈਂਪਸ ਵਿਚ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਲਈ ਪਾਕਿਤਸਾਨ ਤੋਂ ਇਲਾਵਾ ਹੋਰ ਦੇਸ਼ ਵਿਦੇਸ਼ ਦੇ ਦਾਨਿਸ਼ਵਰਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਕਵੀ ਅੰਮ੍ਰਿਤਸਰ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਚੰਡੀਗੜ੍ਹ ਦੇ ਸਮਾਗਮ ਵਿੱਚ ਸ਼ਾਮਲ ਹੋਣਗੇ।

ਅੰਮ੍ਰਿਤਸਰ ਟਾਈਮਜ਼ AMRITSAR TIMES

16 ਅਕਤੂਬਰ 2019 ਤੋਂ 22 ਅਕਤੂਬਰ 2019

## ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ, ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਲੰਮੇ ਸਮੇਂ ਤੋਂ ਚੱਲੇ ਆ ਰਹੇ ਵਿਵਾਦ ਨੂੰ ਇਕ ਵਾਰ ਫਿਰ ਠੱਲ੍ਹ ਪਾਉਣ ਦੀ ਕੋਸ਼ਿਸ਼ ਵਜੋਂ, ਇਨ੍ਹਾਂ ਧਾਰਮਿਕ ਸਮਾਗਮਾਂ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਨੂੰ ਕਬੂਲ ਕਰਦਿਆਂ ਸਿੱਖਾਂ ਦੀ ਇਸ ਸਰਬਉੱਚ ਸੰਸਥਾ ਤੋਂ ਅਗਵਾਈ ਮੰਗੀ ਹੈ।

ਪਿਛਲੇ ਸਾਲ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸ਼ੁਰੂਆਤ ਤੋਂ ਹੀ ਇਸ ਮਹਾਨ ਪੁਰਬ ਨੂੰ ਸਿਆਸੀ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਬਿਨਾਂ ਸ਼ੱਕ ਸੂਬੇ ਦੀ ਸੱਤਾਧਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਸਮਾਗਮਾਂ ਵਿਚ ਹੋਣ ਵਾਲੇ ਜਨਤਕ ਇਕੱਠਾਂ ਅਤੇ ਸੰਗਤ ਦੀ ਹਾਜ਼ਰੀ ਦਾ ਸਿਆਸੀ ਲਾਹਾ ਲੈਣ ਦੀ ਹੋੜ ਵਿਚ ਹਨ। ਜਿੱਥੇ ਇਕ ਪਾਸੇ ਰਾਜ ਵਿਚ ਕਾਂਗਰਸ ਦਾ ਸਾਸ਼ਨ ਹੈ ਉਥੇ ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਸ਼੍ਰੋਮਣੀ ਅਕਾਲੀ ਦਲ ਕਾਬਜ਼ ਹੈ। ਦੋਵੇਂ ਧਿਰਾਂ ਭਾਵੇਂ ਸ਼ੁਰੂ ਤੋਂ ਹੀ ਸਾਂਝੇ ਤੌਰ ’ਤੇ ਅਤੇ ਗੈਰ ਸਿਆਸੀ ਸ਼ੈਲੀ ਵਿਚ ਇਹ ਮਹਾਨ ਪੁਰਬ ਮਨਾਉਣ ਦੀ ਗੱਲ ਕਰਦੀਆਂ ਆ ਰਹੀਆਂ ਹਨ ਪਰ ਪਾਰਟੀ ਸਫ਼ਾਂ ਵਿਚ ਇਸੇ ਗੱਲ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ ਕਿ ਸਮਾਗਮਾਂ ਦੌਰਾਨ ਪੰਜਾਬ ਦੇ ਲੋਕ, ਖਾਸ ਕਰਕੇ ਸਿੱਖ ਸੰਗਤ ਨੂੰ ਕਿਹੜੀ ਪਾਰਟੀ ਜਾਂ ਨੇਤਾ ਅਸਰ ਅੰਦਾਜ਼ ਕਰਦਾ ਹੈ। ਇਹੋ ਕਾਰਨ ਹੈ ਕਿ ਪੰਜਾਬ ਪੁਰਬ ਨੂੰ ਲੈ ਕੇ ਸਿਆਸੀ ਤੌਰ ’ਤੇ ਦੋਹਾਂ ਪਾਰਟੀਆਂ ਨੇ ਬਰਾਬਰ ਦੂਰੀ ਬਣਾਈ ਹੋਈ ਹੈ ਅਤੇ ਸਮਾਂਤਰ ਆਪੋ ਆਪਣੀ ਕਾਰਵਾਈ ਅਤੇ ਬਿਆਨਬਾਜ਼ੀ ਕਰ ਰਹੀਆਂ ਹਨ। ਇਸ ਮਾਮਲੇ ਨੂੰ ਲੈ ਕੇ ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਨੇਤਾ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਵਿਚਕਾਰ ਤਿੱਖੀ ਬਿਆਨਬਾਜ਼ੀ ਹੁੰਦੀ ਰਹੀ ਹੈ। ਇਨ੍ਹਾਂ ਸਮਾਗਮਾਂ, ਖਾਸ ਕਰਕੇ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਖੇ ਹੋਣ ਵਾਲੇ ਮੁੱਖ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਅਤੇ ਹੋਰ ਕੇਂਦਰੀ ਨੇਤਾਵਾਂ ਦੀ ਸ਼ਮੂਲੀਅਤ ਨੂੰ ਲੈ ਕੇ ਸ੍ਰੀਮਤੀ ਬਾਦਲ ਵਲੋਂ ਦਿੱਤੇ ਗਏ ਪ੍ਰੋਗਰਾਮ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਗੰਭੀਰ ਨੋਟਿਸ ਲਿਆ ਅਤੇ ਕਿਹਾ ਕਿ ਬੀਬੀ ਬਾਦਲ ਜਿੱਥੇ ਪ੍ਰੋਟੋਕੋਲ ਦੀ ਉਲੰਘਣਾ ਕਰ ਰਹੇ ਹਨ, ਉਥੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਰਗੇ ਉਚ ਅਹੁਦਿਆਂ ਦੀ ਤੌਹੀਨ ਵੀ ਕਰ ਰਹੇ ਹਨ।

ਹੁਣ ਜਦ ਪੰਜਾਬ ਦੇ ਮੁੱਖ ਮੰਤਰੀ ਨੇ ਆਖਰੀ ਦਾਅ ਖੇਡਦਿਆਂ ਸਮਾਗਮਾਂ ਦੀ ਅਗਵਾਈ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਆਪਣੇ ਦੋ ਮੰਤਰੀਆਂ ਰਾਹੀਂ ਪੇਸ਼ਕਸ਼ ਵਾਲਾ ਬੇਨਤੀ ਪੱਤਰ ਭੇਜਿਆ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਸ ਸਬੰਧੀ ਇਸ ਮਹੀਨੇ ਦੀ 21 ਤਰੀਕ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਕੇ ਅੰਤਮ ਫੈਸਲਾ ਲੈਣ ਦੀ ਗੱਲ ਕਹੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਰੂਹਾਨੀ ਸੱਤਾ ਨੂੰ ਕੋਈ ਵੀ ਸਿੱਖ ਚੁਣੌਤੀ ਨਹੀਂ ਦਿੰਦਾ ਅਤੇ ਨਾ ਹੀ ਕਦੇ ਕਿਸੇ ਹੁਕਮਨਾਮੇ ਦੀ ਹੁਕਮ ਅਦੂਲੀ ਹੋਈ ਹੈ ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੋਣ ਕਰਕੇ ਸ਼੍ਰੋਮਣੀ ਕਮੇਟੀ ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਜ਼ਰੂਰ ਰਹਿੰਦਾ ਹੇ। ਦੂਜੇ ਪਾਸੇ ਕਾਂਗਰਸ ਪਾਰਟੀ ਆਪਣੇ ਆਪ ਨੂੰ ਧਰਮ ਨਿਰਪੱਖ ਪਾਰਟੀ ਕਹਾਉਂਦੀ ਹੈ ਅਤੇ ਇਸ ਦੇ ਨੇਤਾ ਸ਼ੁਰੂ ਤੋਂ ਹੀ ਇਹ ਕਹਿੰਦੇ ਆਏ ਹਨ ਕਿ ਪਾਰਟੀ ਨਾ ਕਿਸੇ ਧਰਮ ਵਿਚ ਦਖ਼ਲ ਦਿੰਦੀ ਹੈ ਅਤੇ ਨਾ ਹੀ ਧਾਰਮਿਕ ਪੱਤਾ ਖੇਡਣ ਦੀ ਕੋਸ਼ਿਸ਼ ਕਰਦੀ ਹੈ। ਇੱਥੇ ਇਹ ਗੱਲ ਵੀ ਕਾਬਿਲ ਏ ਜ਼ਿਕਰ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਸਿਆਸੀ ਵਿਚਾਰਧਾਰਾ ਵਿੱਚ ਸਿੱਖੀ ਨੂੰ ਅੱਗੇ ਰੱਖ ਕੇ ਚੱਲਦੇ ਹਨ, ਇਹੋ ਕਾਰਨ ਹੈ ਕਿ ਉਹ ਆਪਣੇ ਧਾਰਮਿਕ ਮੁਹਾਵਰੇ ਰਾਹੀਂ ਅਕਾਲੀ ਦਲ ਨੂੰ ਚੁਣੌਤੀ ਦਿੰਦੇ ਹਨ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਰਾਸ਼ਟਰੀਯ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਅਤੇ ਹਿੰਦੂਆਂ ਦਾ ਦੇਸ਼ ਕਹਿਣ ਦੇ ਬਿਆਨ ਉਪਰ ਵੀ ਤਿੱਖਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਭਾਰਤ ਵੱਖ ਵੱਖ ਧਰਮਾਂ, ਮਜਹਬਾਂ ਅਤੇ ਸੱਭਿਆਚਾਰਾਂ ਦਾ ਸੁਮੇਲ ਹੈ, ਇਸ ਨੂੰ ਹਿੰਦੂ ਰਾਸ਼ਟਰ ਕਹਿਣਾ ਗਲਤ ਹੈ। ਉਸ ਸਮੇਂ ਵੀ ਕਾਂਗਰਸ ਨੇ ਜਥੇਦਾਰ ਦੇ ਇਸ ਬਿਆਨ ਦਾ ਸੁਆਗਤ ਕਰਦਿਆਂ ਇਸ ਦੀ ਪ੍ਰੋੜਤਾ ਕੀਤੀ ਸੀ ਪਰ ਸ਼੍ਰੋਮਣੀ ਅਕਾਲੀ ਦਲ ਨੇ ਚੁੱਪ ਸਾਧੀ ਰੱਖੀ। ਇਸ ਰੋਸ਼ਨੀ ਵਿਚ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਭੂਮਿਕਾ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮ ਲਈ ਸੇਧ ਅਤੇ ਮਾਰਗ ਦਰਸ਼ਨ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕਰਕੇ ਮੁੱਖ ਮੰਤਰੀ ਨੇ ਇਕ ਵਾਰ ਆਪਣੀ ਸਰਕਾਰ ਅਤੇ ਪਾਰਟੀ ਨੂੰ ਸਾਰੇ ਵਿਵਾਦਾਂ ਤੋਂ ਸੁਰਖਰੂ ਕਰ ਲਿਆ ਹੈ। ਹੁਣ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਸੁਆਗਤ ਕਰਦੇ ਹਨ ਜਾਂ ਇਸ ਸਬੰਧੀ ਕੋਈ ਨਵਾਂ ਰਾਜਨੀਤਕ ਧਾਰਮਿਕ ਪੈਂਤੜਾ ਲੈਂਦੇ ਹਨ, ਇਸ ਬਾਰੇ 21 ਅਕਤੂਬਰ ਤੱਕ ਇੰਤਜ਼ਾਰ ਕਰਨੀ ਹੋਵੇਗੀ।

# ਭਾਰਤ ’ਚ ਮੋਦੀ ਰਾਜ ਦੇ ਦੌਰਾਨ ਜਮਹੂਰੀਅਤ ਨੂੰ ਵੱਡਾ ਖਤਰਾ

**ਰਜਿੰਦਰ ਸਿੰਘ**

ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਜਮਹੂਰੀਅਤ ’ਤੇ ਆਧਾਰਿਤ ਹੈ। ਪਰ ਮੋਦੀ ਰਾਜ ਦੇ ਦੌਰਾਨ ਜਮਹੂਰੀਅਤ ਨੂੰ ਵੱਡਾ ਖਤਰਾ ਪੈਦਾ ਹੋ ਗਿਆ ਹੈ ਤੇ ਭਾਰਤ ਹਿੰਦੂ ਰਾਸ਼ਟਰ ਵਲ ਵਧ ਰਿਹਾ ਹੈ। ਇਥੋਂ ਤੱਕ ਬੋਲਣ ਤੇ ਪ੍ਰਗਟਾਉਣ ਦੀ ਅਜ਼ਾਦੀ ਜੋ ਸੰਵਿਧਾਨ ਦਾ ਮੁਖ ਮੁੱਦਾ ਹੈ ਤੇ ਮਨੁੱਖੀ ਅਜ਼ਾਦੀ ਦਾ ਪ੍ਰਗਟਾਵਾ ਹੈ, ਉਸ ’ਤੇ ਵੀ ਪਾਬੰਦੀ ਲੱਗ ਰਹੀ ਹੈ। ਦੇਸਧ੍ਰੋਹੀ ਹੋਣ ਦੇ ਕੇਸ ਜਿਹੜੇ ਅੰਗਰੇਜ਼ ਕਾਲ ਦੌਰਾਨ ਭਾਰਤੀਆਂ ’ਤੇ ਦਰਜ ਹੋਏ ਸਨ, ਉਹੀ ਮੋਦੀ ਸਰਕਾਰ ਜਮਹੂਰੀਅਤ ਪਸੰਦ ਲੋਕਾਂ ’ਤੇ ਕਰ ਰਹੀ ਹੈ। ਇਹ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ। ਇਸ ਸਮੇਂ ਭਾਰਤ ਦੇ ਦੋ ਅਹਿਮ ਰਾਜਾਂ ਵਿੱਚ ਚੋਣ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ। ਇਨ੍ਹਾਂ ਦੋਵਾਂ ਰਾਜਾਂ, ਮਹਾਰਾਸ਼ਟਰ ਤੇ ਹਰਿਆਣਾ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ। ਸਮੁੱਚੇ ਭਾਰਤ ਦੇ ਹਰ ਆਰਥਿਕ ਖੇਤਰ ਵਿੱਚ ਮੰਦੀ ਛਾਈ ਹੋਈ ਹੈ। ਹਰ ਰੋਜ਼ ਰੁਜ਼ਗਾਰ-ਪ੍ਰਾਪਤ ਲੋਕਾਂ ਦੀ ਛਾਂਟੀ ਦੀਆਂ ਖ਼ਬਰਾਂ ਆ ਰਹੀਆਂ ਹਨ। ਬੇਰੁਜ਼ਗਾਰੀ, ਮਹਿੰਗਾਈ ਵਧ ਰਹੀ ਹੈ ਤੇ ਵਿਕਾਸ ਨੂੰ ਬਰੇਕਾਂ ਲੱਗ ਚੁੱਕੀਆਂ ਹਨ, ਪਰ ਚੋਣਾਂ ਦੇ ਪ੍ਰਚਾਰ ਦੌਰਾਨ ਇਹ ਮੁੱਦੇ ਗਾਇਬ ਹਨ। ਭਾਜਪਾ ਦੇ ਮੁੱਖ ਨੀਤੀ ਘਾੜੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ ਹਰ ਭਾਸ਼ਣ ਵਿੱਚ ਇੱਕੋ ਰਟ ਲਾ ਰਹੇ ਹਨ ਕਿ ਨੈਸ਼ਨਲ ਸਿਟੀਜ਼ਨ ਰਜਿਸਟਰ ਦੀ ਯੋਜਨਾ ਅਸਾਮ ਤੋਂ ਬਾਅਦ ਸਾਰੇ ਦੇਸ਼ ਵਿੱਚ ਲਾਗੂ ਕੀਤੀ ਜਾਵੇਗੀ। ਇਸ ਨਾਅਰੇ ਰਾਹੀਂ ਉਹ ਹਿੰਦੂ ਵੋਟਾਂ ਦਾ ਧਰੁਵੀਕਰਨ ਕਰਕੇ ਉਨ੍ਹਾਂ ਨੂੰ ਭਾਜਪਾ ਦੇ ਹੱਕ ਵਿੱਚ ਭੁਗਤਾਉਣ ਦੀ ਚਾਲ ਚੱਲ ਰਹੇ ਹਨ। ਭਾਰਤ ਵਿੱਚ ਸਭ ਤੋਂ ਵੱਧ ਸ਼ਰਨਾਰਥੀ ਬੰਗਲਾਦੇਸ਼, ਨੇਪਾਲ, ਤਿੱਬਤ, ਸ੍ਰੀਲੰਕਾ ਅਤੇ ਮਿਆਂਮਾਰ ਦੇ ਹਨ। ਬਹੁਤੇ ਮੁਸਲਮਾਨ ਹਨ। ਮੋਦੀ ਸਰਕਾਰ ਸਪੱਸ਼ਟ ਕਰ ਚੁੱਕੀ ਹੈ ਕਿ ਹਿੰਦੂਆਂ ਨੂੰ ਨੁਕਸਾਨ ਨਹੀਂ ਹੋਵੇਗਾ, ਇਸ ਤੋਂ ਸਾਫ਼ ਹੁੰਦਾ ਹੈ ਕਿ ਕਥਿਤ ਸ਼ਰਨਾਰਥੀ ਮੁਸਲਮਾਨਾਂ ਨੂੰ ਦੇਸ ਵਿਚੋਂ ਕੱਢਿਆ ਜਾਵੇਗਾ। ਇਹ ਸਾਰੀ ਖੇਡ ਫਾਸ਼ੀਵਾਦ ਦੀ ਹੈ, ਜਿੱਥੇ ਘੱਟ ਗਿਣਤੀ ਕੌਮਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਤੇ ਝੂਠੇ ਕੇਸ ਪਾਏ ਜਾ ਰਹੇ ਹਨ। ਅਮਿਤ ਸ਼ਾਹ ਦਾ ਇਹ ਬਿਆਨ ਸਿੱਧੇ ਤੌਰ ਉੱਤੇ ਭਾਰਤੀ ਸੰਵਿਧਾਨ ਦੀ ਭਾਵਨਾ ਦੇ ਉਲਟ ਹੈ, ਜਿਹੜੀ ਨਸਲ, ਰੰਗ ਤੇ ਧਾਰਮਿਕ ਵਿਤਕਰੇ ਦੀ ਮਨਾਹੀ ਕਰਦੀ ਹੈ। ਭਾਜਪਾ ਸਰਕਾਰ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਜੰਮੂ ਕਸ਼ਮੀਰ ਵਿਚ 370 ਧਾਰਾ ਦਾ ਵਿਰੋਧ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਰਣਨੀਤੀ ਅਪਨਾ ਰਹੀ ਹੈ। ਇਹ ਸਿੱਧਾ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ’ਤੇ ਹਮਲਾ ਹੈ।

ਇਤਿਹਾਸ ਗਵਾਹ ਹੈ ਕਿ ਦੇਸ਼ਧ੍ਰੋਹ ਦਾ ਪਹਿਲਾ ਕੇਸ 1891 ਵਿਚ ਇਕ ਬੰਗਾਲੀ ਪੱਤਰਕਾਰ ਵਿਰੁਧ ਅੰਗਰੇਜ਼ ਸਰਕਾਰ ਨੇ ਦਰਜ ਕੀਤਾ ਸੀ। ਪੱਤਰਕਾਰ ਜੋਗਿੰਦਰ ਚੰਦਰ ਬੋਸ, ਲੋਕਮਾਨਿਆ ਤਿਲਕ ਨੂੰ ਗ੍ਰਿਫ਼ਤਾਰ ਕਰਨ ਲਈ ਅੰਗਰੇਜ਼ਾਂ ਨੇ ਲੋਕਾਂ ਨੂੰ ਭੜਕਾਉਣ ਵਿਰੁਧ ਇਕ ਕਾਨੂੰਨ ਸਿਰਜਿਆ ਸੀ ਤੇ ਆਸ਼ੀਸ਼ ਤ੍ਰਿਵੇਦੀ ਉਤੇ ਯੂ.ਪੀ.ਏ.-2 ਸਰਕਾਰ ਵੇਲੇ ਇਹੀ 124-ਏ ਦਾ ਮਾਮਲਾ ਦਰਜ ਹੋਇਆ ਸੀ। ਤਾਮਿਲਨਾਡੂ ਵਿਚ ਯੂ.ਪੀ.ਏ. ਵਲੋਂ 9000 ਪ੍ਰਦਰਸ਼ਨਕਾਰੀਆਂ ਵਿਰੁਧ ਇਹੀ ਦੇਸ਼ਧ੍ਰੋਹ ਕਾਨੂੰਨ ਇਸਤੇਮਾਲ ਹੋਇਆ ਸੀ ਜਦੋਂ ਉਨ੍ਹਾਂ ਨਿਊਕਲੀਅਰ ਪਲਾਂਟ ਵਿਰੁਧ ਸੰਘਰਸ਼ ਕੀਤਾ ਸੀ। ਇਹੀ ਕਾਨੂੰਨ ਪੰਜਾਬ ਸੰਤਾਪ ਦੇ ਦੌਰਾਨ ਸਿੱਖਾਂ ਉੱਪਰ ਦਰਜ ਕੀਤੇ ਗਏ। 2014 ਤੋਂ ਬਾਅਦ ਮੋਦੀ ਸਰਕਾਰ ਨੇ ਇਸ ਕਾਨੂੰਨ ਦੀ ਵੱਡੇ ਪੱਧਰ ’ਤੇ ਦੁਰਵਰਤੋਂ ਕੀਤੀ। ਜਵਾਹਰ ਲਾਲ ‘ਵਰਸਟੀ ਦੇ ਵਿਦਿਆਰਥੀਆਂ ਤੇ ਜੰਮੂ ਕਸ਼ਮੀਰ ਦੇ ਲੋਕਾਂ ਉੱਪਰ ਇਹ ਕਾਨੂੰਨ ਠੋਸਿਆ ਗਿਆ।

ਭਾਰਤ ਅੰਦਰ ਵਾਪਰੀਆਂ ਹਜੂਮੀ ਹਿੰਸਾ ਦੀਆਂ ਘਟਨਾਵਾਂ ’ਤੇ ਚਿੰਤਾ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤ ਲਿਖਣ ਵਾਲੀਆਂ 50 ਦੇ ਕਰੀਬ ਹਸਤੀਆਂ ਖ਼ਿਲਾਫ਼ ਬਿਹਾਰ ਦੇ ਮੁਜ਼ੱਫਰਨਗਰ ਵਿਚ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਹਸਤੀਆਂ ਵਿਚ ਅਪਰਨਾ ਸੇਨ, ਅਦੂਰ ਗੋਪਾਲਾਕ੍ਰਿਸ਼ਨਨ ਤੇ ਰਾਮਚੰਦਰ ਗੁਹਾ ਵਰਗੇ ਨਾਂ ਸ਼ਾਮਲ ਹਨ। ਇਹ ਕੇਸ ਦਰਜ ਕਰਨ ਦੇ ਹੁਕਮ ਮੁਜ਼ੱਫਰਨਗਰ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਸੂਰਿਆ ਕਾਂਤ ਨੇ ਸਥਾਨਕ ਵਕੀਲ ਸੁਧੀਰ ਕੁਮਾਰ ਓਝਾ ਦੀ ਅਪੀਲ ’ਤੇ ਜਾਰੀ ਕੀਤੇ ਹਨ। ਐਡਵੋਕੇਟ ਓਝਾ ਨੇ ਆਪਣੀ ਅਪੀਲ ਵਿਚ ਦਾਅਵਾ ਕੀਤਾ ਸੀ ਕਿ ਇਹ ਖ਼ਤ ਵੱਖਵਾਦੀ ਰੁਝਾਨ ਦੀ ਹਮਾਇਤ ਕਰਦਾ ਹੈ। ਚੀਫ ਜੁਡੀਸ਼ਲ ਮੈਜਿਸਟਰੇਟ ਨੇ ਮੇਰੀ ਅਪੀਲ ਸਵੀਕਾਰ ਕਰਦਿਆਂ 20 ਅਗਸਤ ਨੂੰ ਹੁਕਮ ਜਾਰੀ ਕੀਤੇ ਸਨ। ਇਹ ਹੁਕਮ ਪ੍ਰਾਪਤ ਹੋਣ ਤੋਂ ਬਾਅਦ ਸਦਰ ਪੁਲੀਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਹਸਤੀਆਂ ਵੱਲੋਂ ਲਿਖੇ ਖ਼ਤ ਨਾਲ ਦੇਸ਼ ਦੇ ਅਕਸ ਤੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾ ਰਹੇ ਵਧੀਆ ਕੰਮਾਂ ਨੂੰ ਢਾਹ ਲੱਗੀ ਹੈ।’

ਜ਼ਿਕਰਯੋਗ ਹੈ ਕਿ ਫਿਲਮਸਾਜ਼ ਮਨੀ ਰਤਨਮ, ਅਨੁਰਾਗ ਕਸ਼ਯਪ, ਸ਼ਿਆਮ ਬੈਨੇਗਲ, ਅਦਾਕਾਰਾ ਸੌਮਿੱਤਰਾ ਚੈਟਰਜੀ ਅਤੇ ਗਾਇਕਾ ਸ਼ੁਭਾ ਮੁਦਗਲ ਸਮੇਤ ਦੇਸ਼ ਦੀਆਂ 49 ਉੱਘੀਆਂ ਹਸਤੀਆਂ ਨੇ ਇਸ ਸਾਲ ਜੁਲਾਈ ਮਹੀਨੇ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹਾ ਖ਼ਤ ਲਿਖ ਕੇ ਉਨ੍ਹਾਂ ਨੂੰ ਦੇਸ਼ ਅੰਦਰ ਮੁਸਲਮਾਨਾਂ, ਦਲਿਤਾਂ ਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨਾਲ ਵਾਪਰ ਰਹੀ ਹਜੂਮੀ ਕਤਲਾਂ ਦੀਆਂ ਘਟਨਾਵਾਂ ਰੋਕਣ ਲਈ ਕਿਹਾ ਸੀ। ਉਨ੍ਹਾਂ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਸੀ ਕਿ ਬਿਨਾਂ ਵਿਰੋਧੀਆਂ ਦੇ ਲੋਕਤੰਤਰ ਨਹੀਂ ਹੋ ਸਕਦਾ। ਅਦਾਕਾਰਾ ਅਪਰਨਾ ਸੇਨ ਨੇ ਇਹ ਕਹਿੰਦਿਆਂ ਇਸ ਮਾਮਲੇ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਮਾਮਲਾ ਹੁਣ ਅਦਾਲਤ ਦੇ ਵਿਚਾਰ



ਅਧੀਨ ਹੈ।

ਮਸ਼ਹੂਰ ਫਿਲਮ ਹਸਤੀ ਅਦੂਰ ਗੋਪਾਲਾਕ੍ਰਿਸ਼ਨਨ ਨੇ ਮੋਦੀ ਸਰਕਾਰ ’ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਕੁਝ ਭਗਵੇਂਵਾਦੀਆਂ ਸਮੇਤ ਸਾਂਸਦ ਪ੍ਰਗਿਆ ਠਾਕੁਰ ਨਾਥੂ ਰਾਮ ਗੋਡਸੇ ਨੂੰ ਸ਼ਰਧਾਂਜਲੀ ਦੇਣ ਲਈ ਮਹਾਤਮਾ ਗਾਂਧੀ ਦੇ ਪੁਤਲੇ ’ਤੇ ਗੋਲੀਆਂ ਚਲਾ ਰਹੀ ਹੈ ਅਤੇ ਅਦਾਲਤ ਨੇ ਇਸ ਸਬੰਧੀ ਕੋਈ ਕੇਸ ਦਰਜ ਨਹੀਂ ਕੀਤਾ। ਪਰ ਜੋ ਜਮਹੂਰੀਅਤ ਦੀ ਗੱਲ ਕਰਦੇ ਹਨ, ਉਨ੍ਹਾਂ ’ਤੇ ਕੇਸ ਦਰਜ ਕੀਤਾ ਜਾ ਰਿਹਾ ਹੈ।

ਡੀ ਐੱਮ ਕੇ ਦੇ ਪ੍ਰਧਾਨ ਐੱਮ ਕੇ ਸਟਾਲਿਨ ਨੇ ਵੀ ਬੁੱਧੀਜੀਵੀਆਂ ਦੇ ਹੱਕ ਵਿਚ ਨਿਤਰਦਿਆਂ ਮੋਦੀ ਸਰਕਾਰ ਦੀ ਅਲੋਚਨਾ ਕੀਤੀ ਹੈ ਕਿ ਅਜਿਹਾ ਪੱਤਰ ਲਿਖਣਾ ਦੇਸ਼-ਧਰੋਹ ਕਿਸ ਤਰ੍ਹਾ ਹੋ ਸਕਦਾ ਹੈ। ਇਹ ਲੋਕਾਂ ਦੇ ਮਨ ਵਿਚ ਡਰ ਪੈਦਾ ਕਰੇਗਾ ਕਿ ਕੀ ਉਹ ਲੋਕਤੰਤਰਿਕ ਦੇਸ਼ ਵਿਚ ਰਹਿੰਦੇ ਹਨ। ਇਸ ਮਾਮਲੇ ਵਿੱਚ ਮੋਦੀ ਸਰਕਾਰ ’ਤੇ ਲੱਗ ਰਹੇ ਦੋਸ਼ਾਂ ਬਾਰੇ ਭਾਜਪਾ ਦੇ ਸੀਨੀਅਰ ਆਗੂ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਦਾ ਕਹਿਣਾ ਹੈ ਕਿ ਇੱਕ ਪਟੀਸ਼ਨ ’ਤੇ ਬਿਹਾਰ ਦੀ ਅਦਾਲਤ ਵਲੋਂ ਦਿੱਤੇ ਗਏ ਆਦੇਸ਼ ’ਤੇ ਇਹ ਐੱਫਆਈਆਰ ਦਰਜ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਐੱਫਆਈਆਰ ਦਰਜ ਨਹੀਂ ਕਰਵਾਈ। ਇਸ ਦਾ ਭਾਜਪਾ ਅਤੇ ਸਰਕਾਰ ਨਾਲ ਕੋਈ ਲੈਣ-ਦੇਣ ਨਹੀਂ ਹੈ।

ਹੁਣ ਤਕ ਪ੍ਰਧਾਨ ਮੰਤਰੀ ਨੇ ਇਸ ਸੰਵਿਧਾਨ ਵਿਰੋਧੀ ਸਮੁੱਚੇ ਵਰਤਾਰੇ ਬਾਰੇ ਕੋਈ ਨੋਟਿਸ ਨਹੀਂ ਲਿਆ। ਮੋਹਨ ਭਾਗਵਤ ਨੇ ਝੂਠ ਬੋਲਦਿਆਂ ਇਹ ਛੁਰਲੀ ਛੱਡੀ ਕਿ ਲਿੰਚਿੰਗ ਦੀਆਂ ਘਟਨਾਵਾਂ ਨਾਲ ਸੰਘ ਦੇ ਸੋਇਮ ਸੇਵਕਾਂ ਦਾ ਕੋਈ ਸੰਬੰਧ ਨਹੀਂ ਹੁੰਦਾ। ਦੁਸਹਿਰੇ ਦੇ ਮੌਕੇ ਨੂੰ ਆਰ ਐੱਸ ਐੱਸ ਆਪਣੇ ਸਥਾਪਨਾ ਦਿਵਸ ਵਜੋਂ ਵੀ ਮਨਾਉਂਦਾ ਹੈ। ਇਸ ਦਿਨ ਆਰ ਐੱਸ ਐੱਸ ਦੇ ਸਰਸੰਘ ਚਾਲਕ ਦੇ ਭਾਸ਼ਣ ਦੀ ਪੁਰਾਣੀ ਰਵਾਇਤ ਹੈ। ਇਸ ਦਿਨ ਉਹ ਹਿੰਦੂ ਸਮਾਜ ਦੇ ਵਰਤਮਾਨ ਹਾਲਤਾਂ ਉੱਤੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਇਸ ਵਾਰ ਦਾ ਦੁਸਹਿਰਾ ਸਥਾਪਨਾ ਦਿਵਸ ਸੰਘ ਲਈ ਇਸ ਲਈ ਅਹਿਮ ਸੀ ਕਿ ਇਹ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਮਨਾਇਆ ਜਾਣ ਵਾਲਾ ਪਹਿਲਾ ਸਥਾਪਨਾ ਦਿਵਸ ਸੀ। ਇਸੇ ਲਈ ਇਸ ਵਾਰ ਸਰਸੰਘ ਚਾਲਕ ਮੋਹਨ ਭਾਗਵਤ ਦੇ ਭਾਸ਼ਣ ਉੱਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ।

ਮੋਹਨ ਭਾਗਵਤ ਨੇ ਆਪਣੇ ਭਾਸ਼ਣ ਵਿੱਚ ਪਹਿਲੀ ਵਾਰ ਸਿੱਧੇ ਤੌਰ ਉੱਤੇ ਕਿਹਾ ਕਿ ਹਿੰਦੋਸਤਾਨ ਇੱਕ ਹਿੰਦੂ ਰਾਸ਼ਟਰ ਹੈ ਅਤੇ ਇਸਲਾਮ ਇੱਕ ਹਮਲਾਵਰ ਦੇ ਤੌਰ ਉੱਤੇ ਭਾਰਤ ਵਿੱਚ ਆਇਆ ਸੀ। ਉਹ ਇੱਥੇ ਹੀ ਨਹੀਂ ਰੁਕੇ, ਉਨ੍ਹਾ ਲਿੰਚਿੰਗ (ਭੀੜਤੰਤਰੀ ਹੱਤਿਆਵਾਂ) ਦੇ ਬਹਾਨੇ ਸਿੱਧੇ ਤੌਰ ਉੱਤੇ ਮੁਸਲਮਾਨਾਂ ਤੇ ਈਸਾਈਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾ ਕਿਹਾ ਕਿ ਲਿੰਚਿੰਗ ਇੱਕ ਪੱਛਮੀ ਵਰਤਾਰਾ ਹੈ ਤੇ ਇਹ ਬਾਹਰੋਂ ਆਉਣ ਵਾਲੇ ਧਾਰਮਿਕ ਗਰੰਥਾਂ ਵਿੱਚੋਂ ਨਿਕਲਦਾ ਹੈ। ਇਸ ਸੰਬੰਧੀ ਉਨ੍ਹਾ ਈਸਾ ਮਸੀਹ ਦਾ ਹਵਾਲਾ ਵੀ ਦਿੱਤਾ। ਇਸ ਤੋਂ ਸਾਫ਼ ਹੈ ਕਿ ਉਨ੍ਹਾ ਲਿੰਚਿੰਗ ਲਈ ਕ੍ਰਿਸਚੀਅਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾ ਇਹ ਵੀ ਕਹਿ ਦਿੱਤਾ ਕਿ ਇਹ ਧਰਮ ਭਾਰਤ ਦੇ ਨਹੀਂ, ਬਾਹਰ ਦੇ ਹਨ।

ਪਿਛਲੇ ਛੇ ਸਾਲਾਂ ਦੌਰਾਨ ਭੀੜਤੰਤਰੀ ਹੱਤਿਆਵਾਂ (ਲਿੰਚਿੰਗ) ਦਾ ਸਭ ਤੋਂ ਵੱਧ ਸ਼ਿਕਾਰ ਮੁਸਲਮਾਨ ਤੇ ਦਲਿਤ ਹੋਏ ਹਨ। ਹੁਣ ਜਦੋਂ ਸੰਘ ਮੁਖੀ ਭਾਗਵਤ ਨੇ ਲਿੰਚਿੰਗ ਦਾ ਦੋਸ਼ ਕ੍ਰਿਸਚੀਅਨਾਂ ‘ਤੇ ਵੀ ਮੜ੍ਹ ਦਿੱਤਾ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਅਗਲਾ ਨਿਸ਼ਾਨਾ ਭਾਰਤੀ ਈਸਾਈ ਹੋਣਗੇ। ਆਰ ਐੱਸ ਐੱਸ ਦੀਆਂ ਸੈਂਕੜੇ ਫਰੰਟਲ ਜਥੇਬੰਦੀਆਂ ਹਨ। ਇਨ੍ਹਾਂ ਵਿੱਚ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ, ਹਿੰਦੂ ਮੁਕਤੀ ਵਾਹਿਨੀ, ਗਊ ਰਕਸ਼ਕ ਦਲ ਆਦਿ-ਆਦਿ। ਇਹ ਸਭ ਜਥੇਬੰਦੀਆਂ ਮੋਹਨ ਭਾਗਵਤ ਦੇ ਇਸ਼ਾਰੇ ਉੱਤੇ ਕੰਮ ਕਰਦੀਆਂ ਹਨ। ਉਨ੍ਹਾ ਆਪਣੇ ਭਾਸ਼ਣ ਵਿੱਚ ਇਸ਼ਾਰਾ ਕਰ ਦਿੱਤਾ ਹੈ। ਇਸ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਮੋਦੀ ਸਰਕਾਰ ਦੇ ਕਾਰਜਾਂ ਵਿਚ ਦਖਲਅੰਦਾਜ਼ੀ ਕਰਕੇ ਭਾਰਤ ਨੂੰ ਫਾਸ਼ੀਵਾਦ ਵਲ ਧਕੇਲ ਰਹੀ ਹੈ। ਜਿੰਨੀ 124-ਏ ਦੀ ਦੁਰਵਰਤੋਂ ਮੋਦੀ ਸਰਕਾਰ ਦੇ ਇਸ ਦੌਰ ਵਿਚ ਹੋਈ, ਉਸ ਦਾ ਮੁਕਾਬਲਾ ਅੰਗਰੇਜ਼ਾਂ ਨਾਲ ਹੀ ਹੋ ਸਕਦਾ ਹੈ ਅਤੇ ਇਨ੍ਹਾਂ ਸਦਕਾ ਉਹ 49 ਬੁੱਧੀਜੀਵੀਆਂ, ਮਸ਼ਹੂਰ ਹਸਤੀਆਂ ਵੀ ਲੋਕਮਾਨਿਆ ਤਿਲਕ ਨਾਲ ਕਟਹਿਰੇ ਵਿਚ ਖੜੀਆਂ ਹੋ ਗਈਆਂ ਹਨ। ਇਸ ਤੋਂ ਸਾਫ ਜ਼ਾਹਿਰ ਹੈ ਕਿ ਇਸ ਕਾਨੂੰਨ ਰਾਹੀਂ ਲੋਕ ਹਿੱਤ ਖਤਮ ਕੀਤੇ ਜਾ ਰਹੇ ਹਨ।

# ਇੰਡੀਆ ਗੇਟ ’ਤੇ ਗੁਰੂ ਨਾਨਕ ਪੁਰਬ ਭਗਵੇਂ ਰੰਗ ’ਚ ਰੰਗਿਆ

## *ਸਾਬਕਾ ਐਮਪੀ ਤਰਲੋਚਨ ਸਿੰਘ ਨੇ ਸੰਘ ਪਰਿਵਾਰ ਦੇ ਮੁਖੀ ਭਾਗਵਤ ਦੇ ਗੁਣ ਗਾਇਨ ਕਰਕੇ ਅਕਾਲ ਤ਼ਖ਼ਤ ਸਾਹਿਬ ਦੇ ਹੁਕਮਾਂ ਦੀ ਕੀਤੀ ਉਲੰਘਣਾ*

- **ਭਾਜਪਾਈ ਲੀਡਰ ਨੰਗੇ ਸਿਰ ਤੇ ਸਿੱਖ ਲੀਡਰ ਜੁੱਤੀਆਂ ਸਮੇਤ ਸਮਾਗਮ ’ਚ ਸ਼ਾਮਲ ਹੋਏ**
- **ਸਿੰਘ ਸਾਹਿਬ ਭਾਈ ਰਣਜੀਤ ਸਿੰਘ ਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਵਲੋਂ ਸਿੱਖ ਪ੍ਰਬੰਧਕਾਂ ਦੀ ਨਿਖੇਧੀ**
- **ਭਾਈ ਲੌਂਗੋਵਾਲ, ਮਨਜਿੰਦਰ ਸਿੰਘ ਸਿਰਸਾ ਬਾਦਲ ਪਰਿਵਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ : ਭਾਈ ਰਣਜੀਤ ਸਿੰਘ**
- **ਭਾਰਤ ਸਰਕਾਰ ਸੰਯੁਕਤ ਰਾਸ਼ਟਰ ਰਾਹੀਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਹਰ ਭਾਸ਼ਾ ਵਿਚ ਅਨੁਵਾਦ ਕਰਵਾ ਕੇ ਸਾਰੀ ਦੁਨੀਆਂ ਵਿਚ ਵੰਡੇਗੀ**



### ਬਾਬੇ ਨਾਨਕ ਦੇ ਸਿੱਖ ਹੋਏ ਬਹੁਤੇ ਮਾਡਰਨ

ਹੈਰਾਨਗੀ ਦੀ ਗੱਲ ਹੈ ਕਿ ਅਜੋਕੇ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਸਿੱਖ ਇੰਨੇ “ਮਾਡਰਨ” ਬਣ ਗਏ ਹਨ ਕਿ ਕੁਰਸੀਆਂ ਤੇ ਬੈਠ ਕੇ “ਲੱਤ ਤੇ ਲੱਤ” ਰੱਖ ਕੇ ਕੀਰਤਨ ਦਾ ਆਨੰਦ ਮਾਣ ਰਹੇ ਸਨ। ਇਸ ਪੰਡਾਲ ਵਿੱਚ ਇੱਕ ਪਾਸੇ ਗੁਰਦੁਆਰਾ ਸਾਹਿਬ ਦੀ ਤਰ੍ਹਾਂ ਸਜਾਏ ਪੰਡਾਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਫਿਲਮ ਦਿਖਾਈ ਜਾ ਰਹੀ ਹੈ ਉਸ ਦੇ ਅੱਗੇ ਸੈਂਕੜਿਆਂ ਦੀ ਤਦਾਦ ਵਿੱਚ ਬੈਠੇ ਕੀਰਤਨੀਏ ਸਿੰਘ ਸ਼ਬਦ ਕੀਰਤਨ ਕਰ ਰਹੇ ਹਨ ਪ੍ਰੰਤੂ ਉਸ ਦੇ ਅੱਗੇ ਚਿੱਟੇ ਕੱਪੜੇ ਨਾਲ ਸਜਾਈਆਂ ਕੁਰਸੀਆਂ ਅਤੇ ਗਲੀਚੇ ਨਾਲ ਸਜੇ ਪੰਡਾਲ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸਮੇਤ ਸਕੂਲ ਸਮੂਹ ਅਕਾਲੀ ਲੀਡਰਸ਼ਿਪ ਕੁਰਸੀਆਂ ਤੇ ਬੈਠ ਕੇ ਕੀਰਤਨ ਦਾ ਆਨੰਦ ਮਾਣ ਰਹੇ ਹਨ ਅਤੇ ਉਸ ਦੇ ਪਿੱਛੇ ਸਮੂਹ ਸੰਗਤ ਕੁਰਸੀਆਂ ਤੇ ਬੈਠੀ ਹੋਈ ਹੈ ਜਦੋਂ ਕਿ ਸਿੱਖ ਸਿਧਾਂਤ ਅਤੇ ਗੁਰਮਰਿਆਦਾ ਅਨੁਸਾਰ ਚਾਹੀਦਾ ਸੀ ਕਿ ਜਿਸ ਤਰੀਕੇ ਨਾਲ ਗੁਰਦੁਆਰਾ ਸਾਹਿਬ ਵਿੱਚ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਉਸੇ ਤਰ੍ਹਾਂ ਸਮਾਗਮ ਕਰਵਾਇਆ ਜਾਂਦਾ ਅਤੇ ਗੁਰੂ ਰੂਪ ਸੰਗਤ ਪੰਡਾਲ ਵਿੱਚ ਆ ਕੇ ਬੈਠਦੀ।

**ਨਵੀਂ ਦਿੱਲੀ/ਏ.ਟੀ. ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ‘ਸ਼ਬਦ ਅਨਾਹਦ’ ਪ੍ਰੋਗਰਾਮ ਇਥੇ ਇੰਡੀਆ ਗੇਟ ਵਿਚ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚੋਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਗਾਇਬ ਕਰ ਦਿੱਤੀ। ਇਸ ਪ੍ਰੋਗਰਾਮ ਵਿਚ 550 ਕੀਰਤਨੀਆਂ ਵਲੋਂ ਕੀਰਤਨ ਕੀਤਾ ਗਿਆ ਅਤੇ ਇਸ ਕੀਰਤਨ ਨੂੰ ਸਰਵਣ ਕਰਨ ਵਾਸਤੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੈਂਬਰ ਪਾਰਲੀਮੈਂਟ ਪ੍ਰਵੇਸ਼ ਵਰਮਾ, ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਸ਼ੇਸ਼ ਮਹਿਮਾਨ ਪੁੱਜੇ ਹੋਏ ਸਨ। ਹੈਰਾਨੀ ਦੀ ਗੱਲ ਇਹ ਰਹੀ ਕਿ ਇਸ ਦੌਰਾਨ ਜਿੱਥੇ ਪੰਡਾਲ ਵਿਚ ਪਹੁੰਚੇ ਸਾਰੀ ਸੰਗਤ ਨੇ ਸਿਰ ਢੱਕੇ ਹੋਏ ਸਨ ਪਰ ਇਨ੍ਹਾਂ ਆਗੂਆਂ ਨੇ ਆਪਣੇ ਪੈਰਾਂ ਵਿਚ ਜੁੱਤੀਆਂ ਸਨ ਤੇ ਨੰਗੇ ਸਿਰ ਸਨ। ਇਹ ਸਮਾਗਮ ਗੁਰਮਰਿਯਾਦਾ ਦੇ ਉਲਟ ਤੇ ਭਗਵੇਂ ਰੰਗ ਵਿਚ ਰੰਗਿਆ ਹੋਇਆ ਸੀ। ਇਸ ਤਰ੍ਹਾਂ ਜਾਪਦਾ ਹੈ ਕਿ ਸ਼ਤਾਬਦੀ ਸਮਾਰੋਹਾਂ ਉਪਰ ਮਲਕ ਭਾਗੋਆਂ, ਬਿਪਰਨੀ ਤੇ ਕਰਮਕਾਂਡੀਆਂ ਦਾ ਕਬਜ਼ਾ ਹੋ ਚੁੱਕਾ ਹੈ। ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਟਕਰਾਅ ਕਾਰਨ ਸੰਗਤ ਪਹਿਲਾਂ ਹੀ ਨਿਰਾਸ਼ ਹੈ।

### ਸੰਘ ਪਰਿਵਾਰ ਦਾ ਭਗਵਾਂ ਰੰਗ

ਸਿੱਖ ਪੰਥ ਦੇ ਰੰਗ ਸੁਰਮਈ ਨੀਲੇ ਤੇ ਬਸੰਤੀ ਹਨ ਪਰ ਭਾਜਪਾ ਤੇ ਸੰਘ ਪਰਿਵਾਰ ਨੂੰ ਖ਼ੁਸ਼ ਕਰਨ ਲਈ ਸਟੇਜ ਤੇ ਸਾਰਾ ਵਾਤਾਵਰਨ ਭਗਵਾਂ ਕਰ ਇਹ ਸੁਨੇਹਾ ਦਿੱਤਾ ਕਿ ਸਿੱਖ ਹਿੰਦੂਤਵ ਦਾ ਭਾਗ ਹਨ। ਸਿੱਖ ਧਰਮ ਦੇ ਇਹ ਠੇਕੇਦਾਰ ਪਹਿਲਾਂ ਹੀ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੇ ਨਿਸ਼ਾਨ ਸਾਹਿਬ ਭਗਵੇਂ ਕਰ ਚੁਕੇ ਹਨ। ਗੁਰੂ ਨਾਨਕ ਦੇ ਸਿਧਾਂਤ ਅਨੁਸਾਰ ਸੰਗਤ ਦਾ ਦਰਜਾ ਗੁਰੂ ਤੋਂ ਉਪਰ ਹੈ ਪਰ ਇਸ ਭਗਵੇ ਸੰਘੀ ਮਿਸ਼ਨ ਤਹਿਤ ਇਥੇ ਗੁਰੂ ਨਾਨਕ ਸਾਹਿਬ ਦੇ ਸ਼ਤਾਬਦੀ ਸਮਾਰੋਹ ਮੌਕੇ ਦੀ ਸੰਗਤ ਛੋਟੀ ਕਰ ਵਿਖਾਈ, ਨੇਤਾ, ਪਾਰਟੀ ਮੈਂਬਰ ਸੰਗਤ ਤੋਂ ਮਹਾਨ ਕਰਕੇ ਗੁਰੂ ਗਰੰਥ ਤੇ ਗੁਰੂ ਪੰਥ ਦੀ ਤੌਹੀਨ ਕੀਤੀ। ਇਸ ਸਮਾਗਮ ਦੌਰਾਨ ਸਾਬਕਾ ਐਮਪੀ ਤਰਲੋਚਨ ਸਿੰਘ ਜੋ ਕਿ 89 ਸਾਲ ਦੇ ਹਨ, ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਦੇ ਗੁਣ ਗਾਇਨ ਕੀਤੇ। ਹੁਣੇ ਜਿਹੇ ਜਥੇਦਾਰ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਸੰਦੇਸ਼ ਦੇ ਕੇ ਸੰਘ ਮੁਖੀ ਭਾਗਵਤ ਦੀ ਨਿੰਦਾ ਕੀਤੀ ਸੀ ਕਿ ਉਸ ਨੇ ਸਿੱਖ ਪੰਥ ਨੂੰ ਹਿੰਦੂ ਧਰਮ ਦਾ ਅੰਗ ਦੱਸਿਆ। ਪਰ ਇਸ ਸਟੇਜ ਤੋਂ ਭਾਗਵਤ ਤੇ ਆਰ ਐਸ ਐਸ ਦੀ ਸ਼ਲਾਘਾ ਕਰਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕੀਤੀ ਗਈ।

ਸਮਾਗਮ ਵਿਚ ਇਹ ਰਾਗੀ ਗੁਰੂ ਘਰ ਦੇ ਕੀਰਤਨੀਏ ਨਹੀਂ ਸਨ। ਰਾਜ ਗਾਇਕ ਸਨ ਜਿਹਨਾਂ ਦੀ ਕਲਾ ਦਾ ਮੁੱਲ ਦਿੱਤਾ ਜਾਂਦਾ ਹੈ। ਸ਼ਬਦ ਤੇ ਕੀਰਤਨ ਦੀ ਆਪਣੀ ਮਰਿਯਾਦਾ ਹੈ। ਕੀ ਕਦੇ ਕੀਰਤਨ ਪਰੰਪਰਾ ਵਿਚ ਵਾਪਰਿਆ ਹੈ ਸਮੂਹਿਕ ਅਲਾਪ। ਸਾਡੀ ਪਰੰਪਰਾ ਕੀਰਤਨ ਕਰਨ ਮਗਰੋਂ ਸੰਗਤ ਸ਼ਬਦ ਪੜ੍ਹਦੀ ਹੈ। ਮਨੂੰਵਾਦੀ ਚਿਤਰਨ ਰਾਗ ਦਰਬਾਰ ਕੀਰਤਨ ਰਸਨਾ ਭੰਗ ਕਰਦੀ ਹੈ, ਸੰਗਤ ਬਿਰਤੀ ਤੋੜਦੀ ਹੈ। ਜੋ ਭਗਵੀਆਂ ਪੱਗਾਂ ਤੇ ਗਾਤਰੇ ਪਾ ਕੇ ਰਾਜ ਕੀਰਤਨੀ ਦਰਬਾਰੀਆਂ ਨੇ ਗੁਰੂ ਸਭਿਅਤਾ ਦਾ ਮਖੌਲ ਉਡਾਇਆ ਤੇ ਸਿਖ ਧਰਮ ਨੂੰ ਹਿੰਦੂਤਵ ਵਲ ਲਿਜਾਣ ਦੀ ਨਵੀਂ ਕੀਰਤਨ ਪਰੰਪਰਾ ਸਿਰਜੀ। ਇਸ ਤਰ੍ਹਾਂ ਪਹਿਲਾਂ ਕਦੇ ਇਸ ਤਰ੍ਹਾਂ 550 ਰਾਗੀ ਜਥਿਆਂ ਵੱਲੋਂ ਇਕ ਮੰਚ ’ਤੇ ਇਕ ਸੁਰ ਵਿਚ ਸ਼ਬਦ ਗਾਇਨ ਕਰਦਿਆਂ ਕਦੇ ਨਹੀਂ ਵੇਖਿਆ ਤੇ ਨਾ ਹੀ ਇਹ ਸਿੱਖ ਪਰੰਪਰਾ ਹੈ।

ਇਸ ਮੌਕੇ ਸਿਰਸਾ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਹਰਮੀਤ ਸਿੰਘ ਕਾਲਕਾ ਜਨਰਲ ਸਕੱਤਰ, ਡਾ. ਜਸਪਾਲ ਸਿੰਘ, ਤਰਲੋਚਨ ਸਿੰਘ, ਅਵਤਾਰ ਸਿੰਘ ਹਿੱਤ ਵੱਲੋਂ ਅਮਿਤਸ਼ਾਹ ਨੂੰ ਸਨਮਾਨਿਤ ਕੀਤਾ ਗਿਆ।

### ਸਾਬਕਾ ਜਥੇਦਾਰਾਂ ਵਲੋਂ ਨਿਖੇਧੀ

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸਿੱਖ ਸਿਧਾਂਤ ਅਤੇ ਗੁਰ ਮਰਿਆਦਾ ਦਾ ਕਤਲੇਆਮ ਕੀਤਾ ਜਾ ਰਿਹਾ ਹੈ ਭਾਈ ਗੋਬਿੰਦ ਸਿੰਘ ਲੌਂਗੋਵਾਲ ਮਨਜਿੰਦਰ ਸਿੰਘ ਸਿਰਸਾ ਬਾਦਲ ਪਰਿਵਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਗੁਰ ਮਰਿਆਦਾ ਤੇ ਸਿੱਖੀ ਸਿਧਾਂਤ ਬਾਰੇ ਕੋਈ ਧਿਆਨ ਨਹੀਂ ਜਿਸ ਕਰਕੇ ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਬਾਦਲ ਪਰਿਵਾਰ ਦੇ ਕਬਜ਼ੇ ਵਿੱਚ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਬਰਦਾਸ਼ਤ ਕਰਨੀ ਔਖੀ ਹੋ ਚੁੱਕੀ ਹੈ ਜੇਕਰ ਹਾਲੇ ਵੀ ਕੋਈ ਗੁਰੂ ਦਾ ਸਿੰਘ ਨਾ ਜਾਗਿਆ ਤਾਂ ਆਉਂਦੇ ਸਮੇਂ ਵਿੱਚ ਕਿਤੇ ਵੀ ਗੁਰ ਮਰਿਆਦਾ ਜਾਂ ਸਿੱਖ ਸਿਧਾਂਤ ਨਜ਼ਰ ਨਹੀਂ ਆਉਣਗੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਿੱਲੀ ਦਾ ਬਹੁਤ ਵਧੀਆ ਉਪਰਾਲਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾ.ਗਮ ਕਰਵਾਇਆ ਗਿਆ ਹੈ ਪ੍ਰੰਤੂ ਵਧੀਆ ਹੁੰਦਾ ਜੇਕਰ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਮਾਗਮ ਕਰਵਾਇਆ ਜਾਂਦਾ ਅਤੇ ਸਮੂਹ ਲੀਡਰਸ਼ਿਪ ਅਤੇ ਸੰਗਤ ਪੰਡਾਲ ਵਿੱਚ ਆ ਕੇ ਮੱਥਾ ਟੇਕ ਕੇ ਸ਼ਬਦ ਕੀਰਤਨ ਦਾ ਆਨੰਦ ਮਾਣਦੀ ਪ੍ਰੰਤੂ ਅੱਜ ਅਜਿਹੇ ਸਿਸਟਮ ਨਾਲ ਗੁਰ ਮਰਿਆਦਾ ਅਤੇ ਸਿੱਖੀ ਸਿਧਾਂਤ ਪ੍ਰਤੀ ਠੇਸ ਪਹੁੰਚਦੀ ਹੈ ਜੇਕਰ ਅਸੀਂ ਹੀ ਅਜਿਹੇ ਉਪਰਾਲੇ ਕਰਾਂਗੇ ਤਾਂ ਆਪਣੀ ਅੱਜ ਦੀ ਪੀੜ੍ਹੀ ਨੂੰ ਗੁਰ ਮਰਿਆਦਾ ਅਤੇ ਸਿੱਖੀ ਸਿਧਾਂਤ ਬਾਰੇ ਕੀ ਜਾਣਕਾਰੀ ਦੇ ਸਕਾਂਗੇ।



ਸਮਾਗਮ ਦੌਰਾਨ ਭਾਜਪਾਈ ਲੀਡਰ ਨੰਗੇ ਸਿਰ ਅਤੇ ਸਿੱਖ ਲੀਡਰ ਜੁੱਤੀਆਂ ਸਮੇਤ ਖੜ੍ਹੇ ਹੋਏ।

### ਕੀ ਕਹਿੰਦੇ ਹਨ ਮਨਜਿੰਦਰ ਸਿੰਘ ਸਿਰਸਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਸਿੱਖਾਂ ਦੀ 70 ਵਰ੍ਹਿਆਂ ਤੋਂ ਕੀਤੀ ਜਾ ਰਹੀ ਅਰਦਾਸ ਪ੍ਰਵਾਨ ਚੜ੍ਹੀ ਹੈ ਤੇ ਲਾਂਘੇ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ 8 ਨਵੰਬਰ ਨੂੰ ਕਰਨਗੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਵਿਦੇਸ਼ਾਂ ਵਿਚਲੇ ਆਪਣੇ ਮਿਸ਼ਨਾਂ ਨੂੰ ਜਿਥੇ ਪ੍ਰਕਾਸ਼ ਪੁਰਬ ਮਨਾਉਣ ਤੇ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਹਦਾਇਤ ਕੀਤੀ ਹੈ, ਉਥੇ ਹੀ ਸੰਯੁਕਤ ਰਾਸ਼ਟਰ ਰਾਹੀਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਹਰ ਭਾਸ਼ਾ ਵਿਚ ਅਨੁਵਾਦ ਕਰਵਾ ਕੇ ਸਾਰੀ ਦੁਨੀਆਂ ਵਿਚ ਵੰਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਵੀ ਸਾਰੀਆਂ ਭਾਸ਼ਾਵਾਂ ਵਿਚ ਇਸ ਬਾਣੀ ਦਾ ਅਨੁਵਾਦ ਕਰਵਾ ਕੇ ਇਹ ਬਾਣੀ ਲੋਕਾਂ ਵਿਚ ਸਥਾਨਕ ਭਾਸ਼ਾ ਅਨੁਸਾਰ ਪਹੁੰਚਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਸਾਡੇ ਇਨ੍ਹਾਂ ਕੀਰਤਨੀ ਸਾਹਿਬਾਨਾਂ ਨੇ ਗੁਰੂ ਨਾਨਕ ਦੇਵ ਦੀ ਇਲਾਹੀ ਬਾਣੀ ਨੂੰ ਸਰਵਣ ਕਰਵਾਇਆ ਇਹ ਅਲੌਕਿਕ ਨਜ਼ਾਰਾ ਹੈ।

### ਆਰਐੱਸਐੱਸ ਤੇ ਰੋਕ ਲੱਗੇ: ਜਥੇਦਾਰ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਰਐੱਸਐੱਸ ਤੇ ਰੋਕ ਲੱਗਣੀ ਚਾਹੀਦੀ ਹੈ ਕਿਉਂਕਿ ਉਹ ਦੇਸ਼ ਨੂੰ ਤੋੜਣ ਵਾਲੇ ਕੰਮ ਕਰ ਰਹੀ ਹੈ, ਜੋ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਆਰਐੱਸਐੱਸ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਮਨਾਏ ਜਾਣ ਬਾਰੇ ਉਨ੍ਹਾਂ ਆਖਿਆ ਕਿ ਇਸ ਤੇ ਕੋਈ ਇਤਰਾਜ਼ ਨਹੀਂ ਹੈ ਪਰ ਇਸ ਸਬੰਧੀ ਗੁਰਮਤਿ ਸਮਾਗਮਾਂ ਵਿਚ ਸਿੱਖ ਸਿਧਾਂਤਾਂ, ਮਰਿਆਦਾ ਅਤੇ ਪ੍ਰੰਪਰਾਵਾਂ ਦਾ ਧਿਆਨ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਜੁੱਤੇ ਪਹਿਨ ਕੇ ਗੁਰਬਾਣੀ ਕੀਰਤਨ ਸੁਣਨ ਦੀ ਵਾਇਰਲ ਹੋਈ ਵੀਡਿਓ ਬਾਰੇ ਜਥੇਦਾਰ ਨੇ ਆਖਿਆ ਕਿ ਇਸ ਸਬੰਧੀ ਸ਼ਿਕਾਇਤ ਵੀ ਪੁੱਜੀ ਹੈ ਅਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਇਹ ਮਾਮਲਾ ਵਿਚਾਰਿਆ ਜਾਵੇਗਾ।

# ਪੰਜਾਬ ਪੁਲੀਸ ਦੇ ਝੂਠੇ ਕੇਸ ਕਾਰਨ ਅਦਾਲਤ ’ਚ ਕਿਰਕਿਰੀ

## *ਪੱਛਮੀ ਬੰਗਾਲ ਦੇ ਜਮਹੂਰੀ ਆਗੂਆਂ ਖਿਲਾ.ਫ ਦਰਜ ਕੇਸ ਖਾਰਜ*

**ਬਠਿੰਡਾ/ਏ.ਟੀ. ਨਿਊਜ਼ :** 28 ਸਤੰਬਰ ਨੂੰ ਇਨ੍ਹਾਂ ਕਾਰਕੁਨਾਂ ਨੂੰ ‘ਅਰਬਨ ਨਕਸਲੀ’ ਹੋਣ ਦਾ ਠੱਪਾ ਲਾਉਣ ਦੇ ਮਨਸ਼ੇ ਨਾਲ ਗ੍ਰਿਫ਼ਤਾਰ ਕੀਤੇ। ਬਠਿੰਡਾ ਪੁਲੀਸ ਤਰਫੋਂ ਤਿੰਨ ਜਮਹੂਰੀ ਕਾਰਕੁਨਾਂ ਖਿਲਾ.ਫ ਦਰਜ ਕੇਸ ਐੱਸ. ਡੀ.ਐੱਮ. ਅਦਾਲਤ ਨੇ ਖਾਰਜ ਕਰ ਦਿੱਤਾ ਹੈ ਜਿਸ ਵਿਚ ਪੱਛਮੀ ਬੰਗਾਲ ਦੇ ਦੋ ਜਮਹੂਰੀ ਕਾਰਕੁਨ ਵੀ ਸ਼ਾਮਲ ਸਨ। ਪੁਲੀਸ ਨੇ ਕੀਤਾ ਸੀ। ਸੂਤਰ ਦੱਸਦੇ ਹਨ ਕਿ ਪੁਲੀਸ ਨੇ ਹਾਲੇ ਤੱਕ ਇਨ੍ਹਾਂ ਕਾਰਕੁਨਾਂ ਦੀ ਨਗਦ ਰਾਸ਼ੀ ਤੇ ਹੋਰ ਸਾਜ਼ੋ-ਸਾਮਾਨ ਵਾਪਸ ਨਹੀਂ ਕੀਤਾ ਹੈ। ਪੱਛਮੀ ਬੰਗਾਲ ਦੇ ਜਮਹੂਰੀ ਕਾਰਕੁਨ ਸੁਰੇਸ਼ ਬਾਇਨ, ਰਾਹੁਲ ਚੱਕਰਵਰਤੀ ਏਪੀਡੀਆਰ ਪੱਛਮੀ ਬੰਗਾਲ ਅਤੇ ਲਾਜਪੱਤ ਰਾਏ ਬਠਿੰਡਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਤੇ ਐੱਸ.ਡੀ.ਐੱਮ ਦੀ ਅਦਾਲਤ ਨੇ ਤਿੰਨੋਂ ਕਾਰਕੁਨਾਂ ਨੂੰ ਜਾਤੀ ਮੁਚੱਲਕੇ ’ਤੇ ਰਿਹਾਅ ਕਰ ਦਿੱਤਾ ਸੀ। ਉਸ ਮਗਰੋਂ 3 ਅਕਤੂਬਰ ਨੂੰ ਜ਼ਮਾਨਤੀ ਬਾਂਡ ਭਰਵਾ ਲਏ ਗਏ ਸਨ। ਐਡਵੋਕੇਟ ਐੱਨ.ਕੇ.ਜੀਤ ਦਾ ਕਹਿਣਾ ਸੀ ਕਿ ਪੱਛਮੀ ਬੰਗਾਲ ਤੋਂ ਆਏ ਦੋਵੇਂ ਕਾਰਕੁਨ ਪਹਿਲਾਂ ਜੱਲ੍ਹਿਆਂ ਵਾਲੇ ਬਾਗ ਦੀ ਸ਼ਤਾਬਦੀ ਅਤੇ ਅਕਤੂਬਰ ਇਨਕਲਾਬ ਦੀ ਸ਼ਤਾਬਦੀ ਮੌਕੇ ਆ ਚੁੱਕੇ ਹਨ ਅਤੇ ਹੁਣ ਉਹ ਪੰਜਾਬ ਤੋਂ ਬਾਹਰਲੇ ਲੋਕਾਂ ਦੇ ਸਹਿਯੋਗ ਨਾਲ ਜੱਲ੍ਹਿਆਂ ਵਾਲੇ ਬਾਗ ਦੇ ਸ਼ਤਾਬਦੀ ਸਮਾਰੋਹ ਕਰਨਾ ਚਾਹੁੰਦੇ ਸਨ, ਜਿਨ੍ਹਾਂ ਬਾਬਤ ਉਹ ਬਠਿੰਡਾ ਪੁੱਜੇ ਸਨ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਜਾਣਾ ਸੀ।

### 1984 ਵੇਲੇ ਦੇ ਗੋਲ਼ੀਆਂ ਦੇ ਨਿਸ਼ਾਨ ਸਾਂਭੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਜੂਨ 1984 ਵੇਲੇ ਅਕਾਲ ਤਖ਼ਤ ਸਾਹਿਬ ’ਤੇ ਹੋਏ ਹਮਲੇ ਦੌਰਾਨ ਪ੍ਰਭਾਵਿਤ ਹੋਈ ਡਿਓੜੀ ਦੀ ਸਾਂਭ ਸੰਭਾਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਆਰੰਭ ਕੀਤੀ ਗਈ ਹੈ। ਡਿਓੜੀ ’ਤੇ ਲੱਗੀਆਂ ਗੋਲ਼ੀਆਂ ਦੇ ਨਿਸ਼ਾਨਾਂ ਨੂੰ ਸੁਰੱਖਿਅਤ ਰੱਖਣ ਲਈ ਵਿਸ਼ੇਸ਼ ਫਰੇਮ ਲਾ ਕੇ ਸ਼ੀਸ਼ੇ ਵਿਚ ਮੜਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਸੰਭਾਲਣ ਦੇ ਕਾਰਜ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੂੰ ਦਿੱਤੀ ਗਈ ਹੈ। ਇਸ ਦੌਰਾਨ ਡਾ. ਰੂਪ ਸਿੰਘ ਨੇ ਦੱਸਿਆ ਕਿ ਇਹ ਕਾਰਜ ਤਿੰਨ ਮਹੀਨੇ ਵਿੱਚ ਮੁਕੰਮਲ ਹੋਵੇਗਾ।

### ਪੰਜਾਬੀਆਂ ਨੇ ਹਰਿਆਣੇ ’ਚ ਗੁਰਦਾਸ ਮਾਨ ਦਾ ਸ਼ੋਅ ਰੋਕਿਆ

ਐੱਸਏਐੱਸ ਨਗਰ/ਏ.ਟੀ. ਨਿਊਜ਼ : ਇਕ ਰਾਸ਼ਟਰ-ਇਕ ਭਾਸ਼ਾ ਦੀ ਹਿਮਾਇਤ ਕਰ ਕੇ



ਵਿਵਾਦਾਂ ਵਿਚ ਘਿਰੇ ਮਸ਼ਹੂਰ ਪੰਜਾਬੀ ਗਾਇਕ ਗੁਰਦਾਸ ਮਾਨ ਦਾ ਐਤਵਾਰ ਨੂੰ ਜ਼ੀਰਕਪੁਰ ਵਿਚ ਹੋਣ ਵਾਲਾ ਸ਼ੋਅ ਰੱਦ ਕਰ ਦਿੱਤਾ ਗਿਆ ਹੈ। ਗੁਰਦਾਸ ਮਾਨ ਦਾ ਸ਼ੋਅ ਜ਼ੀਰਕਪੁਰ-ਅੰਬਾਲਾ ਰੋਡ ’ਤੇ ਸਥਿਤ ਆਕਸਫੋਰਡ ਸਟਰੀਟ ਵਿਚ ਵਿਚੱਕ ਦੇ ਬੀਟਸ’ ਬੈਨਰ ਦੇ ਹੇਠ ਹੋਣ ਵਾਲਾ ਸੀ। ਸ਼ੋਅ ਪ੍ਰਬੰਧਕ ਨਵਲ ਨੇ ਕਿਹਾ ਕਿ ਸ਼ਨਿਚਰਵਾਰ ਰਾਤ ਅਣਪਛਾਤੇ ਲੋਕਾਂ ਨੇ ਪ੍ਰੋਗਰਾਮ ਵਾਲੀ ਥਾਂ ’ਤੇ ਪਹੁੰਚ ਕੇ ਗੁਰਦਾਸ ਮਾਨ ਦਾ ਵਿਰੋਧ ਕੀਤਾ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਉਹ ਸ਼ੋਅ ਕਰਵਾਉਣਗੇ ਤਾਂ ਵਿਰੋਧ ਕਰਨਗੇ। ਇਸ ਕਾਰਨ ਪ੍ਰੋਗਰਾਮ ਰੱਦ ਕੀਤਾ ਗਿਆ ਹੈ।

# ਸਵਿਸ ਬੈਂਕਾਂ ਦਾ ਘਾਲਾਮਾਲਾ !

**ਬਲਰਾਜ ਸਿੱਧੂ ਐੱਸਪੀ**

ਸੱਤ ਅਕਤੂਬਰ 2019 ਨੂੰ ਭਾਰਤ ਉਨ੍ਹਾਂ 75 ਦੇਸ਼ਾਂ 'ਚ ਸ਼ਾਮਲ ਹੋ ਗਿਆ ਜਿਨ੍ਹਾਂ ਨੂੰ ਕਾਲਾ ਧਨ ਛੁਪਾਉਣ ਲਈ ਬਦਨਾਮ ਸਵਿਟਜ਼ਰਲੈਂਡ ਦੇ ਬੈਂਕਾਂ ਨੇ ਇਕ ਸਮਝੌਤੇ (ਆਟੋਮੈਟਿਕ ਐਕਸਚੇਂਜ ਆਫ ਇਨਫਰਮੇਸ਼ਨ ਪੈਕਟ) ਅਧੀਨ ਟੈਕਸ ਚੋਰਾਂ ਦੀਆਂ 2018 ਤਕ ਦੀਆਂ ਸੂਚੀਆਂ ਸੌਂਪ ਦਿੱਤੀਆਂ ਹਨ। ਇਨ੍ਹਾਂ ਦੇਸ਼ਾਂ ਨੂੰ ਕੁੱਲ 31 ਲੱਖ ਖਾਤਿਆਂ ਦੇ ਵੇਰਵੇ ਮੁਹੱਈਆ ਕਰਵਾਏ ਗਏ ਹਨ ਜਿਨ੍ਹਾਂ 'ਚੋਂ ਹਜ਼ਾਰਾਂ ਖਾਤੇ ਭਾਰਤੀਆਂ ਦੇ ਹਨ। ਇਸ ਤੋਂ ਪਹਿਲਾਂ ਸਾਲਾਂਬੱਧੀ ਸਵਿਸ ਬੈਂਕ ਅਜਿਹੀਆਂ ਬੇਨਤੀਆਂ ਠੁਕਰਾਉਂਦੇ ਰਹੇ ਹਨ। ਇਕ ਅੰਦਾਜ਼ੇ ਮੁਤਾਬਕ ਸਿਰਫ਼ ਭਾਰਤ ਦਾ ਹੀ ਸਵਿਸ ਬੈਂਕਾਂ ਵਿਚ 22000 ਕਰੋੜ ਰੁਪਏ ਦਾ ਕਾਲਾ ਧਨ ਜਮ੍ਹਾ ਹੈ। ਭਾਰਤ ਨੂੰ ਇਸ ਜਾਣਕਾਰੀ ਦਾ ਬਹੁਤਾ ਫ਼ਾਇਦਾ ਨਹੀਂ ਹੋਣਾ ਕਿਉਂਕਿ ਜ਼ਿਆਦਾਤਰ ਖਾਤੇ ਉਨ੍ਹਾਂ ਭਾਰਤੀਆਂ ਦੇ ਹਨ ਜੋ ਅਮਰੀਕਾ, ਕੈਨੇਡਾ, ਇੰਗਲੈਂਡ, ਸਿੰਗਾਪੁਰ ਅਤੇ ਹਾਂਗਕਾਂਗ ਆਦਿ ਦੇ ਨਾਗਰਿਕ ਬਣ ਚੁੱਕੇ ਹਨ। ਉਨ੍ਹਾਂ ਦਾ ਹੁਣ ਭਾਰਤ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ ਅਤੇ ਕਈ ਸਾਲਾਂ ਤੋਂ ਚੱਲ ਰਹੇ ਇਸ ਵਿਵਾਦ ਕਾਰਨ ਉਹ ਆਪਣੇ ਖਾਤੇ ਸਾਫ਼ ਕਰ ਚੁੱਕੇ ਹਨ। ਇਸ ਦਿੱਤੀ ਗਈ ਸੂਚੀ 'ਚ ਖਾਤਾਧਾਰਕ ਦਾ ਨਾਂ-ਪਤਾ, ਮੌਜੂਦਾ ਨਾਗਰਿਕਤਾ, ਟੈਕਸ ਆਈਡੈਂਟੀਫਿਕੇਸ਼ਨ ਨੰਬਰ, ਆਮਦਨ ਦਾ ਸਾਧਨ, ਹੁਣ ਤਕ ਦਾ ਲੈਣ-ਦੇਣ ਅਤੇ ਬੈਲੇਂਸ ਦੀ ਜਾਣਕਾਰੀ ਸ਼ਾਮਲ ਹੈ। ਪਰ ਇਸ ਦੇ ਨਾਲ ਹੀ ਸਵਿਟਜ਼ਰਲੈਂਡ ਨੇ ਸਮਝੌਤੇ (ਆਟੋਮੈਟਿਕ ਐਕਸਚੇਂਜ ਆਫ ਇਨਫਰਮੇਸ਼ਨ ਪੈਕਟ) ਵਿਚ ਇਹ ਸਖ਼ਤ ਸ਼ਰਤ ਜੋੜ ਦਿੱਤੀ ਹੈ ਕਿ ਜਾਣਕਾਰੀ ਹਾਸਲ ਕਰਨ ਵਾਲਾ ਦੇਸ਼ ਨਾ ਤਾਂ ਦਿੱਤੇ ਗਏ ਖਾਤਿਆਂ ਦੀ ਗਿਣਤੀ ਜਨਤਕ ਕਰ ਸਕਦਾ ਹੈ ਤੇ ਨਾ ਹੀ ਰਕਮ ਬਾਰੇ ਦੱਸ ਸਕਦਾ ਹੈ। ਜੋ ਵੀ ਕਾਰਵਾਈ ਕਰਨੀ ਹੈ, ਗੁਪਤ ਤਰੀਕੇ ਨਾਲ ਬਿਨਾਂ ਕਿਸੇ ਸ਼ੋਰ-ਸ਼ਰਾਬੇ ਤੋਂ ਕੀਤੀ ਜਾਵੇ। ਇਸੇ ਕਾਰਨ 75 'ਚੋਂ 15 ਦੇਸ਼ਾਂ ਨੇ ਇਹ ਜਾਣਕਾਰੀ ਹਾਸਲ ਕਰਨ ਵਿਚ ਦਿਲਚਸਪੀ ਨਹੀਂ ਵਿਖਾਈ।

ਇਸ ਵੇਲੇ ਕਾਲੇ ਧਨ ਦੇ ਕਾਰੋਬਾਰ ਲਈ ਸਵਿਟਜ਼ਰਲੈਂਡ, ਕੇਮੈਨ ਟਾਪੂ, ਲਗਜ਼ਮਬਰਗ, ਹਾਂਗਕਾਂਗ, ਸਿੰਗਾਪੁਰ, ਜਰਸੀ ਟਾਪੂ, ਬਹਿਰੀਨ, ਬਾਰਬਾਡੋਸ, ਆਇਜ਼ਲ ਆਫ ਮੈਨ, ਵਰਜਿਨ ਆਈਲੈਂਡ ਅਤੇ ਦੁਬਈ ਸਭ ਤੋਂ ਵੱਧ ਬਦਨਾਮ ਦੇਸ਼ ਹਨ। ਸੰਸਾਰ ਦੇ ਬਾਕੀ ਦੇਸ਼ਾਂ ਨੂੰ ਇਨ੍ਹਾਂ ਦੀਆਂ ਕਰਤੂਤਾਂ ਕਾਰਨ ਹਰ ਸਾਲ 30 ਅਰਬ ਡਾਲਰ (ਲਗਪਗ 2200 ਅਰਬ ਰੁਪਏ) ਦਾ ਟੈਕਸ ਘਾਟਾ ਸਹਿਣਾ ਪੈਂਦਾ ਹੈ। ਸਵਿਟਜ਼ਰਲੈਂਡ ਦਾ ਟੈਕਸ ਚੋਰਾਂ ਵਿਚ ਜ਼ਿਆਦਾ ਹਰਮਨਪਿਆਰਾ ਹੋਣ ਦਾ ਸਭ ਤੋਂ ਵੱਡਾ ਕਾਰਨ ਇੱਥੋਂ ਦੀ ਸਦੀਵੀ ਰਾਜਨੀਤਕ ਸਥਿਰਤਾ ਹੈ। ਦੁਨੀਆ 'ਤੇ ਕੋਈ ਵੀ ਸੰਕਟ ਆਵੇ, ਇੱਥੇ ਜਮ੍ਹਾ ਪੈਸਾ ਹਮੇਸ਼ਾ ਸੁਰੱਖਿਅਤ ਰਿਹਾ ਹੈ। ਇਹ ਦੇਸ਼ ਸਦੀਆਂ ਤੋਂ ਸ਼ਾਂਤੀ ਦਾ ਕੱਟੜ ਸਮਰਥਕ ਹੈ। ਜਦੋਂ ਸਾਰਾ ਯੂਰਪ ਪਹਿਲੀ ਤੇ ਦੂਸਰੀ ਸੰਸਾਰ ਜੰਗ ਦੀ ਅੱਗ ਵਿਚ ਝੁਲਸ ਰਿਹਾ ਸੀ ਤਾਂ ਇੱਥੇ ਮੁਕੰਮਲ ਸ਼ਾਂਤੀ ਸੀ। ਇੱਥੇ ਕਦੇ ਵੀ ਕੋਈ ਰਾਜਪਲਟਾ ਜਾਂ ਕ੍ਰਾਂਤੀ ਨਹੀਂ ਆਈ। ਸੈਂਟਰਲ ਬੈਂਕ ਆਫ ਸਵਿਟਜ਼ਰਲੈਂਡ ਕੋਲ ਸੋਨੇ ਦੇ ਵਿਸ਼ਾਲ ਭੰਡਾਰ ਹੋਣ ਕਾਰਨ ਇਸ ਦੀ ਕਰੰਸੀ ਫਰੈਂਕ ਜੋ ਸੰਸਾਰ ਦੀ ਇਕ ਸਭ ਤੋਂ ਮਜ਼ਬੂਤ ਕਰੰਸੀ ਹੈ, ਦਾ ਮੁੱਲ ਹਮੇਸ਼ਾ ਸਥਿਰ (ਅਮਰੀਕਨ ਡਾਲਰ ਦੇ ਲਗਪਗ ਬਰਾਬਰ) ਰਹਿੰਦਾ ਹੈ। ਇੱਥੇ ਗਾਹਕ ਦੇ ਖਾਤੇ ਦੀ ਸਖ਼ਤ ਗੁਪਤਤਾ ਰੱਖਣ ਦਾ ਰਾਸ਼ਟਰੀ ਕਾਨੂੰਨ ਹੈ ਅਤੇ ਜਮ੍ਹਾ ਪੈਸੇ ਦੀ ਸੁਰੱਖਿਆ ਲਈ ਬੀਮਾ ਕਰਵਾਇਆ ਜਾਂਦਾ ਹੈ। ਖਾਤਾ ਖੋਲ੍ਹਣ ਵੇਲੇ ਬਹੁਤੀ ਪੁੱਛ-ਪੜਤਾਲ ਨਹੀਂ ਕੀਤੀ ਜਾਂਦੀ। ਸਿਰਫ਼ ਇਕ ਵਾਰ ਨਿੱਜੀ ਤੌਰ 'ਤੇ ਹਾਜ਼ਰ ਹੋਣਾ ਪੈਂਦਾ ਹੈ। ਇਸ ਤੋਂ ਬਾਅਦ ਗਾਹਕ ਦੀਆਂ ਸਾਰੀਆਂ ਜਾਣਕਾਰੀਆਂ ਬੈਂਕ ਦੀਆਂ ਗੁਪਤ ਫਾਈਲਾਂ ਵਿਚ ਦਫ਼ਨ ਕਰ ਕੇ ਇਕ ਕੋਡ ਨੰਬਰ ਦੇ ਦਿੱਤਾ ਜਾਂਦਾ ਹੈ ਜਿਸ ਨੂੰ ਉਹ ਪੈਸੇ ਦੇ ਅਦਾਨ-ਪ੍ਰਦਾਨ ਲਈ ਵਰਤਦਾ ਹੈ। ਘੱਟੋ-ਘੱਟ ਇਕ ਲੱਖ ਡਾਲਰ (ਲਗਪਗ 72 ਲੱਖ ਰੁਪਏ) ਜਮ੍ਹਾ ਕਰਵਾਉਣ ਦੀ ਸ਼ਰਤ ਪੂਰੀ ਕਰ ਕੇ ਕੋਈ ਵੀ ਬਿਜ਼ਨਸਮੈਨ, ਭ੍ਰਿਸ਼ਟ ਲੀਡਰ, ਡਰੱਗ ਡੀਲਰ ਅਤੇ ਤਾਨਾਸ਼ਾਹ ਆਪਣੇ ਕਾਲੇ ਧਨ ਨੂੰ ਛੁਪਾਉਣ ਲਈ ਇਨ੍ਹਾਂ ਦੀਆਂ ਸੇਵਾਵਾਂ ਹਾਸਲ ਕਰ ਸਕਦਾ ਹੈ। ਯੂਬੀਐੱਸ ਅਤੇ ਕਰੈਡਿਟ ਸੁਈਸ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਬੈਂਕ ਹਨ ਜਿਨ੍ਹਾਂ 'ਚ ਦੇਸ਼ ਦਾ 60 ਫ਼ੀਸਦੀ ਧਨ ਜਮ੍ਹਾ ਹੈ।




ਸਵਿਟਜ਼ਰਲੈਂਡ ਦੀ ਆਮਦਨ ਦਾ ਸਭ ਤੋਂ ਵੱਡਾ ਸਾਧਨ ਦੋ ਨੰਬਰ ਦੇ ਪੈਸੇ ਤੋਂ ਹੋਣ ਵਾਲੀ ਕਮਾਈ ਹੈ। ਕਾਲੇ ਧਨ 'ਤੇ ਬੈਂਕ ਕੋਈ ਵਿਆਜ ਨਹੀਂ ਦਿੰਦੇ ਸਗੋਂ ਸੰਭਾਲਣ ਦਾ ਪੈਸਾ ਲੈਂਦੇ ਹਨ। ਇਕ ਲੱਖ ਡਾਲਰ ਪਿੱਛੇ 300 ਡਾਲਰ (22000 ਰੁਪਏ) ਸਾਲਾਨਾ ਖ਼ਰਚਾ ਲਿਆ ਜਾਂਦਾ ਹੈ। ਜਦੋਂ ਕਿਸੇ ਦਾ ਕਾਲਾ ਧਨ ਇਨ੍ਹਾਂ ਬੈਂਕਾਂ 'ਚ ਪੁੱਜ ਜਾਂਦਾ ਹੈ ਤਾਂ ਨਾਮਾਤਰ ਫ਼ੀਸ ਤੋਂ ਬਾਅਦ ਸਫ਼ੈਦ ਹੋ ਜਾਂਦਾ ਹੈ। ਉਸ ਨਾਲ ਬਿਨਾਂ ਕਿਸੇ ਡਰ-ਭੈਅ ਦੇ ਲੰਡਨ-ਪੈਰਿਸ, ਕਿਤੇ ਵੀ ਜਾਇਦਾਦ ਖ਼ਰੀਦੀ ਜਾ ਸਕਦੀ ਹੈ। ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਸੈਂਕੜੇ ਸਾਲਾਂ ਤੋਂ ਬਾਦਸ਼ਾਹਾਂ, ਡਿਕਟੇਟਰਾਂ, ਲੁਟੇਰਿਆਂ, ਡਰੱਗ ਮਾਫ਼ੀਆ ਅਤੇ ਅੱਤਵਾਦੀ ਜਥੇਬੰਦੀਆਂ ਨੇ ਆਪਣੇ ਦੇਸ਼ਾਂ ਦੇ ਖ਼ਜ਼ਾਨੇ ਲੁੱਟ ਕੇ ਅਰਬਾਂ, ਖਰਬਾਂ ਡਾਲਰ ਜਮ੍ਹਾ ਕਰਵਾਏ ਹੋਏ ਹਨ। ਉਨ੍ਹਾਂ 'ਚੋਂ ਜ਼ਿਆਦਾਤਰ ਆਪਣਾ ਮਾਲ ਵਾਪਸ ਲੈਣ ਤੋਂ ਪਹਿਲਾਂ ਹੀ ਮਰ-ਖਪ ਗਏ। ਹਿਟਲਰ ਦਾ ਕਰੋੜਾਂ ਡਾਲਰ ਦਾ ਸੋਨਾ ਉਸ ਦੀ ਮੌਤ ਤੋਂ ਬਾਅਦ ਚੁੱਪ-ਚੁਪੀਤੇ ਸਵਿਸ ਬੈਂਕਾਂ ਨੇ ਗ਼ਾਇਬ ਕਰ ਦਿੱਤਾ। ਹੁਣ ਸੱਦਾਮ ਹੁਸੈਨ, ਗੱਦਾਫੀ, ਬਗਦਾਦੀ ਜਾਂ ਓਸਾਮਾ-ਬਿਨ-ਲਾਦੇਨ ਦੇ ਪੈਸੇ 'ਤੇ ਕਿਸ ਨੇ ਦਾਅਵਾ ਕਰਨਾ ਹੈ?

ਬੈਂਕ ਗਾਹਕ ਖਾਤਾ ਗੁਪਤਤਾ ਦੀ ਸ਼ੁਰੂਆਤ ਸਭ ਤੋਂ ਪਹਿਲਾਂ 1635 ਈਸਵੀ 'ਚ ਜੈਨੇਵਾ ਦੇ ਸ਼ਾਹੂਕਾਰਾਂ ਨੇ ਕੀਤੀ ਸੀ। ਹੌਲੀ-ਹੌਲੀ ਇਹ ਸਵਿਟਜ਼ਰਲੈਂਡ ਵਿਚ ਪੈਰ ਪਸਾਰ ਗਈ ਅਤੇ 1934 ਵਿਚ ਪਾਰਲੀਮੈਂਟ ਵੱਲੋਂ ਪਾਸ ਕਾਨੂੰਨ (ਫੈਡਰਲ ਐਕਟ ਆਨ ਬੈਂਕਸ ਐਂਡ ਸੇਵਿੰਗ ਅਕਾਊਂਟਸ) ਰਾਹੀਂ ਇਸ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੋ ਗਈ। ਇਸ ਅਧੀਨ ਗਾਹਕ ਦੇ ਖਾਤੇ ਬਾਰੇ ਗੋਪਨੀਅਤਾ ਭੰਗ ਕਰਨ ਵਾਲੇ ਬੈਂਕ ਦੇ ਪ੍ਰਬੰਧਕਾਂ ਨੂੰ 5 ਸਾਲ ਦੀ ਕੈਦ ਅਤੇ 250000 ਫਰੈਂਕ (ਪੌਣੇ ਦੋ ਕਰੋੜ ਰੁਪਏ) ਜੁਰਮਾਨੇ ਦੀ ਸਜ਼ਾ ਦੀ ਵਿਵਸਥਾ ਹੈ। ਦੂਜੀ ਸੰਸਾਰ ਜੰਗ ਦੌਰਾਨ ਯੂਰਪੀ ਧਨਾਢਾਂ ਅਤੇ ਯਹੂਦੀਆਂ ਦੇ ਖਾਤਿਆਂ ਨੂੰ ਹਿਟਲਰ ਤੋਂ ਬਚਾਉਣ ਖ਼ਾਤਰ ਅਕਾਊਂਟ ਦੀ ਕਾਪੀ ਦੀ ਬਜਾਏ ਖਾਤਾਧਾਰਕਾਂ ਨੂੰ ਇਕ ਕੋਡ ਨੰਬਰ ਦਿੱਤਾ ਜਾਣ ਲੱਗਾ। ਇਸ ਸਹੂਲਤ ਕਾਰਨ ਅਮੀਰਾਂ ਨੇ ਧੜਾਧੜ ਅਰਬਾਂ ਡਾਲਰ ਸਵਿਸ ਬੈਂਕਾਂ 'ਚ ਜਮ੍ਹਾ ਕਰਵਾ ਦਿੱਤੇ। ਅੱਜ ਦੇ ਕੰਪਿਊਟਰ ਯੁੱਗ ਦੇ ਹਾਣੀ ਬਣਨ ਲਈ ਹੁਣ ਗਾਹਕਾਂ ਨੂੰ ਡਿਜੀਟਲ ਮਨੀ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਗਾਹਕ ਇੰਟਰਨੈੱਟ ਬੈਂਕਿੰਗ ਰਾਹੀਂ ਇਨਵੈਸਮੈਂਟ ਕਰਨ ਲਈ ਕਰ ਸਕਦਾ ਹੈ। ਇਸ ਤੋਂ ਇਲਾਵਾ ਗਾਹਕਾਂ ਨੂੰ ਅੰਡਰ-ਗਰਾਊਂਡ ਬੰਬ ਪਰੂਫ ਲਾਕਰ ਮੁਹੱਈਆ ਕਰਵਾਏ ਜਾਂਦੇ ਹਨ ਜਿਨ੍ਹਾਂ ਵਿਚ ਕਰੋੜਾਂ ਦੇ ਨੋਟ ਅਤੇ ਕਈ ਕਵਿੰਟਲ ਸੋਨਾ-ਚਾਂਦੀ ਆਰਾਮ ਨਾਲ ਛਿਪਾਇਆ ਜਾ ਸਕਦਾ ਹੈ।

ਸਵਿਸ ਬੈਂਕਾਂ ਦੀ ਭਰੋਸੇਯੋਗਤਾ ਬਾਰੇ ਚੁਟਕਲਾ ਮਸ਼ਹੂਰ ਹੈ ਕਿ ਕਿਸੇ ਦੇਸ਼ ਦਾ ਡਿਕਟੇਟਰ ਇਕ ਸਵਿਸ ਬੈਂਕ 'ਚ ਜਾ ਕੇ ਕਹਿਣ ਲੱਗਾ ਕਿ ਮੇਰੇ ਤੋਂ ਪਹਿਲਾਂ ਦੇ ਡਿਕਟੇਟਰ ਦੇ ਖਾਤੇ ਬਾਰੇ ਜਾਣਕਾਰੀ ਦਿੱਤੀ ਜਾਵੇ। ਮੈਨੇਜਰ ਨੇ ਅੱਗੋਂ ਜਵਾਬ ਦਿੱਤਾ ਕਿ ਇਹ ਸਾਡੀ ਪਾਲਿਸੀ ਦੇ ਖ਼ਿਲਾਫ਼ ਹੈ। ਅਸੀਂ ਆਪਣੇ ਗਾਹਕ ਬਾਰੇ ਕੋਈ ਜਾਣਕਾਰੀ ਲੀਕ ਨਹੀਂ ਕਰ ਸਕਦੇ। ਡਿਕਟੇਟਰ ਨੇ ਮੈਨੇਜਰ ਦੇ ਸਿਰ 'ਤੇ ਪਿਸਤੌਲ ਰੱਖ ਕੇ ਕਿਹਾ ਕਿ ਹੁਣ ਦੱਸ। ਮੈਨੇਜਰ ਕਹਿਣ ਲੱਗਾ, "ਜੋ ਮਰਜ਼ੀ ਕਰ ਲਵੋ, ਮੈਂ ਨਹੀਂ ਦੱਸ ਸਕਦਾ।" ਉਸੇ ਵੇਲੇ ਕੁਦਰਤੀ ਮੈਨੇਜਰ ਦਾ ਬੱਚਾ ਖੇਡਦਾ-ਖੇਡਦਾ ਬੈਂਕ 'ਚ ਆ ਗਿਆ। ਡਿਕਟੇਟਰ ਨੇ ਬੱਚੇ ਦੇ ਸਿਰ 'ਤੇ ਪਿਸਤੌਲ ਰੱਖ ਦਿੱਤਾ ਅਤੇ ਕਿਹਾ ਕਿ ਹੁਣ ਤਾਂ ਤੈਨੂੰ ਦੱਸਣਾ ਈ ਪੈਣਾ ਹੈ। ਮੈਨੇਜਰ ਬਿਨਾਂ ਡਰੇ ਕਹਿਣ ਲੱਗਾ ਕਿ ਭਾਵੇਂ ਸਾਰੇ ਪਰਿਵਾਰ ਨੂੰ ਮਾਰ ਦੇ, ਮੈਂ ਨਹੀਂ ਦੱਸ ਸਕਦਾ। ਇਹ ਸੁਣ ਕੇ ਡਿਕਟੇਟਰ ਖ਼ੁਸ਼ ਹੋ ਕੇ ਕਹਿਣ ਲੱਗਾ, "ਸ਼ਾਬਾਸ਼ ਤੇਰੇ, ਐਨੀ ਗੋਪਨੀਅਤਾ?" ਉਹ ਭੱਜ ਕੇ ਗੱਡੀ 'ਚੋਂ ਡਾਲਰਾਂ ਨਾਲ ਭਰੇ 5 ਅਟੈਚੀ ਲੈ ਕੇ ਆਇਆ ਤੇ ਕਹਿਣ ਲੱਗਾ ਕਿ ਲੈ, ਮੇਰੇ ਪੈਸੇ ਵੀ ਇੱਥੇ ਜਮ੍ਹਾ ਕਰ ਲੈ।

ਪਰ ਹੁਣ ਕੌਮਾਂਤਰੀ ਦਬਾਅ ਕਾਰਨ ਸਵਿਸ ਬੈਂਕਾਂ ਦਾ ਇਹ ਸੁਨਹਿਰੀ ਦੌਰ ਖ਼ਤਮ ਹੋਣ ਵੱਲ ਚੱਲ ਪਿਆ ਹੈ। ਆਪਣੇ ਦੇਸ਼ ਤੋਂ ਟੈਕਸ ਚੋਰਾਂ ਦੇ ਸਵਰਗ ਦਾ ਧੱਬਾ ਉਤਾਰਨ ਲਈ ਸਵਿਸ ਸਰਕਾਰ ਨੂੰ ਭਾਰਤ, ਅਮਰੀਕਾ, ਇੰਗਲੈਂਡ, ਫਰਾਂਸ, ਚੀਨ ਅਤੇ ਰੂਸ ਸਮੇਤ 75 ਦੇਸ਼ਾਂ ਨਾਲ ਟੈਕਸ ਚੋਰਾਂ ਦੀ ਸੂਚਨਾ ਮੁਹੱਈਆ ਕਰਵਾਉਣ ਬਾਰੇ ਸਮਝੌਤਾ ਕਰਨਾ ਪਿਆ ਹੈ। ਇਸ ਨਾਲ ਬੈਂਕਾਂ ਅਤੇ ਟੈਕਸ ਚੋਰਾਂ ਵਿਚ ਹਫੜਾ-ਦਫੜੀ ਮਚ ਗਈ ਹੈ। ਜਦੋਂ ਵੀ ਕੋਈ ਦੇਸ਼ ਅਜਿਹੀਆਂ ਗਤੀਵਿਧੀਆਂ ਰੋਕਣ ਲਈ ਕਾਨੂੰਨ ਸਖ਼ਤ ਕਰਦਾ ਹੈ ਤਾਂ ਘਾਗ ਵਕੀਲਾਂ-ਅਕਾਊਂਟੈਂਟਾਂ ਦੀਆਂ ਫ਼ੌਜਾਂ ਝੱਟ ਹੋਰ ਚੋਰ ਮੋਰੀਆਂ ਲੱਭ ਲੈਂਦੀਆਂ ਹਨ। ਸਵਿਟਜ਼ਰਲੈਂਡ ਨਹੀਂ ਤਾਂ ਕੋਈ ਹੋਰ ਦੇਸ਼ ਸਹੀ। ਅਜਿਹੇ ਹੀ ਚਿੜੀ ਦੀ ਪੂਛ ਜਿੱਡੇ ਕੇਅਮੈਨ ਟਾਪੂ ਦੀ ਕੁੱਲ ਆਬਾਦੀ 60000 ਹੈ ਪਰ ਉਸ ਦੇ ਬੈਂਕਾਂ ਦਾ ਟਰਨਓਵਰ 2 ਅਰਬ ਡਾਲਰ (144 ਅਰਬ ਰੁਪਏ) ਸਾਲਾਨਾ ਹੈ। ਇੰਗਲੈਂਡ ਨੇੜਲੇ ਛੋਟੇ ਜਿਹੇ ਟਾਪੂ ਜਰਸੀ ਦੇ ਬੈਂਕਾਂ 'ਚ ਟੈਕਸ ਚੋਰਾਂ ਦਾ 4500 ਕਰੋੜ ਡਾਲਰ ਕਾਲਾ ਧਨ ਜਮ੍ਹਾ ਹੈ। ਪਨਾਮਾ ਦੇਸ਼, ਦੱਖਣੀ ਅਮਰੀਕਾ ਅਤੇ ਯੂਐੱਸਏ ਦੇ ਵਿਚਕਾਰ ਪੈਂਦਾ ਹੈ। ਇੱਥੇ ਵੀ ਬੈਂਕਾਂ ਦੀ ਗਾਹਕ ਗੁਪਤਤਾ ਬਹੁਤ ਸਖ਼ਤ ਹੈ ਅਤੇ ਕਾਰਪੋਰੇਸ਼ਨ ਟੈਕਸ ਬਿਲਕੁਲ ਵੀ ਨਹੀਂ ਹਨ। ਇੱਥੇ 3.50 ਲੱਖ ਕੌਮਾਂਤਰੀ ਕੰਪਨੀਆਂ ਰਜਿਸਟਰਡ ਹਨ। ਇਹ ਦੱਖਣੀ ਅਮਰੀਕਾ ਦੀ ਡਰੱਗ ਮਨੀ ਦਾ ਯੂਐੱਸਏ 'ਚ ਖਪਾਉਣ ਦਾ ਮੁੱਖ ਕੇਂਦਰ ਹੈ। ਅਮਰੀਕਾ ਸਿਰਤੋੜ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇਸ ਵਰਤਾਰੇ ਨੂੰ ਨਹੀਂ ਰੋਕ ਸਕਿਆ।

# ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸਿੱਖ ਫ਼ਿਲਾਸਫ਼ੀ ਅਨੁਸਾਰ ਵਿਸਮਾਦੀ ਵਿਸ਼ਵ ਆਰਡਰ ਕਿਵੇਂ ਸਿਰਜਿਆ ਜਾਵੇ

**ਹਰਸਿਮਰਨ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ, 2019 ਨੂੰ ਮਨਾਉਣ ਦਾ ਦਿਨ ਜਿਉਂ-ਜਿਉਂ ਨੇੜੇ ਆ ਰਿਹਾ ਹੈ, ਉਸੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ ਅਤੇ ਹੋਰ ਜਥੇਬੰਦੀਆਂ ਸਮੇਤ ਪੰਜਾਬ ਤੋਂ ਵਿਸ਼ਵ ਭਰ ਵਿਚ ਸਰਗਰਮ ਜਥੇਬੰਦੀਆਂ, ਸਕੂਲਾਂ, ਕਾਲਜਾਂ ਅਤੇ ਵਿਅਕਤੀਗਤ ਪੱਧਰ 'ਤੇ ਕੀਤੇ ਜਾਣ ਵਾਲੇ ਸਮਾਗਮਾਂ ਅਤੇ ਸੈਮੀਨਾਰਾਂ ਆਦਿ ਵਿਚ ਤੇਜ਼ੀ ਆ ਰਹੀ ਹੈ। ਇਨ੍ਹਾਂ ਸਮਾਗਮਾਂ ਦੇ ਪ੍ਰਬੰਧਕਾਂ ਨੇ ਇਸ ਇਤਿਹਾਸਕ ਦਿਹਾੜੇ ਨੂੰ ਮਨਾਉਣ ਸਮੇਂ ਬਣਦੇ ਆਪਣੇ ਫ਼ਰਜ਼ ਨਿਭਾਉਣੇ ਹਨ। ਸ਼੍ਰੋਮਣੀ ਕਮੇਟੀ, ਪੰਜਾਬ ਸਰਕਾਰ ਅਤੇ ਗੁਰਮਤਿ ਪ੍ਰਚਾਰਕ ਸੰਤ ਸਭਾ ਵਲੋਂ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਖੇ ਵੱਡੀ ਪੱਧਰ 'ਤੇ ਮਨਾਏ ਜਾਣ ਵਾਲੇ ਸਮਾਗਮ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਹੋਣਗੇ। ਅੰਤਰਰਾਸ਼ਟਰੀ ਨਗਰ ਕੀਰਤਨ, ਸਥਾਨਕ ਪੱਧਰ 'ਤੇ ਨਗਰ ਕੀਰਤਨ, ਲੰਗਰ, ਰਿਹਾਇਸ਼ੀ ਸਥਾਨਾਂ ਦੀ ਉਸਾਰੀ, ਸੁਲਤਾਨਪੁਰ ਲੋਧੀ ਦੀਆਂ ਇਮਾਰਤਾਂ ਨੂੰ ਚਿੱਟਾ ਰੰਗ ਕਰਨ ਦੀ ਕਵਾਇਦ, ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ 'ਤੇ ਕੀਤੇ ਜਾਣ ਵਾਲੇ ਸੈਮੀਨਾਰ, ਖ਼ੂਨਦਾਨ ਕੈਂਪ, ਪ੍ਰਕਾਸ਼ਨਾਵਾਂ ਅਤੇ ਹੋਰ ਅਜਿਹੇ ਯਤਨ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਤੇ ਜਾ ਰਹੇ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਵੀ 9 ਨਵੰਬਰ ਨੂੰ ਖੁੱਲ੍ਹਣ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਪੰਜਾਬ ਇਸ ਦਾ ਉਦਘਾਟਨ ਇਕੱਠੇ ਕਰਨਗੇ ਜਾਂ ਰਾਜਨੀਤਿਕ ਕਾਰਨਾਂ ਕਰਕੇ ਅਲੱਗ-ਅਲੱਗ ਕਰਨਗੇ, ਇਸ ਬਾਰੇ ਅਜੇ ਕੋਈ ਸਪੱਸ਼ਟਤਾ ਨਹੀਂ ਹੈ। ਗੁਰੂ ਨਾਨਕ ਸਾਹਿਬ ਨਾਲ ਪਿਆਰ ਕਰਨ ਵਾਲੇ ਤਾਂ ਤਨੋਂ-ਮਨੋਂ ਇਨ੍ਹਾਂ ਸਮਾਗਮਾਂ ਵਿਚ ਆਪਣੇ ਫ਼ਰਜ਼ ਨਿਭਾਉਣਗੇ, ਪਰ ਜਿਵੇਂ ਇਨ੍ਹਾਂ ਸਮਾਗਮਾਂ ਦਾ ਰਾਜਨੀਤੀਕਰਨ ਹੋ ਗਿਆ ਹੈ, ਉਸ ਨਾਲ ਸਰਕਾਰ ਅਤੇ ਅਕਾਲੀ ਦਲ ਵਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਦਾ ਸਿਹਰਾ ਲੈਣ ਦੀ ਹੋੜ ਵੀ ਲੱਗੀ ਹੋਈ ਹੈ।

ਪ੍ਰਕਾਸ਼ ਪੁਰਬ ਸਬੰਧੀ ਕੀਤੇ ਜਾ ਰਹੇ ਅਜਿਹੇ ਯਤਨਾਂ ਨੂੰ ਵੇਖਦਿਆਂ ਗੁਰੂ ਨਾਨਕ ਸਾਹਿਬ ਨੂੰ ਦਿਲੋਂ ਪਿਆਰ ਕਰਨ ਵਾਲਾ ਅਤੇ ਪੰਥ ਦੀ ਹੋਣੀ ਲਈ ਫ਼ਿਕਰਮੰਦ ਇਕ ਬੇਚੈਨ ਸਿੱਖ ਇਹ ਸੋਚਣ ਲਈ ਮਜਬੂਰ ਹੈ ਕਿ ਜਿਸ ਢੰਗ ਨਾਲ ਪਿਛਲੀਆਂ ਸ਼ਤਾਬਦੀਆਂ ਵਾਂਗ ਇਹ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ, ਕੀ ਇਸ ਨਾਲ ਉਜਵਲ ਭਵਿੱਖ ਲਈ ਕੋਈ ਵੱਡੀ ਦਿਸ਼ਾ ਮਿਲ ਸਕੇਗੀ? ਵਰਤਮਾਨ ਸਮੇਂ ਵਿਚ ਸਿੱਖ ਪੰਥ ਦੇ ਸੰਕਟ ਕੀ ਹਨ ਅਤੇ ਉਨ੍ਹਾਂ ਦੇ ਨਿਵਾਰਣ ਕਿਵੇਂ ਹੋ ਸਕਦੇ ਹਨ? ਸਟੇਜਾਂ ਤੋਂ ਹਰ ਕੋਈ ਬੁਲੰਦ ਆਵਾਜ਼ ਵਿਚ ਕਹਿ ਰਿਹਾ ਹੈ ਕਿ ਗੁਰੂ ਨਾਨਕ ਫ਼ਿਲਾਸਫ਼ੀ-ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਚੰਗਾ ਜੀਵਨ, ਆਦਰਸ਼ਕ ਸਮਾਜ ਅਤੇ ਵਿਵਸਥਾ ਸਿਰਜਣ ਦੇ ਸਮਰੱਥ ਹਨ, ਪਰ ਇਕ ਨੁੱਕਰ ਵਿਚ ਖੜ੍ਹਾ ਇਹ ਸਿੱਖ ਅਤੇ ਹੋਰ ਲੋਕ ਜ਼ਰੂਰ ਇਹ ਜਾਣਨਾ ਚਾਹੁੰਦੇ ਹਨ ਕਿ ਵਰਤਮਾਨ ਦੇ ਸੰਕਟਮਈ ਪੰਜਾਬ, ਭਾਰਤ ਅਤੇ ਵਿਸ਼ਵ ਨੂੰ ਬਚਾਉਣ ਅਤੇ ਕੋਈ ਨਵੀਂ ਦਿਸ਼ਾ ਦੇਣ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸੰਸਥਾਵਾਂ ਕੋਲ ਕੋਈ ਕਾਰਗਰ ਕਾਰਜ ਯੋਜਨਾ ਹੈ? ਇਤਿਹਾਸਕ ਦਿਹਾੜੇ ਜੋ ਸੁਨੇਹਾ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੀ ਠੀਕ ਭਾਵਨਾ ਵਿਚ ਸਮਝਣ ਦੀ ਲੋੜ ਹੁੰਦੀ ਹੈ। ਅਜਿਹੇ ਦਿਨ 'ਕਿਆ ਤੈ ਖਟਿਆ ਕਹਾ ਗਵਾਇਆ' ਦੇ ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਪਿਛਲੇ ਸਮੇਂ ਕੀਤੀਆਂ ਗਈਆਂ ਪ੍ਰਾਪਤੀਆਂ ਅਤੇ ਅਸਫ਼ਲਤਾਵਾਂ ਦੀ ਸਮੁੱਚੀ ਪੜਚੋਲ ਕਰਕੇ ਭਵਿੱਖ ਦੀ ਨਵੀਂ ਦਿਸ਼ਾ ਵੱਲ ਨਵੀਂ ਸਪੱਸ਼ਟਤਾ ਨਾਲ ਅੱਗੇ ਵਧਣ ਦਾ ਸਮਾਂ ਵੀ ਹੁੰਦਾ ਹੈ। ਪਰ ਕੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਗੁਰਮਤਿ ਪ੍ਰਚਾਰਕ ਸੰਤ ਸਭਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੇ ਵਿਸ਼ਵ ਵਿਚ ਯਤਨਸ਼ੀਲ ਜਥੇਬੰਦੀਆਂ ਅਤੇ ਪਤਵੰਤੇ ਸਿੱਖ ਇਸ ਸਬੰਧੀ ਕੁਝ ਵੱਡੇ ਯਤਨ ਕਰ ਰਹੇ ਹਨ? ਜਾਂ ਇਸ ਸਬੰਧੀ ਕੁਝ ਸੋਚ ਵੀ ਰਹੇ ਹਨ? ਪੰਥ ਦਾ ਦਰਦ ਰੱਖਣ ਵਾਲੇ ਅਜਿਹੇ ਸਿੱਖ ਜ਼ਰੂਰ ਜਾਣਨਾ ਚਾਹੁੰਦੇ ਹਨ ਕਿ ਆਖ਼ਰ ਇਨ੍ਹਾਂ ਸਮਾਗਮਾਂ ਵਿਚ ਕੀ ਵਿਚਾਰਿਆ ਜਾਵੇਗਾ? ਅਜਿਹਾ ਕੁਝ ਜਾਣਨਾ ਅਤੇ ਪੰਥ ਦੇ ਆਗੂਆਂ ਨੂੰ ਇਸ ਸਬੰਧੀ ਸੁਚੇਤ ਕਰਨਾ ਅਜਿਹੇ ਸਿੱਖਾਂ ਨੂੰ ਗੁਰੂ ਵਲੋਂ ਦਿੱਤਾ ਗਿਆ ਅਧਿਕਾਰ ਵੀ ਹੈ।

ਵਿਸ਼ਵ ਇਤਿਹਾਸ ਸਾਨੂੰ ਦੱਸ ਪਾਉਂਦਾ ਹੈ ਕਿ ਵਿਸ਼ਵ ਕੌਮਾਂ-ਸੱਭਿਆਚਾਰਾਂ ਦੇ ਪਰਿਵਾਰ ਵਿਚ ਆਪਣੀ ਮਜ਼ਬੂਤ ਵਿਚਾਰਧਾਰਾ ਅਤੇ ਅਭਿਲਾਸ਼ਾਵਾਂ ਦੇ ਬਲ 'ਤੇ ਆਪਣਾ ਵਿਸ਼ਵ ਸਥਾਨ ਹਾਸਲ ਕਰਨ ਲਈ ਭੂਮਿਕਾ ਨਿਭਾਉਣ ਵਾਲੇ ਇਹ ਲੋਕ ਹਮੇਸ਼ਾ ਕਿਸੇ ਨਾ ਕਿਸੇ ਸੰਕਟਮਈ ਸਥਿਤੀ ਵਿਚ ਰਹਿੰਦੇ ਹਨ। ਸੰਕਟਾਂ ਦੀ ਅਜਿਹੀ ਸਥਿਤੀ ਵਰਤਮਾਨ ਵਿਚ ਵੀ ਜਾਰੀ ਹੈ ਅਤੇ ਭਵਿੱਖ ਵਿਚ ਵੀ ਜਾਰੀ ਰਹੇਗੀ। ਹਰ ਸਮਕਾਲ ਦੇ ਆਗੂਆਂ ਨੂੰ ਅਜਿਹੇ ਸੰਕਟਾਂ ਦਾ ਸਾਹਮਣਾ ਕਰਨ ਅਤੇ ਆਪਣੇ ਲੋਕਾਂ ਦੀ ਸਫ਼ਲ ਅਗਵਾਈ ਕਰਨ ਲਈ ਆਪਣੇ ਸਮੇਂ ਦੇ ਮੁੱਦਿਆਂ ਨੂੰ ਸੰਬੋਧਨ ਹੋਣਾ ਹੁੰਦਾ ਹੈ। ਪਰ ਇਕ ਵਿਚਾਰ ਸਪੱਸ਼ਟ ਹੈ ਕਿ ਸਬੰਧਿਤ ਕੌਮ ਦੇ ਮੁੱਦਿਆਂ ਨੂੰ ਅੱਗੇ ਲੈ ਕੇ ਜਾਣ ਵਾਲੀਆਂ ਸੰਸਥਾਵਾਂ ਜਿੰਨੀਆਂ ਸ਼ਕਤੀਸ਼ਾਲੀ ਹੋਣਗੀਆਂ, ਓਨੀਆਂ ਹੀ ਉਹ ਸਪੱਸ਼ਟਤਾ ਅਤੇ ਤਾਕਤ ਨਾਲ ਅੱਗੇ ਵਧ ਸਕਦੀਆਂ ਹਨ।



ਸਿੱਖ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਯਾਨਿ ਤਖ਼ਤ ਜਥੇਬੰਦੀ ਦੀ ਸੰਸਥਾ ਸਮੇਤ ਗੁਰਦੁਆਰਾ ਸੰਸਥਾ, ਸਿੱਖ ਰਾਜਨੀਤੀ, ਆਰਥਿਕਤਾ, ਵਿੱਦਿਆ, ਸੱਭਿਆਚਾਰ, ਸਿੱਖ ਸ਼ਾਸਕੀ ਮਾਡਲ ਅਤੇ ਸਮੁੱਚੇ ਸਿੱਖ ਵਿਸ਼ਵ ਦ੍ਰਿਸ਼ਟੀਕੋਣ ਦੀਆਂ ਸੰਸਥਾਵਾਂ ਆਦਿ ਜਿਵੇਂ ਕਮਜ਼ੋਰ ਹੋ ਗਈਆਂ ਹਨ ਜਾਂ ਕਰ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਨਵੇਂ ਰੂਪ ਵਿਚ ਸੰਗਠਿਤ ਕਰਨ ਅਤੇ ਸ਼ਕਤੀਸ਼ਾਲੀ ਕਰਨ ਦੇ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਸੰਕਟ ਪੈਦਾ ਕਰਨ ਲਈ ਕੌਣ ਲੋਕ ਜ਼ਿੰਮੇਵਾਰ ਸਨ (ਹਨ)? ਇਹ ਇਤਿਹਾਸ ਦੇ ਵਿਸ਼ਲੇਸ਼ਣ ਦਾ ਵਿਸ਼ਾ ਹੈ। ਪਰ ਸਿੱਖ ਪੰਥ ਦੇ ਭਵਿੱਖ ਲਈ ਪੰਜਾਬ ਅਤੇ ਵਿਸ਼ਵ ਭਰ ਵਿਚ ਵਸਦੇ ਸੰਵੇਦਨਸ਼ੀਲ ਸਿੱਖਾਂ ਦੀ ਇਹ ਮੁੱਢਲੀ ਚਿੰਤਾ ਅਤੇ ਚਿੰਤਨ ਦੇ ਵਿਸ਼ੇ ਬਣਨੇ ਚਾਹੀਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸਮੇਂ ਸਿੱਖ ਸੰਸਥਾਵਾਂ ਨੂੰ ਕਿਵੇਂ ਸ਼ਕਤੀਸ਼ਾਲੀ ਕੀਤਾ ਜਾਵੇ ਅਤੇ ਇਨ੍ਹਾਂ ਦੀ ਨਵੀਂ ਭੂਮਿਕਾ ਕੀ ਹੋਵੇ? ਇਸ ਮੌਕੇ ਨੂੰ ਅੱਗੇ ਵਧਣ ਲਈ ਕਿਵੇਂ ਇਕ ਵੱਡੇ ਸਾਧਨ ਵਜੋਂ ਵਰਤਿਆ ਜਾਵੇ? ਸਪੱਸ਼ਟ ਹੈ ਕਿ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਇਸੇ ਕੇਂਦਰੀ ਵਿਸ਼ੇ ਅਥਵਾ ਏਜੰਡੇ ਉੱਤੇ ਫੋਕਸ ਕੀਤਾ ਜਾਣਾ ਚਾਹੀਦਾ ਹੈ।

ਸਿੱਖ ਜੀਵਨ ਅਤੇ ਪੰਥ ਨੂੰ ਮੂਲ ਤੌਰ 'ਤੇ ਗੁਰਦੁਆਰਾ ਪ੍ਰਬੰਧ, ਮਨੁੱਖੀ ਸਰੋਤ ਘੜਨ ਵਾਲੀ ਅਕਾਦਮਿਕ-ਧਾਰਮਿਕ ਵਿੱਦਿਆ, ਆਰਥਿਕਤਾ, ਸਿਹਤ ਸੰਭਾਲ, ਰੁਜ਼ਗਾਰ ਸਮੇਤ ਸਮੁੱਚੀ ਜੀਵਨ ਸੁਰੱਖਿਆ, ਸਿੱਖ ਸੱਭਿਆਚਾਰ, ਸਿੱਖ ਰਾਜਨੀਤੀ-ਪ੍ਰੇਰਿਤ ਜਾਂ ਕੇਂਦਰ-ਪ੍ਰੇਰਿਤ ਪੰਜਾਬ ਦੀ ਸ਼ਾਸਨ ਵਿਵਸਥਾ, ਸਿੱਖ ਆਗੂ,

ਬਾਕੀ ਸਫ਼ਾ 32 'ਤੇ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

## HOLLYWOOD SIKH TEMPLE (GURDWARA SAHIB VERMONT)

along with

## The Sikh Institutions of Southern California

*Celebrate*

# The 550th Parkash Utsav

*of*

# Shri Guru Nanak Dev Ji

**(Founder of Sikh Religion)**

*Guru ka Langer will be served all day along with fresh Jalebi's and fresh fruits!*

ੴ

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

3201 Riverside Dr. Los Angeles, CA 90027 (1/2 Mile from Gurdwara Sahib Vermont)

Guest of honor: **Dr Amarjit Singh Marwah** and other dignitaries, city officials.



Bhai Harjinder Singh ji (Srinagar wale)



Bhai Ajit Singh Ji (Hazoori Ragi)

**KIRTAN DARBAR BY FAMOUS RAGI JATHAS:**

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

**RAGI JATHA PLEASE CONTACT:**

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

**FOR LANGAR SEWA PLS CONTACT:**

- Amarjit Singh:...........(310) 291-4835
- Breakfast will be served by Bhai Kanhiaya Sewa Dal

**MANAGEMENT SEWA COMMITTEE**

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

**FOR BAZAAR TABLES, CONTACT:**

- Gurdev Singh.................323-304-4871

**PARTICIPATING GURDWARAS:**

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

**DONATION SEWA COMMITTEE**

- Harjinder Singh Malhi
- Iqbal Singh Dhilon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org
E-mail: info@hollywoodsikhtemple.org

**Call 323-665-7707**

ALL ARE WELCOME!

47833


ELITE
REALTY SERVICES
ELITE REALITY SERVICES
"1099 and Bank Statement only loans"
ਘਰ ਖਰਿਦਣ ਅਤੇ ਵੇਚਣ ਲਈ ਸੰਪਰਕ ਕਰੋ
In Bay Area, Tracy, Manteca, Lathrop and Stockton
BAL SIDHU
NMLS-1785833
DRE- 02039146
Lower rate, shorteren term, or take cash-out with a refinance today
ਬਿਨਾ ਕਰੈਡਿਟ ਚੈਕ ਕੀਤੇ ਪਤਾ ਕਰੋ ਕਿ ਤੁਹਾਨੂੰ ਲੋਨ ਮਿਲ ਸਕਦਾ ਹੈ ਜਾਂ ਨਹੀਂ
COMPLEMENTRY PRE PRE QUALIFICATION WITHOUT HITTING A SCORE!
NO COST REFINANCE! (Conditions Apply)
FHA, CONVENTIONAL AND JUMBO LOANS AVAILABLE
Call 510-634-6599 • 408-641-1858
2787 Moorpark Ave., San Jose, CA 95128
Email: balsidhurealtor@gmail.com


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536




## ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ

## ਪਾਵਨ ਪਵਿੱਤਰ ਪ੍ਰਕਾਸ਼ ਦਿਵਸ

ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ

## 20 ਅਕਤੂਬਰ 2019, ਦਿਨ ਐਤਵਾਰ

ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਂ ਸਿਰ ਪਰਿਵਾਰ ਸਮੇਤ ਤਿੰਨੇ ਦਿਨ ਹੀ ਹਾਜ਼ਰੀ ਭਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਆਰੰਭ ਸ੍ਰੀ ਆਖੰਡ ਪਾਠ ਸਾਹਿਬ 18 ਅਕਤੂਬਰ 2019, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ**
**ਭੋਗ ਸ੍ਰੀ ਆਖੰਡ ਪਾਠ ਸਾਹਿਬ 20 ਅਕਤੂਬਰ 2019, ਦਿਨ ਐਤਵਾਰ ਸਵੇਰੇ 10:00 ਵਜੇ**

ਬੇਨਤੀ ਕਰਤਾ:

## ਸ. ਬਹਾਦਰ ਸਿੰਘ ਬਮਰਾਹ ਅਤੇ ਸਮੂਹ ਬਮਰਾਹ ਪਰਿਵਾਰ

## ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

ਧਾਰਮਿਕ ਅਜ਼ਾਦੀਆਂ ਦੇ ਪਹਿਰੇਦਾਰ ਸਿੱਖ ਧਰਮ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਇਤਿਹਾਸਕ ਦੇਣ
ਮੁਗਲ ਬਾਦਸ਼ਾਹ ਵਲੋਂ ਕਿਲ੍ਹੇ 'ਚ ਕੈਦ ਕੀਤੇ 52 ਹਿੰਦੂ ਰਾਜਿਆਂ ਦੀ ਬਿਨਾਂ ਸ਼ਰਤ ਮੁਕਤੀ

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ



ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ 27 ਅਕਤੂਬਰ 2019, ਦਿਨ ਐਤਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਸ਼ਿਕਾਗੋ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਹੋਣ ਤੇ ਸੰਗਤਾਂ ਵੱਲੋਂ ਖ਼ੁਸ਼ੀਆਂ ਮਨਾਈਆਂ ਗਈਆਂ ਸਨ। ਗੁਰੂ ਸਾਹਿਬ ਨੇ ਆਪਣੇ ਨਾਲ ਕਿਲੇ ਵਿਚੋਂ 52 ਹਿੰਦੂ ਰਾਜਿਆਂ ਦੀ ਵੀ ਰਿਹਾਈ ਕਰਵਾਈ ਸੀ।

27 ਅਕਤੂਬਰ, ਐਤਵਾਰ 2017 ਸ਼ਾਮ ਦੇ ਦੀਵਾਨਾਂ ਅਤੇ ਲੰਗਰਾਂ ਦੀ ਸੇਵਾ ਸੰਗਤ ਵਿਚੋਂ ਕੁਝ ਪਰਿਵਾਰਾਂ ਵਲੋਂ ਸਾਂਝੇ ਤੌਰ 'ਤੇ ਲਈ ਗਈ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਆਪ ਜੀ ਬੰਦ ਛੋੜ ਦਿਵਸ ਤੇ ਰਾਤ ਦੇ ਦੀਵਾਨਾਂ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।
ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ 15 ਨਵੰਬਰ, 2019, ਸ਼ੁੱਕਰਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ ਜਿਨ੍ਹਾਂ ਦੇ ਭੋਗ 17 ਨਵੰਬਰ, ਐਤਵਾਰ ਸਵੇਰੇ ਪਾਏ ਜਾਣਗੇ। ਇਹ ਸਮਾਗਮ ਵੱਡੇ ਪੱਧਰ 'ਤੇ ਮਨਾਏ ਜਾਣਗੇ। ਵੱਖ ਵੱਖ ਕੀਰਤਨੀ ਜਥੇ ਪਹੁੰਚ ਰਹੇ ਹਨ। ਤਿੰਨੋਂ ਦਿਨ ਲੰਗਰਾਂ ਦੀ ਸੇਵਾ ਵੀ ਸੰਗਤ ਵਿਚੋਂ ਕੁਝ ਪਰਿਵਾਰਾਂ ਵਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਹੈ।

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

SIKH Religious Society
PALATINE GURDWARA

1280 Winnetka Street, Palatine, IL 60067 Ph: (847) 358-1117
Website: www.srschicago.org Email: contactus@srschicago.org



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇੰਸ ਲੈਣ ਲਈ ਡ੍ਰਾਵੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪ੍ਰੋ. ਬਲਵਿੰਦਰਪਾਲ ਸਿੰਘ ਦੀ ਸੰਪਾਦਿਤ ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' 'ਤੇ ਸਮਾਗਮ ਬਾਰੇ ਰਿਪੋਰਟ

## ਖਾਲਿਸਤਾਨ ਦੇ ਨਾਮ 'ਤੇ ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ: ਗੁਰਤੇਜ ਸਿੰਘ

**ਚੰਡੀਗੜ੍ਹ/ਏ.ਟੀ. ਨਿਊਜ਼ :** ਇੱਥੇ ਸਿੱਖ ਵਿਦਵਾਨ ਪ੍ਰੋਫੈਸਰ ਬਲਵਿੰਦਰਪਾਲ ਸਿੰਘ ਅਤੇ ਡਾ. ਗੁਰਵਿੰਦਰ ਸਿੰਘ ਵੱਲੋਂ ਸੰਪਾਦਿਤ ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਜੋ ਕਿ ਗਿਆਨੀ ਦਿੱਤ ਸਿੰਘ ਸਭਾ ਵਲੋਂ ਪ੍ਰਕਾਸ਼ਿਤ ਕੀਤੀ ਗਈ, ਉਤੇ ਵਿਚਾਰ ਗੋਸ਼ਟੀ ਕਰਵਾਈ ਗਈ।



ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਪੁਸਤਕ ਦੇ ਟਾਈਟਲ ਉੱਪਰ ਇਤਰਾਜ਼ ਕਰਦਿਆਂ ਕਿਹਾ ਕਿ ਸਿੱਖ ਧਰਮ ਵਿਚ ਧਰਮਯੁੱਧ ਦਾ ਕੋਈ ਸੰਕਲਪ ਨਹੀਂ। ਇਸ ਦਾ ਜੇ ਅੰਗਰੇਜ਼ੀ ਉਲਥਾ ਕਰੀਏ ਤਾਂ 'ਹੋਲੀ ਵਾਰ' ਨਿਕਲਦਾ ਹੈ। 'ਹੋਲੀ ਵਾਰ' ਤਾਂ ਇਸਾਈਅਤ ਵਿਚ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਇਨਕਲਾਬ ਹੈ, ਧਰਮ ਯੁੱਧ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰੋ. ਬਲਵਿੰਦਰਪਾਲ ਸਿੰਘ ਦਾ ਆਰਟੀਕਲ ਭਾਈ ਬਾਲਾ ਦੀ ਜਨਮ ਸਾਖੀ ਬਾਰੇ ਬਹੁਤ ਵਧੀਆ ਖੋਜ ਹੈ। ਉਨ੍ਹਾਂ ਨੇ ਇਸ ਪੁਸਤਕ ਵਿਚ ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਫੌਜਾ ਸਿੰਘ ਦੇ ਜਨਮ ਸਾਖੀਆਂ ਬਾਰੇ ਲਿਖੇ ਆਰਟੀਕਲ ਉੱਪਰ ਇਤਰਾਜ਼ ਉਠਾਇਆ। ਉਨ੍ਹਾਂ ਦੱਸਿਆ ਕਿ ਡਾ. ਫੌਜਾ ਸਿੰਘ ਉਨ੍ਹਾਂ ਦੇ ਅਧਿਆਪਕ ਰਹਿ ਚੁੱਕੇ ਹਨ।

ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਗੁਰਤੇਜ ਸਿੰਘ ਆਈਏਐਸ ਨੇ ਇਸ ਪੁਸਤਕ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰੋ. ਬਲਵਿੰਦਰਪਾਲ ਸਿੰਘ ਦਾ ਸਿੱਖ ਸਾਹਿਤ ਤੇ ਇਤਿਹਾਸ ਦੇ ਕਾਰਜ ਵਿਚ ਉੱਘੀ ਭੂਮਿਕਾ ਹੈ ਤੇ ਉਨ੍ਹਾਂ ਦੀਆਂ ਪੁਸਤਕਾਂ ਤੇ ਰਚਨਾਵਾਂ ਸੇਧ ਦੇਣ ਵਾਲੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਉਹ ਕੁਝ ਸਿੱਖ ਜਥੇਬੰਦੀਆਂ ਦੇ ਆਗੂਆਂ ਕਾਰਨ ਆਪਣੀਆਂ ਪੰਥਕ ਸਰਗਰਮੀਆਂ ਤੇ ਸਿੱਖ ਸਾਹਿਤ ਰਚਨਾ ਛੱਡ ਚੁੱਕੇ ਸਨ ਤਾਂ ਬਲਵਿੰਦਰਪਾਲ ਸਿੰਘ ਹੁਰਾਂ ਨੇ ਦੇਸਾਂ-ਵਿਦੇਸ਼ਾਂ ਵਿਚ ਅਪੀਲਾਂ ਕਰਕੇ ਮੈਨੂੰ ਦੁਬਾਰਾ ਲਿਖਣ ਲਈ ਮਜ਼ਬੂਰ ਕੀਤਾ। ਮੈਂ ਸੋਚਿਆ ਕਿ ਜੋ ਮੈਨੂੰ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਲਈ ਮੈਨੂੰ ਲਿਖਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨਾਲ ਮੈਂ ਸਹਿਮਤ ਨਹੀਂ ਕਿ ਸਿੱਖ ਧਰਮ ਵਿਚ ਧਰਮ ਯੁੱਧ ਦਾ ਸੰਕਲਪ ਨਹੀਂ। ਉਨ੍ਹਾਂ ਕਿਹਾ ਕਿ ਧਰਮ ਯੁੱਧ ਦਾ ਅੰਗਰੇਜ਼ੀ ਵਿਚ ਅਰਥ 'ਵਾਰ ਫਾਰ ਰਿਲੀਜ਼ਨ' ਬਣਦਾ ਹੈ, ਨਾ ਕਿ ਹੋਲੀ ਵਾਰ। ਹੋਲੀ ਵਾਰ ਜ਼ਰੂਰ ਇਸਾਈਅਤ ਦਾ ਸੰਕਲਪ ਹੈ, ਪਰ ਗੁਰਮਤਿ ਵਿਚ ਸ਼ੁੱਭ ਕਾਰਜ, ਸ਼ੁੱਭ ਰਾਜਨੀਤੀ, ਮਨੁੱਖੀ ਅਧਿਕਾਰਾਂ ਤੇ ਚੰਗੇ ਸਮਾਜ ਦੀ ਸਿਰਜਣਾ ਦੇ ਲਈ ਯੁੱਧ ਹੀ ਧਰਮ ਯੁੱਧ ਹੈ। ਜੇਕਰ ਅਸੀਂ ਧਰਮ ਯੁੱਧ ਨੂੰ ਰੱਦ ਕਰਾਂਗੇ ਤਾਂ ਵੀਹਵੀਂ ਸਦੀ ਦੌਰਾਨ ਜੋ ਧਰਮ ਯੁੱਧ ਸਿੱਖਾਂ ਵਲੋਂ ਲੜਿਆ ਗਿਆ ਹੈ, ਉਸ ਨੂੰ ਵੀ ਰੱਦ ਕਰ ਦਿਆਂਗੇ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੇ ਨਾਮ 'ਤੇ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਉਸ ਬਾਰੇ ਸਾਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਇਹ ਕੇਂਦਰ ਸਰਕਾਰ ਵਲੋਂ ਸਿੱਖਾਂ ਨੂੰ ਦਬਾਉਣ ਤੇ ਪੰਜਾਬੀਆਂ ਨੂੰ ਡਰਾਉਣ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅੱਤਵਾਦ ਦਾ ਕੋਈ ਮਾਹੌਲ ਨਹੀਂ ਤੇ ਫਿਰਕੂ ਸਿਆਸਤਦਾਨ ਅੱਤਵਾਦ ਦਾ ਰੌਲਾ ਪਾ ਕੇ ਆਪਣੀ ਸਿਆਸਤ ਚਮਕਾ ਰਹੇ ਹਨ। ਕਸ਼ਮੀਰ ਬਾਰੇ ਉਨ੍ਹਾਂ ਕਿਹਾ ਕਿ ਉੱਥੇ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੋਈ ਹੈ ਤੇ ਉਨ੍ਹਾਂ ਦੇ ਅਧਿਕਾਰ ਖੋਹਣੇ ਹਿਟਲਰਸ਼ਾਹੀ ਹੈ।

ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ 'ਹੋਲੀ ਵਾਰ' ਦਾ ਅਰਥ 'ਕਰੂਸ਼ੇਡ' ਹੈ, ਧਰਮ ਯੁੱਧ ਨਹੀਂ। ਹਰ ਧਰਮ ਤੇ ਸੱਭਿਅਤਾ ਦੇ ਆਪਣੇ ਸੰਕਲਪ ਹਨ, ਇਸੇ ਤਰ੍ਹਾਂ ਸਿੱਖ ਧਰਮ ਦਾ ਆਪਣਾ ਵਿਲੱਖਣ ਸੰਕਲਪ ਹੈ। ਕਰੂਸ਼ੇਡ ਇਸਲਾਮ ਵਿਰੁੱਧ ਇਸਾਈਆਂ ਦਾ ਯੁੱਧ ਸੀ, ਜਿਸ ਦਾ ਮੰਤਵ ਇਸਾਈਅਤ ਦੇ ਬੋਲਬਾਲੇ ਵਾਲਾ ਦੇਸ ਸਿਰਜਣਾ ਸੀ ਤੇ ਮੁਸਲਮਾਨਾਂ ਨੂੰ ਹਰਾਉਣਾ ਸੀ। ਇਸੇ ਤਰ੍ਹਾਂ ਇਸਲਾਮ ਦੇ ਪੈਰੋਕਾਰਾਂ ਨੇ ਵੀ ਜਿਹਾਦ ਦਾ ਸੰਕਲਪ ਲਿਆਂਦਾ, ਜਿਸ ਦਾ ਰੂਹਾਨੀ ਅਰਥ ਭਾਵੇਂ ਮਨੁੱਖ ਅੰਦਰਲੀ ਨਫਸ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਖਤਮ ਕਰਨਾ ਸੀ। ਪਰ ਇਹ ਯੁੱਧ ਜਿਹਾਦ ਦੇ ਰੂਪ ਵਿਚ ਬਣਾ ਕੇ 11, 12, 13ਵੀਂ ਸਦੀ ਤੱਕ ਇਸਾਈਆਂ ਵਿਰੁੱਧ ਲੜਿਆ ਗਿਆ। ਇਸ ਵਿਚ ਮੁਸਲਮਾਨਾਂ ਨੂੰ ਹਾਰ ਹੋਈ ਤੇ ਪੱਛਮ ਉਨ੍ਹਾਂ ਕੋਲ ਖੁੱਸ ਗਿਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ 'ਤੇ ਆਧਾਰਿਤ ਹੈ। ਇਹ ਯੁੱਧ ਗੁਲਾਮੀ ਦੇ ਵਿਰੁੱਧ ਤੇ ਗੁਲਾਮਾਂ (ਦਲਿਤਾਂ ਤੇ ਕਿਰਤੀਆਂ) ਨੂੰ ਅਜ਼ਾਦ ਕਰਾਉਣ ਲਈ ਸੀ। ਇਹ ਮਨੁੱਖੀ ਹੱਕਾਂ ਲਈ ਅਜ਼ਾਦੀ ਦੀ ਜੰਗ ਸੀ। ਇਹ ਧਰਮ ਯੁੱਧ ਮਨੁੱਖੀ ਹੱਕਾਂ, ਮਨੁੱਖੀ ਬਰਾਬਰੀ ਅਤੇ ਵਿਸ਼ਵ ਸ਼ਾਂਤੀ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਘ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਵਿਰੁੱਧ ਬਾਬਰ ਦੇ ਰਾਹਾਂ 'ਤੇ ਚਲਿਆ ਹੋਇਆ ਹੈ ਤੇ ਸਿੱਖਾਂ ਨੂੰ ਹਿੰਦੂਤਵ ਦਾ ਅੰਗ ਦਰਸਾ ਕੇ ਮੁਸਲਮਾਨਾਂ ਤੇ ਇਸਾਈਆਂ ਵਿਰੁੱਧ ਨਫ਼ਰਤ ਫੈਲਾ ਰਿਹਾ ਹੈ। ਸਾਨੂੰ ਸਭ ਭਾਈਚਾਰਿਆਂ ਨੂੰ ਮਿਲ ਕੇ ਗੁਰੂ ਨਾਨਕ ਦੀ ਸੋਚ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਪ੍ਰੋ. ਬਲਵਿੰਦਰਪਾਲ ਸਿੰਘ ਤੇ ਡਾ. ਗੁਰਵਿੰਦਰ ਸਿੰਘ ਧਾਲੀਵਾਲ ਵਲੋਂ ਸੰਪਾਦਿਤ ਸਾਰੀ ਪੁਸਤਕ ਪੜ੍ਹੀ ਹੈ। ਇਹ ਸ਼ਲਾਘਾਯੋਗ ਕਾਰਜ ਹੈ। ਗੁਰਤੇਜ ਸਿੰਘ ਦਾ ਆਰਟੀਕਲ ਬਹੁਤ ਹੀ ਖੋਜਾਤਮਕ ਹੈ, ਜੋ ਕਿ ਆਧੁਨਿਕ ਯੁੱਗ ਵਿਚ ਗੁਰੂ ਨਾਨਕ ਦੀ ਸੋਚ ਅਨੁਸਾਰ ਨੀਤੀ ਘੜਨ ਦੀ ਪ੍ਰੇਰਨਾ ਦਿੰਦਾ ਹੈ ਤਾਂ ਜੋ ਮਨੁੱਖਤਾ ਦੀ ਅਜ਼ਾਦੀ ਲਈ ਹਰੇਕ ਮਨੁੱਖ ਨੂੰ ਪ੍ਰੇਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰਿਆਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਗਿਆ ਹੈ ਤਾਂ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਕੌਮਾਂਤਰੀ ਨਗਰ ਕੀਰਤਨ ਦੀ ਸਮਾਪਤੀ ਸੁਲਤਾਨਪੁਰ ਲੋਧੀ ਕਿਉਂ ਹੋ ਰਹੀ ਹੈ ਅਤੇ ਇਸ ਕੌਮਾਂਤਰੀ ਨਗਰ ਕੀਰਤਨ ਨੂੰ ਕਰਤਾਰਪੁਰ ਸਾਹਿਬ (ਪਾਕਿਸਤਾਨ) ਕਿਉਂ ਨਹੀਂ ਲਿਜਾਇਆ ਜਾ ਰਿਹਾ। ਕੌਮਾਂਤਰੀ ਨਗਰ ਕੀਰਤਨ ਦੀ ਸਮਾਪਤੀ ਸੁਭਾਵਿਕ ਅਤੇ ਤਾਰਕਿਕ ਤੌਰ ਤੇ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਦੇ ਪਵਿੱਤਰ ਅਸਥਾਨ ਕਰਤਾਰਪੁਰ ਵਿਖੇ ਹੀ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਜੇ ਸਿੱਖਾਂ ਦੇ ਸਾਰੇ ਅਤੀ ਮਹੱਤਵਪੂਰਨ ਧਾਰਮਿਕ ਫੈਸਲੇ ਵੀ 'ਬਾਦਲ ਪਰਿਵਾਰ' ਦੀ ਸੰਘ ਪਰਿਵਾਰ ਦੀ ਰਾਜਨੀਤਿਕ ਸਹੂਲਤ ਅਨੁਸਾਰ ਹੀ ਕੀਤੇ ਜਾਣੇ ਹਨ ਤਾਂ ਫੇਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ, ਪੰਜ ਸਿੱਖ ਤਖਤ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਸੰਗਤਾ ਅਤੇ ਮਹੱਤਵ ਕੀ ਹੈ ?

ਉਨ੍ਹਾਂ ਇਹ ਵੀ ਦੱਸਿਆ ਕਿ ਜੁਲਾਈ 2013 ਵਿੱਚ ਮੈਨੂੰ ਪੂਰਬੀ ਅਫ਼ਰੀਕੀ ਮੁਲਕ ਕੀਨੀਆ ਵਿੱਚ ਜਾਣ ਦਾ ਮੌਕਾ ਮਿਲਿਆ। ਸਬੱਬ ਇਹ ਸੀ ਕਿ ਕੀਨੀਆ ਦੇ ਸਿੱਖ ਭਾਈਚਾਰੇ ਵੱਲੋਂ ਦੇਸ਼-ਵਿਦੇਸ਼ ਪੜ੍ਹਦੇ ਸਿੱਖ ਨੌਜਵਾਨ ਬੱਚਿਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਅੰਗਰੇਜ਼ੀ ਅਤੇ ਪੰਜਾਬੀ ਜ਼ੁਬਾਨ ਵਿੱਚ ਦੇਣ ਲਈ ਹਰ ਵਰ੍ਹੇ ਇੱਕ ਹਫ਼ਤੇ ਦੀ ਅਵਧੀ ਵਾਲਾ ਕੈਂਪ ਗੁਰਦੁਆਰਾ ਮਕਿੰਡੂ ਸਾਹਿਬ ਵਿਖੇ ਲਾਇਆ ਜਾਂਦਾ ਹੈ। ਇਹ ਗੁਰਦੁਆਰਾ ਨੈਰੋਬੀ-ਮੁੰਬਾਸਾ ਸ਼ਾਹਰਾਹ ਉੱਤੇ ਨੈਰੋਬੀ ਤੋਂ ਤਕਰੀਬਨ 170 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰਦੁਆਰਾ ਮਕਿੰਡੂ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸਾਲ 2013 ਦੇ ਕੈਂਪ ਲਈ ਇਹ ਸੇਵਾ ਮੇਰੇ ਜ਼ਿੰਮੇ ਲਾ ਦਿੱਤੀ। ਇਸ ਸਮੇਂ ਦੌਰਾਨ, ਯੂਗਾਂਡਾ ਦੇ ਕੰਪਾਲਾ ਸ਼ਹਿਰ ਤੋਂ ਇੱਕ ਸਿੱਖ ਪਰਿਵਾਰ ਤੇ ਉਨ੍ਹਾਂ ਦੇ ਰਿਸ਼ਤੇਦਾਰ ਵੀ ਗੁਰਦੁਆਰਾ ਸਾਹਿਬ ਵਿੱਚ ਠਹਿਰੇ ਹੋਏ ਸਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਪ੍ਰਕਾਸ਼ ਕਰਵਾਏ ਹੋਏ ਸਨ। ਇਸ ਦੌਰਾਨ ਹੀ ਯੂਗਾਂਡਾ ਦੇ ਅਫ਼ਰੀਕੀ ਮੂਲ ਦੇ ਕੁਝ ਹੋਰ ਸਿੱਖਾਂ ਦਾ ਜਥਾ ਵੀ ਗੁਰੂ ਘਰ ਵਿੱਚ ਪੁੱਜ ਗਿਆ ਜੋ ਬਾਮੂਨਾਨਿਕਾ (ਯੂਗਾਂਡਾ) ਤੋਂ ਗੁਰਦੁਆਰਾ ਮਕਿੰਡੂ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ। ਇਹ ਆਪਣਾ ਤੁਆਰੁਫ਼ 'ਮੁੰਗੂਨਾਨਿਕਾ' ਦੇ ਪੈਰੋਕਾਰਾਂ ਵਜੋਂ ਕਰਵਾ ਰਹੇ ਸਨ। ਵਰਨਣਯੋਗ ਹੈ ਕਿ ਸੁਹੈਲੀ ਭਾਸ਼ਾ ਵਿੱਚ 'ਮੁੰਗੂ' ਰੱਬ ਨੂੰ ਆਖਦੇ ਹਨ। 'ਮੁੰਗੂਨਾਨਿਕਾ' ਤੋਂ ਭਾਵ ਹੈ 'ਨਾਨਕ-ਰੱਬ'। ਬਾਮੂਨਾਨਿਕਾ, ਯੂਗਾਂਡਾ ਦੀ ਰਾਜਧਾਨੀ ਕੰਪਾਲਾ ਤੋਂ ਕੰਪਾਲਾ-ਸੁਡਾਨ ਰੋਡ 'ਤੇ ਤਕਰੀਬਨ 38 ਕਿਲੋਮੀਟਰ ਦੂਰ ਹੈ। ਯੂਗਾਂਡਾ ਵਿੱਚ ਵੱਸਦੀ ਸਿੱਖ ਸੰਗਤ ਦਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਸਾਹਿਬ ਲਗਭਗ 1519 ਦੇ ਆਸ-ਪਾਸ ਮੱਖਣ ਸ਼ਾਹ ਲੁਬਾਣਾ ਦੇ ਵੱਡੇ ਵਡੇਰਿਆਂ ਦੀ ਬੇਨਤੀ 'ਤੇ ਇਸ ਖਿੱਤੇ ਵਿੱਚ ਆਏ ਸਨ। ਇਸ ਸਬੰਧ ਵਿੱਚ ਹੋਰ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਇਹ ਤੱਥ ਵੀ ਸਾਹਮਣੇ ਆਇਆ ਕਿ ਗੁਰੂ ਨਾਨਕ ਦੇਵ ਜੀ ਯੂਗਾਂਡਾ ਤੋਂ ਇਲਾਵਾ ਮਿਸਰ, ਸੁਡਾਨ, ਕੀਨੀਆ, ਇਥੋਪੀਆ, ਸੋਮਾਲੀਆ, ਤਨਜ਼ਾਨੀਆ ਤੇ ਕਾਂਗੋ ਵਰਗੇ ਦੇਸ਼ਾਂ ਵਿੱਚ ਵੀ ਗਏ ਸਨ ਤੇ ਤਕਰੀਬਨ ਦਸ ਮਹੀਨੇ ਦਾ ਸਮਾਂ ਇਨ੍ਹਾਂ ਅਫ਼ਰੀਕੀ ਮੂਲ ਦੇ ਲੋਕਾਂ ਨਾਲ ਗੁਜ਼ਾਰਿਆ। ਇਨ੍ਹਾਂ ਯਾਤਰਾਵਾਂ ਦਾ ਹਵਾਲਾ ਜਨਮਸਾਖੀਆਂ ਵਿੱਚ 'ਹਬਸ਼ ਦੇਸ' ਵਜੋਂ ਮਿਲਦਾ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਹਾਲ ਹੀ ਵਿੱਚ ਪ੍ਰਾਪਤ ਹੋਏ ਵੇਰਵਿਆਂ ਅਤੇ ਵੈਟੀਕਨ (ਰੋਮ) ਦੇ ਪੁਰਾਲੇਖੀ ਦਸਤਾਵੇਜ਼ਾ ਦੇ ਹਵਾਲਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਟਲੀ ਵਿੱਚ ਈਸਾਈ ਮੱਤ ਦੇ ਰੋਮ ਸਥਿਤ ਸਦਰ ਮੁਕਾਮ 'ਵੈਟੀਕਨ' ਦੀ ਯਾਤਰਾ ਵੀ ਸਾਲ 1520 ਵਿੱਚ ਕੀਤੀ ਤੇ ਉਨ੍ਹਾਂ ਨੇ ਇਸਾਈ ਮੱਤ ਦੇ ਦਸਵੇਂ ਪੋਪ ਲੀਓ ਅਤੇ ਕਾਰਡੀਨਲਜ਼ ਨਾਲ ਇੱਕ ਲੰਬੀ ਰਸਮੀ ਮੁਲਾਕਾਤ ਵੀ ਕੀਤੀ। ਉਸ ਵੇਲੇ ਉਨ੍ਹਾਂ ਨਾਲ ਭਾਈ ਮਰਦਾਨਾ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜਨਮ ਤੋਂ 1469 ਵਰ੍ਹੇ ਪਹਿਲਾਂ ਸਥਾਪਤ ਇਸਾਈ ਮਤ ਅਤੇ ਇਸਾਈਅਤ ਦੇ ਕੇਂਦਰੀ ਤੀਰਥ ਸਥਾਨ ਵੈਟੀਕਨ (ਰੋਮ) ਦੀ ਯਾਤਰਾ ਨਾ ਕੀਤੀ ਹੋਵੇ ? ਇਹੋ ਤਰਕ ਯਹੂਦੀ ਮੱਤ ਦੇ ਤੀਰਥ ਸਥਾਨ ਯੇਰੂਸ਼ਲਮ ਦੀ ਯਾਤਰਾ ਸਬੰਧੀ ਵੀ ਦਿੱਤਾ ਜਾ ਸਕਦਾ ਹੈ।

ਸੁਖਦੇਵ ਸਿੰਘ ਸਾਬਕਾ ਸੰਪਾਦਕ ਟ੍ਰਿਬਿਊਨ ਨੇ ਕਿਹਾ ਕਿ ਪ੍ਰੋ. ਬਲਵਿੰਦਰਪਾਲ ਸਿੰਘ ਦੀ ਪੁਸਤਕ ਸੰਘ ਪਰਿਵਾਰ ਵਿਰੁੱਧ ਸੰਵਾਦ ਸਿਰਜਦੀ ਹੈ। ਇਹੀ ਸੰਵਾਦ ਨੂੰ ਅੱਗੇ ਵਧਾਉਣ ਦੀ ਲੋੜ ਹੈ। ਧਰਮ ਤੇ ਮਨੁੱਖੀ ਅਜ਼ਾਦੀ ਤਾਂ ਹੀ ਕਾਇਮ ਰਹਿ ਸਕਦੀ ਹੈ, ਜੇਕਰ ਫਾਸ਼ੀਵਾਦ ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੰਘ ਪਰਿਵਾਰ ਫਾਸ਼ੀਵਾਦ ਨੂੰ ਉਤਸਾਹਿਤ ਕਰ ਰਿਹਾ ਹੈ।

ਦੇਸ ਪੰਜਾਬ ਦੇ ਸੰਪਾਦਕ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦਾ ਧਰਮ ਯੁੱਧ ਪੁਸਤਕ ਵਧੀਆ ਪੁਸਤਕ ਹੈ, ਜਿਸ ਵਿਚ ਜਾਤ-ਪਾਤ, ਮਨੁੱਖੀ ਅਧਿਕਾਰ ਤੇ ਵਿਸ਼ਵ ਸ਼ਾਂਤੀ ਦੇ ਨੁਕਤੇ ਉਘਾੜੇ ਗਏ ਹਨ। ਉਨ੍ਹਾਂ ਨੇ ਕਸ਼ਮੀਰ ਵਿਚ ਪਾਬੰਦੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਕਿਸੇ ਕੌਮੀਅਤ ਨੂੰ ਪੰਦਰਾਂ ਲੱਖ ਦੀ ਫੌਜ ਲਗਾ ਕੇ ਦਬਾ ਦੇਣਾ ਤੇ ਉਸ ਨੂੰ ਦੇਸ਼ਭਗਤੀ ਦਾ ਨਾਮ ਦੇਣਾ ਅਣਮਨੁੱਖੀ ਹੈ।

ਸਰਬਜੀਤ ਸਿੰਘ ਸੋਹਲ ਸੀਨੀਅਰ ਨੇਤਾ ਸਿੱਖ ਸਟੂਡੈਂਟ ਫੈਡਰੇਸ਼ਨ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਬਾਰੇ ਪੁਸਤਕ ਇਸ ਸਮੇਂ ਦੌਰਾਨ ਵਧੀਆ ਉਪਰਾਲਾ ਹੈ, ਜਦੋਂ ਅਸੀਂ ਚਿੰਤਾ ਅਤੇ ਅਸ਼ਾਂਤੀ ਦੇ ਮਾਹੌਲ ਵਿਚ ਲੰਘ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੋ ਡਰੋਨ ਅੱਤਵਾਦ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਤੇ ਨੌਜਵਾਨਾਂ ਦੀ ਫੜੋ ਫੜਾਈ ਜਾਰੀ ਹੈ, ਉਹ ਇਕ ਤਰ੍ਹਾਂ ਕਰਤਾਰਪੁਰ ਲਾਂਘਾ ਬੰਦ ਕਰਨ ਦੀ ਸਾਜ਼ਿਸ਼ ਹੈ। ਪਰ ਇਸ ਨਾਲ ਭਾਰਤ-ਪਾਕਿ ਦੋਹਾਂ ਦਾ ਨੁਕਸਾਨ ਹੋਵੇਗਾ। ਦੋਹਾਂ ਦੇਸਾਂ ਨੂੰ ਗੁਰੂ ਨਾਨਕ ਦੀ ਸ਼ਰਨ ਵਿਚ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਸਿੱਖ ਨੌਜਵਾਨਾਂ ਦੀ ਫੜੋ ਫੜਾਈ ਦੀ ਨਿੰਦਾ ਕਰਨੀ ਚਾਹੀਦੀ ਹੈ। ਸਾਹਿਤਕਾਰ ਬੇਅੰਤ ਕੌਰ ਮੋਗਾ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਧਰਮ ਯੁੱਧ ਬਾਰੇ ਪੁਸਤਕ ਵਿਚ ਮੇਰਾ ਆਰਟੀਕਲ ਵੀ ਮੌਜੂਦ ਹੈ। ਮੈਂ ਇਸ ਪੁਸਤਕ ਨੂੰ ਜੀ ਆਇਆ ਆਖਦੀ ਹਾਂ ਤੇ ਸਭ ਬੁੱਧੀਜੀਵੀਆਂ ਨੂੰ ਅਪੀਲ ਕਰਦੀ ਹਾਂ ਕਿ ਉਹ ਗੁਰੂ ਨਾਨਕ ਦੀ ਸੋਚ ਅਨੁਸਾਰ ਇਸਤਰੀ ਹੱਕਾਂ ਲਈ ਆਵਾਜ਼ ਉਠਾਉਣ ਤਾਂ ਜੋ ਸਿੱਖ ਇਸਤਰੀ ਸਿੱਖ ਸਮਾਜ ਵਿਚ ਸਰਗਰਮ ਹੋ ਕੇ ਗੁਰਮਤਿ ਪ੍ਰਚਾਰ ਤੇ ਸਿੱਖੀ ਦੇ ਵਿਕਾਸ ਵਿਚ ਆਪਣਾ ਰੋਲ ਨਿਭਾਅ ਸਕਣ। ਉਨ੍ਹਾਂ ਕਿਹਾ ਕਿ ਕਰਤਾਰਪੁਰ ਦਾ ਖੁੱਲ੍ਹਾ ਲਾਂਘਾ ਵਿਸ਼ਵ ਸ਼ਾਂਤੀ ਦਾ ਆਦਾਰ ਹੈ।

ਇਸ ਮੌਕੇ ਪ੍ਰੋ. ਮਨਜੀਤ ਸਿੰਘ, ਜਸਵਿੰਦਰ ਸਿੰਘ ਰਾਜਪੁਰਾ, ਸੁਰਿੰਦਰ ਸਿੰਘ ਕਿਸ਼ਨਪੁਰਾ, ਡਾ. ਖੁਸਹਾਲ ਸਿੰਘ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ, ਧਰਮਪਾਲ ਸਿੰਘ, ਗੁਰਨਾਮ ਸਿੰਘ, , ਅਮਰਜੀਤ ਸਿੰਘ ਧਵਨ, ਸਾਹਿਬ ਸਿੰਘ, ਕਰਮਜੀਤ ਸਿੰਘ ਆਦਿਕ ਸ਼ਾਮਲ ਸਨ।



# ਕੈਨੇਡਾ ਦੇ ਸਿਆਸੀ ਮੰਚ ’ਤੇ ਜਗਮੀਤ ਸਿੰਘ ਦੀ ਚੜ੍ਹਤ



**ਡਾ. ਗੁਰਵਿੰਦਰ ਸਿੰਘ**
ਪ੍ਰਧਾਨ ਪ੍ਰੈੱਸ ਕਲੱਬ ਬੀਸੀ
0016048251550

ਇਹ ਗੱਲ ਉਸ ਵੇਲੇ ਦੀ ਹੈ, ਜਦੋਂ ਜਗਮੀਤ ਸਿੰਘ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਪਾਰਟੀ ਨਿਊ ਡੈਮੋਕਰੈਟਿਕ ਦਾ ਕੌਮੀ ਆਗੂ ਬਣਨ ਲਈ ਤਿਆਰੀ ਕਰ ਰਿਹਾ ਸੀ। ਉਸ ਨੇ ਸਿਆਸੀ ਪੱਧਰ ਤੇ ਕਾਮਯਾਬੀ ਲਈ ‘ਗੁਰ ਲੈਣ ਵਾਸਤੇ’ ਕਿਸੇ ਨਾਮਵਰ ਰਾਜਸੀ ਨੇਤਾ ਤੋਂ ਸਲਾਹ ਮੰਗੀ, ਜਗਮੀਤ ਸਿੰਘ ਦੇ ਦੱਸਣ ਅਨੁਸਾਰ ਉਸ ਸਲਾਹਕਾਰ ਨੇ ਕਿਹਾ ਕਿ ਜੇਕਰ ਕੈਨੇਡਾ ਦਾ ਰਾਸ਼ਟਰੀ ਪੱਧਰ ਦਾ ਆਗੂ ਬਣਨਾ ਹੈ ਤਾਂ, ਉਸਨੂੰ ਕੁਝ ਤਬਦੀਲੀਆਂ ਦੀ ਲੋੜ ਹੈ। ਪਹਿਲੀ ਗੱਲ ਇਹ ਹੈ ਆਪਣਾ ਪੂਰਾ ਨਾਂ ਜਗਮੀਤ ਸਿੰਘ ਲੈਣ ਦੀ ਬਜਾਏ ‘ਜੈਗ’ ਅਖਵਾਉਣਾ ਸ਼ੁਰੂ ਕਰ ਦੇਵੇ। ਦੂਜੀ ਉਪਨਾਮ ‘ਸਿੰਘ’ ਦੀ ਥਾਂ ਗੋਤ ਵਰਤੋਂ ਕਰੇ। ਤੀਜੀ ਦਾੜ੍ਹੀ ਖੁੱਲ੍ਹੀ ਰੱਖਣ ਦੀ ਬਜਾਏ ਬੰਨ੍ਹਣੀ ਸ਼ੁਰੂ ਕਰੇ ਅਤੇ ਚੌਥੀ ਗੱਲ ਆਪਣੀ ਪੱਗ ਦਾ ਸਟਾਈਲ ਗੋਲ ਤੇ ਦੁਮਾਲੇ ਵਾਲਾ ਛੱਡ ਕੇ, ਨੋਕਦਾਰ ਬਣਾਏ ਅਤੇ ਪੰਜਵੀਂ ਗੱਲ, ਕਿਰਪਾਨ ਉਪਰੋਂ ਪਹਿਨਣ ਦੀ ਥਾਂ ਕੱਪੜਿਆਂ ਦੇ ਹੇਠਾਂ ਦੀ ਪਹਿਨੇ। ਅਜਿਹਾ ਕਰਕੇ ਉਹ ਕੈਨੇਡੀਅਨ ਲੋਕਾਂ ਵਿਚ ਜੱਚ ਜਾਵੇਗਾ, ਨਹੀਂ ਤਾਂ ਉਸ ਲਈ ਕਾਮਯਾਬ ਹੋਣਾ ਔਖਾ ਹੈ। ਜਗਮੀਤ ਨੇ ‘ਸਲਾਹਕਾਰ’ ਨੂੰ ਬੜੇ ਅਦਬ ਨਾਲ ਕਿਹਾ ਕਿ ਉਹ ਨਹੀਂ ਸਮਝਦਾ ਕਿ ਕੈਨੇਡਾ ਦੇ ਬਹੁ-ਸਭਿਆਚਾਰਕ ਭਾਈਚਾਰੇ ਨੂੰ ਉਸਦੇ ਨਾਂ ਨਾਲ ਕੋਈ ਔਖ ਮਹਿਸੂਸ ਹੋਵੇਗੀ, ਜੋ ਨਾਂ ਬਦਲ ਕੇ ਠੀਕ ਹੋ ਜਾਏਗੀ। ਉਪਨਾਮ ਉਹ ਗੋਤ ਜਾਂ ਇਲਾਕੇ ਦਾ ਵਰਤਣ ਦੀ ਥਾਂ, ਸਿੰਘ ਹੀ ਲਿਖਣਾ ਚਾਹੇਗਾ, ਕਿਉਂਕਿ ਇਹ ਉਸਦੀ ਪਛਾਣ ਹੈ। ਰਹੀ ਗੱਲ ਦਾਹੜੀ ਬੰਨਣ ਦੀ, ਉਹ ਸ਼ੁਰੂ ਤੋਂ ਹੀ ‘ਦਾਹੜਾ ਪ੍ਰਕਾਸ਼’ ਕਰਦਾ ਹੈ। ਬਾਕੀ ਦਸਤਾਰ ਬੰਨਣ ਦੇ ਤਰੀਕੇ ਸਾਰੇ ਹੀ ਚੰਗੇ ਹਨ, ਪਰ ਉਸਦੇ ਲੰਮੇ ਚਿਹਰੇ ’ਤੇ ਗੋਲ ਦਸਤਾਰ ਵਧੇਰੇ ਜਚਦੀ ਹੈ ਤੇ ਉਸ ਨੇ ਇਤਿਹਾਸ ਪੜ੍ਹਦਿਆਂ ਵੀ ਜਾਣਿਆ ਹੈ ਕਿ ਸਦੀਆਂ ਤੋਂ ਸਿੱਖ ਦੁਮਾਲਾ ਹੀ ਸਜਾਉਂਦੇ ਆ ਰਹੇ ਹਨ। ਹੋਰ ਅੰਮ੍ਰਿਤਧਾਰੀ ਸਿੱਖ ਹੋਣ ਕਰਕੇ ਕਿਰਪਾਨ ਉਹ ਕਮੀਜ਼ ਦੇ ਉਪਰੋਂ ਪਾਉਂਦਾ ਹੈ ਤੇ ਉਸ ਨੂੰ ਅਜਿਹਾ ਚੰਗਾ ਲੱਗਦਾ ਹੈ। ਇਸ ਤਰ੍ਹਾਂ ਆਪਣੀ ਪਛਾਣ ਨੂੰ ਬਦਲ ਕੇ ਉਹ ਕੈਨੇਡਾ ਦਾ ਰਾਸ਼ਟਰੀ ਨੇਤਾ ਨਹੀਂ ਬਣਨਾ ਚਾਹੇਗਾ। ਜੇਕਰ ਕੈਨੇਡਾ ਦੇ ਲੋਕ ਚਾਹੁੰਣਗੇ, ਤਾਂ ਉਸ ਨੂੰ ਇਉ ਹੀ ਸਵੀਕਾਰ ਕਰਨਗੇ। ਜਗਮੀਤ ਦੀ ਸੋਚ ਸਹੀ ਸਾਬਤ ਹੋਈ ਤੇ ਕੈਨੇਡਾ ਵਾਸੀਆਂ ਨੇ ਉਸ ਨੂੰ ਉਵੇਂ ਹੀ ਪ੍ਰਵਾਨ ਕੀਤਾ ਤੇ ਕੈਨੇਡਾ ਦੇ ਇਤਿਹਾਸ ਵਿੱਚ ਕਿਸੇ ਨੈਸ਼ਨਲ ਪਾਰਟੀ ਦਾ ਕੌਮੀ ਨੇਤਾ ਵੀ ਬਣਾ ਦਿੱਤਾ। ਇਹ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਵਿਚ ਵਸਦੇ ਲੋਕਾਂ ਦੀ ਵਿਸ਼ਾਲ ਸੋਚ ਦਾ ਨਤੀਜਾ ਹੀ ਸੀ।

ਪੰਜਾਬ ਦੇ ਠੀਕਰੀਵਾਲੇ ਪਿੰਡ ਤੋਂ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸਕਿਆਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨਾਲ ਸਬੰਧਿਤ, 40 ਸਾਲਾ ਜਗਮੀਤ ਸਿੰਘ ਅੰਦਰ ਵੀ ਰਜਵਾੜਾ ਸ਼ਾਹੀ ਖ਼ਿਲਾਫ਼ ਬੇਬਾਕੀ ਨਾਲ ਲੜਨ ਦੀ ਭਾਵਨਾ ਝਲਕਦੀ ਹੈ। 2 ਜਨਵਰੀ 1989 ਨੂੰ ਜਗਤਰਨ ਸਿੰਘ ਤੇ ਹਰਮੀਤ ਕੌਰ ਧਾਲੀਵਾਲ ਦੇ ਘਰ ਸਕਾਰਬਰੋ ਸ਼ਹਿਰ ਵਿਚ ਜਨਮਿਆ ਜਗਮੀਤ ਸਿੰਘ ਬਚਪਨ ਤੋਂ ਲੈ ਕੇ ਸਕੂਲ ਕਾਲਜ ਤੱਕ ਨਸਲਵਾਦੀ ਵਤਕਰੇ ਦਾ ਸਾਹਮਣਾ ਕਰਦਾ ਰਿਹਾ ਹੈ। ਜਿਸ ਬਾਰੇ ਉਸ ਨੇ ਆਪਣੀ ਸਵੈ-ਜੀਵਨੀ ‘ਲਵ ਐਂਡ ਕਰੇਜ’ ਵਿੱਚ ਵਿਸਥਾਰ ਸਹਿਤ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਉਸ ਨੇ ਆਪਣੇ ਨਾਲ ਹੋਏ ਜਿਸਮਾਨੀ ਸੋਸ਼ਣ ਤੋਂ ਲੈ ਕੇ ਘਰੇਲੂ ਹਾਲਤਾਂ ਬਾਰੇ ਬੇਬਾਕੀ ਨਾਲ ਲਿਖਣ ਦੀ ਹਿੰਮਤ ਦਿਖਾਈ ਜਿਸ ਦੀ ਪ੍ਰਸੰਸਾ ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੇ ਵੀ ਕੀਤੀ। ਪੇਸ਼ੇ ਵਜੋਂ ਵਕਾਲਤ ਵਿਚ ਸਫਲ ਰਹਿਣ ਵਾਲਾ ਇਹ ਨੌਜਵਾਨ ਸੰਨ 2011 ਵਿੱਚ ਪਹਿਲੀ ਵਾਰ ਉਂਟਾਰੀਓ ਵਿਧਾਨ ਸਭਾ ਵਿਚ ਵਿਧਾਇਕ ਬਣਿਆ ਤੇ ਮਗਰੋਂ ਸੂਬਾਈ ਨਿਊ ਡੈਮੋਕਰੈਟਿਕ ਪਾਰਟੀ ਦਾ ਉਪ-ਨੇਤਾ ਚੁਣਿਆ ਗਿਆ। ਉਸਦਾ ਅਗਾਂਹ-ਵਧੂ ਜਜ਼ਬਾ, ਸਖ਼ਤ ਚੁਣੌਤੀਆਂ ਨਾਲ ਟੱਕਰ ਲੈਣ ਦਾ ਦ੍ਰਿੜ ਇਰਾਦਾ ਤੇ ਸਿਆਸੀ ਨਿਪੁੰਨਤਾ ਨੇ 1 ਅਕਤੂਬਰ 2017 ਨੂੰ ਜਗਮੀਤ ਸਿੰਘ ਨੂੰ ਐਨਡੀਪੀ ਦਾ ਕੌਮੀ ਆਗੂ ਬਣਾ ਦਿੱਤਾ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਕਿਸੇ ਕੌਮੀ ਪਾਰਟੀ ਦਾ ਆਗੂ ਕੈਨੇਡਾ ਦੀਆਂ ਫੈਡਰਲ ਚੋਣਾਂ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੁੰਦਾ ਹੈ ਤੇ ਚੋਣਾਂ ਵੇਲੇ ਕੌਮੀ ਪੱਧਰ ਦੀ ਬਹਿਸਾਂ ਵਿਚ ਸ਼ਾਮਿਲ ਹੁੰਦਾ ਹੈ। ਜਗਮੀਤ ਸਿੰਘ ਪਾਰਟੀ ਆਗੂ ਬਣਨ ਸਮੇਂ ਕੈਨੇਡਾ ਦੀ ਪਾਰਲੀਮੈਂਟ ‘ਹਾਊਸ ਆਫ਼ ਕਾਮਨਜ਼’ ਦਾ ਮੈਂਬਰ ਨਹੀਂ ਸੀ, ਜਿਸ ਕਾਰਨ ਉਸ ਨੇ ਬ੍ਰਿਟਿਸ਼ ਕੋਲੰਬੀਆਂ ਦੇ ਬਰਨਬੀ ਸਾਊਥ ਹਲਕੇ ਤੋਂ ਚੋਣ ਲੜੀ। ਚਾਹੇ ਕੈਨੇਡਾ ਵਿਚ ਸਮੇਂ- ਸਮੇਂ ਜ਼ਿਮਨੀ ਚੋਣਾਂ ਹੁੰਦੀਆਂ ਰਹਿੰਦੀਆਂ ਹਨ, ਪਰ 25 ਫਰਵਰੀ 2018 ਨੂੰ ਹੋਈ ਇਸ ਚੋਣ ਦਾ ਮਹੱਤਵ ਕੁਝ ਵੱਖਰਾ ਹੀ ਸੀ। ਇਕ ਪਾਸੇ ਕਿਸੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਿਤ ਉਮੀਦਵਾਰ, ਕੈਨੇਡਾ ਦੀਆਂ ਬਹੁ ਸਭਿਆਚਾਰਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ ਹੋਇਆ, ਹਰ ਸ਼ਬਦ ਤੋਲ-ਤੋਲ ਕੇ ਬੋਲ ਰਿਹਾ ਸੀ, ਦੂਜੇ ਪਾਸੇ ਸੱਜੇ ਪੱਖੀ ਤਾਕਤਾਂ ਨੇ ਨਸਲੀ ਪੱਤਾ ਖੇਡਦਿਆਂ ਤੇ ਨੀਵੇਂ ਦਰਜੇ ਦੀ ਸਿਆਸਤ ਕਰਦਿਆਂ ਕੈਨੇਡਾ ਦੇ ਮਲਟੀ ਕਲਚਰਲਿਜ਼ਮ ਢਾਂਚੇ ਨੂੰ ਢਾਹ ਲਾ ਰਹੀਆਂ ਸਨ। ਚੋਣ ਪ੍ਰਚਾਰ ਸ਼ੁਰੂ ਹੁੰਦਿਆਂ ਸਾਰ ਲਿਬਰਲ ਉਮੀਦਵਾਰ ਕੈਰੇਨ ਵਾਂਗ ਨੇ ਬਿਆਨ ਦਾਗਿਆ ਕਿ ਬਰਨਬੀ ਹਲਕੇ ਵਿਚ ਵਸਦੇ ਚੀਨੀ ਮੂਲ ਦੇ ਲੋਕ ਉਸ ਨੂੰ ਹੀ ਜਿਤਾਉਣ, ਕਿਉਂਕਿ ਉਹ ਉਹਨਾਂ ਵਿੱਚੋਂ ਹੀ ਹੈ। ਇਸ ਕਾਰਨ ਹੀ ਉਸ ਉਮੀਦਵਾਰ ਨੂੰ ਮਗਰੋਂ ਅਸਤੀਫ਼ਾ ਦੇਣਾ ਪਿਆ। ਕੰਜ਼ਰਵਟਿਵ ਉਮੀਦਵਾਰ ਜੇ ਸ਼ਿਨ ਨੇ ਤਾਂ ਉਸ ਸਮੇਂ ਸਾਰੀਆਂ ਹੀ ਹੱਦਾਂ ਪਾਰ ਕਰ ਦਿੱਤੀਆਂ ਜਦੋਂ ਉਸ ਨੇ ਜਗਮੀਤ ਸਿੰਘ ਖ਼ਿਲਾਫ਼ ਭੱਦੇ ਪੋਸਟਰ ਛਾਪੇ ਤੇ ਲਿਖਿਆ ਕਿ ਜਗਮੀਤ ਸਿੰਘ ਨੂੰ ਹਰਾ ਕੇ ਐਨ.ਡੀ.ਪੀ. ਨੂੰ ‘ਨਵਾਂ ਲੀਡਰ’ ਦਿੱਤਾ ਜਾਵੇ । ਸੱਜੇ ਪੱਖੀ ਟੌਰੀ ਪਾਰਟੀ ਦੇ ਆਗੂ ਐਂਡਰੀਊ ਸ਼ੀਅਰ , ਉਸਦੇ ਕਿਸੇ ਵੀ ਭਾਰਤੀ ਮੂਲ ਦੇ ਮੈਂਬਰ ਜਾਂ ਅਗਲੀਆਂ ਫੈਡਰਲ ਚੋਣਾਂ ਦੇ ਬਣੇ ਉਮੀਦਵਾਰਾਂ ਨੇ ਅਜਿਹੇ ਪੋਸਟਰਾਂ ਦਾ ਵਿਰੋਧ ਨਾ ਕੀਤਾ। ਚਾਹੇ ਜਗਮੀਤ ਸਿੰਘ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਆਪਣਾ ਧਿਆਨ ਕੈਨੇਡਾ ਦੀਆਂ ਸਿਹਤ ਸੇਵਾਵਾਂ , ਆਰਥਿਕ ਢਾਂਚੇ, ਕਰ ਨੀਤੀ, ਵਿਦਿਅਕ ਪਾਸਾਰ ਅਤੇ ਪਿਛੜੇ ਲੋਕਾਂ ਦੀ ਬਰਾਬਰਤਾ ਆਦਿ ਮੁੱਦਿਆਂ ’ਤੇ ਰੱਖਿਆ, ਪਰ ਫਾਸੀਵਾਦੀ ਤੇ ਨਸਲਵਾਦੀ ਤਾਕਤਾਂ ਨੇ ਉਸਨੂੰ ਉਸ ਦੀ ਪਛਾਣ, ਪ੍ਰਵਾਸੀ ਪਿਛੋਕੜ ਅਤੇ ਧਰਮ- ਰੰਗ ’ਤੇ ਹਮਲਾ ਕਰਦਿਆਂ ਭੰਡਣ ਦੀ ਹਰ ਚਾਲ ਖੇਡੀ । ਟੋਰੀਆਂ ਨੇ ਤਾਂ ਸੀਰੀਆ ਦੇ ਰਫ਼ਿਊਜੀ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੂੰ ਵੀ ਨਾ ਸਿਰਫ ਨਿੰਦਿਆ, ਬਲਕਿ ਗੋਰਿਆਂ, ਚੀਨਿਆ, ਮੁਸਲਮਾਨਾਂ ਤੇ ਹੋਰਨਾਂ ਵਿਚ ਪਾੜਾ ਪਾਉਣ ਦਾ ਪੱਤਾ ਵੀ ਖੇਡਿਆ। ਜਗਮੀਤ ਦੀ ਚੋਣ ਮੁਹਿੰਮ ਨੂੰ ਤਾਰਪੀਡੋ ਕਰਨ ਲਈ ਉਸਦੀ ਆਲੋਚਨਾ ਕੈਨੇਡਾ ਦੀਆਂ ਸੱਜੇ ਪੱਖੀ ਤਾਕਤਾਂ ਤੋਂ ਇਲਾਵਾ, ਭਾਰਤ ਦੀਆਂ ਭਗਵੇਂਵਾਦੀ ਤਾਕਤਾਂ ਨੇ ਵੀ ਖੁੱਲ ਕੇ ਕੀਤੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਜਗਮੀਤ ਨੇ 2011 ਤੋਂ ਹੀ ‘ਸਿੱਖ ਨਸਲਕੁਸ਼ੀ’ ਸਬੰਧੀ ਮਤੇ ਦੀ ਖੁੱਲ ਕੇ ਹਮਾਇਤ ਹੀ ਨਹੀਂ ਕੀਤੀ, ਸਗੋਂ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਸਨੇ ਮਨੁੱਖੀ ਅਧਿਕਾਰਾਂ ਦੇ ਮੱਦੇ ’ਤੇ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ’ਤੇ ਹੁੰਦਾ ਜ਼ੁਲਮ ਦੀ ਵੀ ਨਿਖੇਧੀ ਕੀਤੀ। ਇਸ ਕਾਰਨ ਹੀ ਭਾਰਤ ਅਤੇ ਪੰਜਾਬ ਦੇ ਸੱਤਾਧਾਰੀ ਆਗੂਆਂ ਵੱਲੋਂ ਜਗਮੀਤ ਸਿੰਘ ਦਾ ਲਗਾਤਾਰ ਵਿਰੋਧ ਵੀ ਹੁੰਦਾ ਰਿਹਾ ਹੈ। ਸਿਤਮਜ਼ਰੀਫੀ ਦੀ ਗੱਲ ਇਹ ਹੈ ਕਿ ਇਕ ਪਾਸੇ ਕੈਨੇਡਾ ਨੇ ਪ੍ਰਵਾਸੀ ਮੂਲ ਦੇ ਪਿਛੋਕੜ ਵਾਲੇ ਨੌਜਵਾਨ ਨੂੰ ਰਾਸ਼ਟਰੀ ਪਾਰਟੀ ਦਾ ਨੇਤਾ ਚੁਣਿਆ, ਦੂਜੇ ਪਾਸੇ ਕੈਨੇਡਾ ਦੇ ਜੰਮਪਲ ਜਗਮੀਤ ਸਿੰਘ ਨੂੰ ਭਾਰਤ ਵਲੋਂ ਵੀਜ਼ਾ ਦੇਣ ’ਤੇ ਪਾਬੰਦੀ ਲਾ ਦਿੱਤੀ ਗਈ। ਅਜਿਹੀਆਂ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਹੋਈਆਂ, ਜਿਹੜੀਆਂ ਜਗਮੀਤ ਸਿੰਘ ਨੂੰ ਹਰ ਹਾਲ ਵਿਚ ਹਰਾਉਣ ਲਈ ਮਿਥ ਕੇ ਕੀਤੀਆਂ ਗਈਆਂ, ਪਰ ਅਖੀਰ ਨੂੰ ਜਿੱਤ ਸੱਚ ਦੀ ਹੋਈ ਤੇ ਹਾਰ ਸੱਜੇ ਪੱਖੀ , ਫਿਰਕੂ ਤੇ ਫਾਸੀਵਾਦੀ ਤਾਕਤਾਂ ਦੀ, ਇਥੋਂ ਤੱਕ ਕਿ ਇਥੋਂ ਦੇ ਪ੍ਰਮੁੱਖ ਅੰਗਰੇਜ਼ੀ ਮੀਡੀਆ ‘ਵੈਨਕੂਵਰ ਸੰਨ’ ਸਮੇਤ ਸੱਜੇ ਪੱਖੀ ਪ੍ਰੈਸ ਨੇ ਵੀ ਜਗਜੀਤ ਸਿੰਘ ਨੂੰ ਹਰਾਉਣ ਦੀ ਹਰ ਵਾਹ ਲਾਈ, ਪਰ ਲੋਕਾਂ ਨੇ ਉਸਦੇ ਸਿਰ ‘ਜਿੱਤ ਦਾ ਤਾਜ’ ਸਜਾਇਆ। ਜਗਮੀਤ ਦੀ ਕਾਮਯਾਬੀ ਅਸਲ ਵਿੱਚ ਕੈਨੇਡਾ ਦੀਆਂ ਬਹੁ-ਸਭਿਆਚਾਰਕ ਕਦਰਾਂ-ਕੀਮਤਾਂ ਦੀ ਹੀ ਜਿੱਤ ਹੈ। ਇਕ ਸਿੱਖ ਹੋਣ ਦੇ ਨਾਤੇ ਚਾਹੇ ਉਸਨੇ ਸਿੱਖੀ ਦੀ ਸ਼ਾਨ ਨੂੰ ਤਾਂ ਵਧਾਇਆ ਹੀ ਹੈ, ਪਰ ਕੈਨੇਡਾ ਦੇ ਸੰਦਰਭ ਵਿਚ ਉਸਦੀ ਜਿੱਤ ਇੰਮੀਗੈਰੰਟ ਲੋਕਾਂ ਤੇ ਘੱਟ ਗਿਣਤੀਆਂ ਲਈ ਨਵੀਆਂ ਸੰਭਾਵਨਾਵਾਂ ਦੀ ਪ੍ਰਤੀਕ ਹੈ।

ਨਿਊ ਡੈਮੋਕ੍ਰੇਟਿਵ ਪਾਰਟੀ ਦੇ ਆਗੂ ਵਜੋਂ ਜਗਮੀਤ ਸਿੰਘ ਲਈ ਵੱਡੀ ਚੁਣੌਤੀ ਹੈ ਕਿ 21 ਅਕਤੂਬਰ 2019 ਨੂੰ ਹੋ ਰਹੀਆਂ ਚੋਣਾਂ ਹਨ । ਕੈਨੇਡਾ ਦੀਆਂ ਫੈਡਰਲ ਚੋਣਾਂ ਵਿਚ ਉਹ ਨਿਊ ਡੈਮੋਕਰੈਟਿਕ ਪਾਰਟੀ ਦੀ ਅਗਵਾਈ ਕਿੰਨੀ ਨਿਪੁੰਨਤਾ ਨਾਲ ਕਰ ਰਿਹਾ ਹੈ, ਇਸ ਦੀ ਮਿਸਾਲ ਉਸ ਨੇ 6 ਪਾਰਟੀਆਂ ਦੇ ਆਗੂਆਂ ਵਿਚਕਾਰ ਹੋਈ ਬਹਿਸ ਦੌਰਾਨ ਪੈਦਾ ਕਰ ਦਿੱਤੀ ਹੈ। ਕੈਨੇਡਾ ਭਰ ਦੇ ਨੈਸ਼ਨਲ ਮੀਡੀਏ ਨੇ ਡਿਬੇਟ ਵਿੱਚ ਜਗਮੀਤ ਸਿੰਘ ਦੀ ਹਾਜ਼ਰ-ਜੁਆਬੀ, ਨਾਪ-ਤੋਲ ਕੇ ਗੱਲ ਕਰਨ ਦੀ ਸਮਝ ਅਤੇ ਲੋੜ ਪੈਣ ’ਤੇ ਮਜ਼ਾਈਆ ਢੰਗ ਨਾਲ ਟਿਪਣੀ ਕਰਨ ਦਾ ਅੰਦਾਜ਼ ਨਾ ਸਿਰਫ਼ ਪੰਸਦ ਹੀ ਕੀਤਾ ਬਲਕਿ ਲੋਕਾਂ ਅੰਦਰ ਸਿਆਸੀ ਲੀਡਰਾਂ ਪ੍ਰਤੀ ਪੈਦਾ ਹੋ ਰਹੀ ਉਦਾਸੀਨਤਾ ਨੂੰ ਵੀ ਖਤਮ ਕਰਨ ਦਾ ਜ਼ਰੀਆ ਕਰਾਰ ਦਿੱਤਾ। ਜਗਮੀਤ ਸਿੰਘ ਵਲੋਂ ਇੰਮੀਗਰੇਸ਼ਨ ਵਿਰੋਧੀ ਪਾਰਟੀ ਦੇ ਆਗੂ ਮੈਕਸਿਮ ਬਰਨੀਏ ਨੂੰ ਉਸ ਦੀ ਨਸਲਵਾਦੀ ਪਹੁੰਚ ਲਈ ਖੁੱਲ੍ਹ ਕੇ ਨਿੰਦਣਾ ਅਤੇ ਡਿਬੇਟ ਵਿਚੋਂ ਬਾਹਰ ਹੋਣ ਤੱਕ ਦੀ ਗੱਲ ਕਹਿ ਦੇਣੀ ਉਸ ਦੀ ਪ੍ਰਭਾਵਸ਼ਾਲੀ ਪਹੁੰਚ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਨ ਵਾਲਾ ਪਹਿਲਾ ਗੈਰ-ਸਫੈਦ ਵਿਅਕਤੀ ਕੈਨੇਡਾ ਵਾਸੀਆਂ ਦੀਆਂ ਉਮੀਦਾਂ ਤੇ ਕਿੰਨਾ ਕੁ ਖਰਾ ਉੱਤਰੇਗਾ, ਇਸ ਦਾ ਪਤਾ ਤਾਂ 21 ਅਕਤੂਬਰ ਨੂੰ ਹੀ ਲੱਗੇਗਾ ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਗਮੀਤ ਸਿੰਘ ਨੇ ਉਨ੍ਹਾਂ ਸਿਆਸੀ ਪੰਡਤਾਂ ਨੂੰ ਝੂਠੇ ਕਰ ਦਿੱਤਾ ਹੈ ਜੋ ਇਹ ਕਹਿੰਦੇ ਸਨ ਕਿ ਉਸ ਅੰਦਰ ਚੰਗੀ ਲੀਡਰਸ਼ਿਪ ਅਤੇ ਅਨੁਭਵੀ ਪੱਖ ਦੇ ਗੁਣਾਂ ਦੀ ਘਾਟ ਹੈ। ਜਗਮੀਤ ਸਿੰਘ ਖਿਲਾਫ਼ ਗੋਰੇ ਵਿਅਕਤੀ ਵਲੋਂ ਕਿਊਬੈਕ ਵਿਚ ਕੀਤੀ ਗਈ ਇਹ ਟਿਪਣੀ ਕਿ ਉਹ ਆਪਣੀ ਪੱਗ ਉਤਾਰ ਦੇਵੇ ਅਤੇ ‘ਜੇਹਾ ਦੇਸ ਤੇਹਾ ਭੇਸ’ ਵਾਲਾ ਤਰੀਕਾ ਅਪਣਾਏ, ਦੀ ਜਵਾਬੀ ਟਿਪਣੀ ਜਗਮੀਤ ਸਿੰਘ ਵਲੋਂ ਬਹੁਤ ਸੁਲਝੇ ਢੰਗ ਨਾਲ ਦਿੱਤੀ ਗਈ। ਇਸ ਦੀ ਪ੍ਰਸੰਸਾ ਅਤੇ ਨਸਲੀ ਸੋਚ ਦੀ ਅਲੋਚਨਾ ਵਿਰੋਧੀ ਧਿਰ ਦੇ ਉਮੀਦਵਾਰਾਂ ਵਲੋਂ ਵੀ ਕੀਤੀ ਗਈ। ਇਸ ਦੌਰਾਨ ਫਾਸ਼ੀਵਾਦੀ ਸੋਚ ਵਾਲੇ ਮੋਦੀ ਭਗਤ ਅਤੇ ਆਰ. ਐਸ.ਐਸ. ਦੇ ਕੈਨੇਡਾ ਦੇ ਇੱਕ ਆਗੂ ਵਲੋਂ ਸਰੀ ਮੰਦਰ ਵਿਚ ਜਗਮੀਤ ਸਿੰਘ ਬਾਰੇ ਅਤਿ ਘਟੀਆ ਟਿਪਣੀਆਂ ਕੀਤੀਆਂ ਜਾਣਾ ਵੀ ਕੋਝਾ ਵਰਤਾਰਾ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਨਾ ਕਿਸੇ ਐਨ.ਡੀ.ਪੀ. ਦੇ ਆਗੂ ਤੇ ਨਾ ਹੀ ਵਿਰੋਧੀ ਪਾਰਟੀ ਦੇ ਬੁਲਾਰੇ ਵਲੋਂ ਇਸ ਦੀ ਨਿਖੇਧੀ ਕੀਤੀ ਗਈ। ਜਗਮੀਤ ਸਿੰਘ ਨੇ ਕਸ਼ਮੀਰ ਵਿਚ ਹੋ ਰਹੇ ਮਨੁੱਖੀ ਹੱਕਾਂ ਦੇ ਘਾਣ ਸਮੇਤ ਦੁਨੀਆ ਦੇ ਹਰ ਮੁਲਕ ਦੀ ਫਾਸ਼ੀਵਾਦੀ ਨੀਤੀ ਦੀ ਅਲੋਚਨਾ ਕੀਤੀ ਹੈ, ਜੋ ਕਿ ਉਸ ਦੀ ਚੰਗੀ ਸੋਚ ਦਾ ਪ੍ਰਗਟਾਵਾ ਕਹੀ ਜਾ ਸਕਦੀ ਹੈ।

ਕੈਨੇਡਾ ਵਾਸੀਆਂ ਦੀ ਜਗਮੀਤ ਸਿੰਘ ਬਾਰੇ ਹੁਣ ਇਹ ਧਾਰਨਾ ਹੈ ਕਿ ਚਾਲੀ ਵਰ੍ਹਿਆਂ ਤੋਂ ਘੱਟ ਉਮਰ ਵਿਚ ਏਨਾ ਵੱਡਾ ਸਫ਼ਰ ਤੈਅ ਕਰਨਾ ਕੋਈ ਛੋਟੀ ਗੱਲ ਨਹੀਂ, ਪਰ ਅਜੇ ਉਸਨੇ ਲੰਮਾ ਪੈਂਡਾ ਤੈਅ ਕਰਨਾ ਹੈ। ਆਉਂਦੀਆਂ ਚੋਣਾਂ ਵਿਚ ਘੱਟ ਗਿਣਤੀ ਸਰਕਾਰ ਦੀ ਸੂਰਤ ਵਿਚ ਜਗਮੀਤ ਸਿੰਘ ਵਲੋਂ ਲਿਬਰਲ ਪਾਰਟੀ ਦੇ ਨੀਤੀ ਆਧਾਰ ਤੋਂ ਨਿਊ ਡੈਮੋਕ੍ਰੇਟਿਵ ਪਾਰਟੀ ਗਠਜੋੜ ਦੀ ਸੰਭਾਵਨਾ ਵੀ ਰੱਦ ਨਹੀਂ ਕੀਤੀ ਜਾ ਸਕਦੀ ਅਤੇ ਅਜਿਹੀ ਹਾਲਤ ਵਿੱਚ ਜਗਮੀਤ ਸਿੰਘ ਦੇ ਰੂਪ ਵਿਚ ਕੈਨੇਡਾ ਨੂੰ ਸਾਬਤ ਸੂਰਤ ਚੜ੍ਹਦੀ ਕਲਾ ਵਾਲਾ ਘੱਟ ਗਿਣਤੀਆਂ ਵਿੱਚੋਂ ਸੂਝਬੂਝ ਨਾਲ ਕਾਮਯਾਬ ਹੋਇਆ ਉੱਪ ਪ੍ਰਧਾਨ ਮੰਤਰੀ ਜਾਂ ਹੋਰ ਵੱਡੇ ਅਹੁੱਦੇ ਵਾਲਾ ਸਖਸ਼ ਮਿਲ ਸਕਦਾ ਹੈ। ਜਗਮੀਤ ਸਿੰਘ ਦਾ ਇਹ ਕਥਨ ਸਹੀ ਹੈ ਕਿ ਜਿਥੇ ਉਸਦੀ ਪਹਿਲ ਕੈਨੇਡਾ ਦੇ ਲੋਕਾਂ ਅਤੇ ਉਨ੍ਹਾਂ ਦੇ ਅੰਦਰੂਨੀ ਤੇ ਬਾਹਰੀ ਮਾਮਲਿਆਂ ਦੀ ਪ੍ਰਤਿਨਿਧਤਾ ਕਰਨੀ ਹੈ, ਉਥੇ ਦੁਨੀਆ ਦੇ ਹੋਰਨਾਂ ਸਾਰੇ ਦੇਸ਼ਾਂ ਪ੍ਰਤੀ ਉਸ ਦੀ ਪਾਰਟੀ ਦੀ ਨੀਤੀ ਇਕ ਬਰਾਬਰ ਹੈ, ਸਰਬੱਤ ਦੇ ਭਲੇ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਵਾਲੀ। ਸੱਚ ਤਾਂ ਇਹ ਹੈ ਕਿ ਜਗਜੀਤ ਸਿੰਘ ਨੂੰ ਜਿਵੇਂ - ਜਿਵੇਂ ਨਿੱਤ ਨਵੀਆਂ ਮੁਹਿੰਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਵੇਂ-ਉਵੇਂ ਉਹ ਮਜ਼ਬੂਤ ਆਗੂ ਬਣਕੇ ਸਾਹਮਣੇ ਆ ਰਿਹਾ ਹੈ। ਜਗਜੀਤ ਸਿੰਘ ਲਈ ਵੱਡੇ ਇਮਤਿਹਾਨ ਅਜੇ ਬਾਕੀ ਹਨ, ਜਿਨ੍ਹਾਂ ਵਿਚ ਉਸਦੀ ਕਾਬਲੀਅਤ ਪਰਖੀ ਜਾਣੀ ਹੈ ਤੇ ਦੁਨੀਆਂ ਨੇ ਉਸਦੀ ਸਮਰੱਥਾ ਨੂੰ ਅਜੇ ਜਾਨਣਾ ਹੈ।



# ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਸਵੀਰਾਂ ਦੀ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

## *ਪ੍ਰਦਰਸ਼ਨੀ ਵੱਖ ਵੱਖ ਧਰਮਾਂ ਦੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ : ਪਰਮਜੀਤ ਸਿੰਘ ਸਰੋਆ*





**ਨਿਊ ਕਾਸਲ, ਡੈਲਾਵੇਅਰ/ਹੁਸਨ ਲੜੋਆ ਬੰਗਾ :** ਮਨੁੱਖਤਾ ਦੇ ਰਹਿਬਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਿੱਖਿਆਵਾਂ, ਵਿਚਾਰਧਾਰਾ ਅਤੇ ਫਿਲਾਸਫੀ ਨੂੰ ਤਸਵੀਰਾਂ ਦੇ ਰੂਪ 'ਚ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਦੇ ਲਈ ਡੈਲਾਵੇਅਰ ਸਿੱਖ ਅਵੇਰਨੈਸ ਕੋਲੀਸ਼ਨ ਦੇ ਵੱਲੋਂ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਲਈ ਪ੍ਰੇਰਨਾ ਦਾ ਸਰੋਤ ਬਣੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਕੀਤਾ। ਸਿੱਖ ਅਵੇਰਨੈਸ ਕੋਲੀਸ਼ਨ ਵੱਲੋਂ ਅਮਰੀਕਾ ਦੀ ਡੈਲਾਵੇਅਰ ਸਟੇਟ ਦੀ ਨਿਊ ਕਾਸਲ ਦੀ ਸਟੇਟ ਲਾਇਬ੍ਰੇਰੀ ਵਿੱਚ ਸ. ਚਰਨਜੀਤ ਸਿੰਘ ਮਿਨਹਾਸ, ਆਰਟਿਸਟ ਸਵਰਨਜੀਤ ਸਿੰਘ ਸਵੀ ਅਤੇ ਸ. ਪਰਮਜੀਤ ਸਿੰਘ ਸਰੋਆ ਦੇ ਸਾਂਝੇ ਉਦਮਾ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਗਾਈ ਗਈ ਯਾਦਗਾਰੀ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਰਸਮੀ ਉਦਘਾਟਨ ਡੈਲਾਵੇਅਰ ਸਟੇਟ ਦੇ ਨਿਊ ਕਾਸਲ ਕਾਊਟੀ ਦੇ ਮੇਅਰ ਮੈਥਊ ਨੇ ਕੀਤਾ। ਇਸ ਸਮੇਂ ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਉਦਘਾਟਨੀ ਸਮਾਗਮ ਦੌਰਾਨ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਮੁੱਚੇ ਵਿਸ਼ਵ ਭਾਈਚਾਰੇ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਉਥੇ ਨਾਲ ਹੀ ਸਮਾਨਤਾ ਤੇ ਸਮਾਜਿਕ ਚੇਤਨਾ ਦੀ ਗੱਲ ਕੀਤੀ। ਸ੍ਰੀ ਮੈਥਊ ਨੇ ਡੈਲਾਵੇਅਰ ਸਿੱਖ ਅਵੇਰਨੈਸ ਕੋਲੀਸ਼ਨ ਗੁਰੂ ਸਾਹਿਬਾਂ ਦੇ ਜੀਵਨ, ਸਿੱਖਿਆਵਾਂ ਤੇ ਫਲਸਫੇ ਤੇ ਆਧਾਰਤ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਇੱਕ ਚਾਨਣ ਮੁਨਾਰਾ ਕਰਾਰ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀਆਂ ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਸਾਨੂੰ ਆਪਣੇ ਜੀਵਨ ਨੂੰ ਰੁਸ਼ਨਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਦਾ ਅਹਿਦ ਕਰਨਾ ਚਾਹੀਦਾ ਹੈ। ਸਮਾਗਮ ਦੌਰਾਨ ਟੌਮ ਡੇਵਿਸ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਅਤੇ ਪਰੈਸਬੀਟੇਰੀਅਨ ਚਰਚ ਵਿੱਚ ਕਾਫੀ ਆਪਸੀ ਸਮਾਨਤਾਵਾਂ ਹਨ ਜੋ ਸਾਨੂੰ ਆਪਸ ਵਿੱਚ ਜੁੜਨ ਦਾ ਸੰਦੇਸ਼ ਦਿੰਦਿਆਂ ਹਨ। ਇਸਲਾਮਿਕ ਸੁਸਾਇਟੀ ਦੇ ਇਰਫਾਨ ਪਟੇਲ ਨੇ ਕਿਹਾ ਕਿ ਅੱਜ ਅਸੀਂ ਬੜੇ ਭਾਗਾਂ ਵਾਲੇ ਹਾਂ ਕਿ ਡੈਲਾਵੇਅਰ ਸਟੇਟ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਖੂਬਸੂਰਤੀ ਦਾ ਆਨੰਦ ਮਾਣਨ ਵਿੱਚ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਸਮਾਗਮ ਦੌਰਾਨ ਸੈਨੇਟਰ ਬਿਰਆਨ ਟਾਊਨਸੈਂਡ ਨੇ ਵੀ ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਸਿੱਜਦਾ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਮੁੱਚੇ ਵਿਸ਼ਵ ਅੰਦਰ ਵੱਧ ਤੋਂ ਵੱਧ ਪ੍ਰਚਾਰ ਕਰਨ ਦੀ ਸਮੇਂ ਦੀ ਲੋੜ ਹੈ ਤਾਂ ਕਿ ਸਮੁੱਚੇ ਵਿਸ਼ਵ ਦੇ ਭਾਈਚਾਰੇ ਅੰਦਰ ਅਮਨ, ਸ਼ਾਂਤੀ ਦਾ ਮਾਹੌਲ ਪੈਦਾ ਹੋ ਸਕੇ। ਇਸ ਦੌਰਾਨ ਡੈਲਾਵੇਅਰ ਸਿੱਖ ਅਵੇਰਨੈਸ ਸਿੱਖ ਕੋਲੀਸ਼ਨ ਦੇ ਚੇਅਰਮੈਨ ਸ. ਚਰਨਜੀਤ ਸਿੰਘ ਮਿਨਹਾਸ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੌਰਾਨ ਸਮੁੱਚੀ ਲੋਕਾਈ ਨੂੰ ਤਾਰਨ ਦੇ ਲਈ ਸਰਬ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਨੂੰ ਲੋਕ ਭਾਸ਼ਾ ਦੇ ਰੂਪ ਵਜੋਂ ਚੁਣਿਆ। ਸ. ਮਿਨਹਾਸ ਨੇ ਅਮਰੀਕਾ ਵਿੱਚ ਵਸਦੇ ਸਮੂਹ ਧਰਮਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 12 ਨਵੰਬਰ ਤੱਕ ਚੱਲਣ ਵਾਲੀ ਉਕਤ ਪ੍ਰਦਰਸ਼ਨੀ ਨੂੰ ਦੇਖਣ ਦੇ ਲਈ ਵੱਧ ਤੋਂ ਵੱਧ ਪੁੱਜਣ।

# ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ 'ਚ ਸੰਗਤ ਦੀ ਆਮਦ ਵਧੀ

**ਜਲੰਧਰ/ਏ.ਟੀ. ਨਿਊਜ਼ :** ਸੁਲਤਾਨਪੁਰ ਲੋਧੀ ਵਿਚ ਇਕਦਮ ਵਧੀ ਸੰਗਤ ਦੀ ਆਮਦ ਸਦਕਾ ਸਰਕਾਰੀ ਪ੍ਰਬੰਧ ਵੱਡੇ ਮੇਲੇ ਤੋਂ ਪਹਿਲਾਂ ਹੀ ਛੋਟੇ ਪੈ ਗਏ ਹਨ। ਗੁਰਦੁਆਰਾ ਬੇਰ ਸਾਹਿਬ ਵਿਚ ਤਾਂ ਸੰਗਤ ਦੀ ਵਧੀ ਆਮਦ ਨਾਲ ਰੌਣਕਾਂ ਲੱਗ ਗਈਆਂ ਹਨ। ਸ਼ਨਿਚਰਵਾਰ



ਤੇ ਐਤਵਾਰ ਸੰਗਤ ਦੀ ਗਿਣਤੀ ਦਾ ਅੰਕੜਾ ਸਵਾ ਤਿੰਨ ਲੱਖ ਨੂੰ ਪਾਰ ਕਰ ਗਿਆ ਸੀ। ਇਕੱਲੇ ਐਤਵਾਰ ਹੀ 2 ਲੱਖ ਤੋਂ ਵੱਧ ਸੰਗਤ ਨੇ ਗੁਰਦੁਆਰਾ ਬੇਰ ਸਾਹਿਬ 'ਚ ਮੱਥਾ ਟੇਕਿਆ। ਇਸੇ ਦੌਰਾਨ ਸੁਲਤਾਨਪੁਰ ਲੋਧੀ ਨੂੰ ਚਾਰੇ ਪਾਸਿਓਂ ਆਉਣ ਵਾਲੀਆਂ ਸੜਕਾਂ 'ਤੇ ਜਾਮ ਲੱਗੇ ਰਹੇ ਜਿਸ ਕਾਰਨ ਪੰਜਾਬ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪਈ ਰਹੀ। ਕਪੂਰਥਲਾ ਤੋਂ ਜਾਣ ਵਾਲੀ ਸੰਗਤ ਜਦੋਂ ਸੁਲਤਾਨਪੁਰ ਲੋਧੀ ਵਿਚ ਸ਼ਹੀਦ ਊਧਮ ਸਿੰਘ ਚੌਕ ਨੇੜਿਉਂ ਦਾਖਲ ਹੁੰਦੀ ਹੈ ਤਾਂ ਉਥੇ ਪੁਲਿਸ ਵਾਲੇ ਗੱਡੀਆਂ ਨੂੰ ਅੱਗੇ ਨਹੀਂ ਜਾਣ ਦਿੰਦੇ ਤੇ ਇਨ੍ਹਾਂ ਨਾਕਿਆਂ ਬਾਰੇ ਸੰਗਤ ਨੂੰ ਪਹਿਲਾਂ ਵੀ ਸੁਚੇਤ ਨਹੀਂ ਕੀਤਾ ਜਾਂਦਾ। ਗੋਇੰਦਵਾਲ ਸਾਹਿਬ ਤੋਂ ਆਉਣ ਵਾਲੀ ਸੰਗਤ ਤਲਵੰਡੀ ਚੌਧਰੀਆਂ ਪੁਲ 'ਤੇ ਆ ਕੇ ਫਸ ਜਾਂਦੀ ਹੈ। ਹਾਲਾਂਕਿ ਗੋਇੰਦਵਾਲ ਸਾਹਿਬ ਵਾਲੇ ਪਾਸਿਉਂ ਸੰਗਤ ਲਈ ਵੱਖਰਾ ਰਾਹ ਵੀ ਤਿਆਰ ਕੀਤਾ ਗਿਆ ਹੈ ਪਰ ਗੱਡੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਜਾਮ ਲੱਗ ਜਾਂਦਾ ਹੈ। **ਬਾਕੀ ਸਫ਼ਾ 32 'ਤੇ**

# ਫ਼ਰੀਮੌਂਟ ਵਿਖੇ ਨਾਮਵਰ ਸੂਫ਼ੀ ਗਾਇਕ ਦੀ ਸੁਰਮਈ ਸ਼ਾਮ 'ਚ ਸਾਹਿਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਹਿੱਸਾ ਲਿਆ

**ਫ਼ਰੀਮੌਂਟ/ਹੁਸਨ ਲੜੋਆ ਬੰਗਾ :** ਸਥਾਨਕ ਮਹਿਰਾਨ ਰੈਸਟੋਰੈਂਟ ਫ਼ਰੀਮੌਂਟ ਵਿਖੇ ਨਾਮਵਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਅਤੇ ਥੀਏਟਰ ਦੇ ਹਾਸਰਸ ਕਲਾਕਾਰ ਵਿਜੈ ਸਿੰਘ ਵਲੋਂ ਵੱਖ-ਵੱਖ ਸੰਸਥਾਵਾਂ ਅਤੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਮਹਿਰਾਨ ਰੈਸਟੋਰੈਂਟ ਵਿਖੇ ਇਕ ਸੁਰਮਈ ਸ਼ਾਮ ਆਯੋਜਿਤ ਕੀਤੀ ਗਈ ਜਿਸ ਵਿਚ ਭਰਵੀਂ ਗਿਣਤੀ ਵਿਚ ਸਾਹਿਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਹਿੱਸਾ ਲਿਆ। ਤਕਰੀਬਨ ਦੋ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਸੁਖਦੇਵ ਸਾਹਿਲ ਨੇ ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ ਅਤੇ ਸ਼੍ਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਤੋਂ ਇਲਾਵਾ ਸ਼ਾਇਰ ਕੁਲਵਿੰਦਰ ਦੇ ਗੀਤ ਗਾ ਕੇ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਸੱਚਮੁਚ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਸਮਾਂ ਖੜ੍ਹ ਗਿਆ ਹੋਵੇ। ਇੱਥੇ ਹੀ ਬੱਸ ਨਹੀਂ ਗੁਰਪ੍ਰੀਤ ਘੁੱਗੀ ਦੇ ਸ਼ਗਿਰਦ ਅਤੇ ਥੀਏਟਰ ਦੇ ਕਲਾਕਾਰ ਵਿਜੈ ਸਿੰਘ ਨੇ ਸਰੋਤਿਆਂ ਨੂੰ ਆਪਣੀ ਕਲਾ ਦੇ ਜੌਹਰ ਨਾਲ ਇਹ ਸਿੱਧ ਕਰ ਦਿੱਤਾ ਕਿ ਅਮਰੀਕਾ ਦੀ ਇਸ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਹੱਸਣਾ ਸਾਡੀ ਸਿਹਤ ਲਈ ਕਿੰਨਾ ਜ਼ਰੂਰੀ ਹੈ ਅਤੇ ਇਹ ਹਾਸਾ ਅਸੀਂ ਅਮਰੀਕਾ ਦੇ ਡਾਲਰਾਂ ਨਾਲ ਵੀ ਨਹੀਂ ਖ੍ਰੀਦ ਸਕਦੇ। ਇਸ ਪ੍ਰੋਗਰਾਮ ਦਾ ਇਕ ਹੋਰ ਆਕਰਸ਼ਣ ਪੰਜਾਬੀ ਅਕੈਡਮੀ ਦਿੱਲੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਅਤੇ ਸ਼੍ਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਸਨ।



ਸੁਖਵਿੰਦਰ ਅੰਮ੍ਰਿਤ ਨੇ ਆਪਣੀਆਂ ਕਵਿਤਾਵਾਂ ਨਾਲ ਇਸ ਮਹਿਫ਼ਲ ਨੂੰ ਚਾਰ ਚੰਨ ਲਗਾ ਦਿੱਤੇ। ਇਸ ਮੌਕੇ ਪ੍ਰੋਗਰਾਮ ਦੇ ਸੰਚਾਲਕਾਂ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਇਨ੍ਹਾਂ ਦੋਵਾਂ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਸਹਿਯੋਗੀ ਕੁਲਦੀਪ ਸਿੰਘ ਢਿੱਲੋਂ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਗੋਲਡਨ ਪੰਜਾਬ ਕਲੱਬ, ਵਿੱਕੀ ਸੀਲੋਂ, ਗਾਇਕ ਐਚ ਐਸ ਭਜਨ, ਪੰਜਾਬ ਲੋਕ ਰੰਗ, ਰੇਡੀਓ ਮਿਰਚੀ, ਬਲਬੀਰ ਸਿੰਘ ਐਮ.ਏ, ਅਸ਼ੋਕ ਟਾਂਗਰੀ, ਐਸ ਅਸ਼ੋਕ ਭੌਰਾ, ਅਵਤਾਰ ਲਾਖਾ, ਸਰਪੰਚ ਮਹਿੰਗਾ ਸਿੰਘ ਆਦਿ ਸਨ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

# ਸ੍ਰੀ ਦਸ਼ਮੇਸ਼ ਬੈਂਡ ਨੇ ਗਲਾਸਗੋ ਵਿਚ ਵਿਸ਼ਵ ਪਾਈਪ ਬੈਂਡ ਚੈਂਪੀਅਨਸ਼ਿਪ ਜਿੱਤੀ

**ਲੰਡਨ, ਗਲਾਸਗੋ /ਮਨਦੀਪ ਖੁਰਮੀ ਹਿੰਮਤਪੁਰਾ :** ਗਲਾਸਗੋ ਵਿਖੇ ਹੋਈ ਵਿਸ਼ਵ ਪਾਈਪ ਬੈਂਡ ਚੈਂਪੀਅਨਸ਼ਿਪ ਵਿੱਚ ਮਲੇਸ਼ੀਆ ਦੇ ਸ੍ਰੀ ਦਸ਼ਮੇਸ਼ ਪਾਈਪ ਬੈਂਡ ਨੇ ਆਪਣੇ ਸਰਵਉੱਤਮ ਪ੍ਰਦਰਸ਼ਨ ਰਾਂਹੀ ਚੈਂਪੀਅਨਸ਼ਿਪ ਉੱਪਰ ਮੁਕੰਮਲ ਕਬਜ਼ਾ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਇਸ ਚੈਂਪੀਅਨਸ਼ਿਪ ਵਿੱਚ ਵਿਸ਼ਵ ਭਰ ਵਿੱਚੋਂ 195 ਟੀਮਾਂ ਦੇ 8000 ਦੇ ਲਗਭਗ ਕਲਾਕਾਰਾਂ ਨੇ ਸ਼ਿਰਕਤ ਕੀਤੀ ਸੀ। ਜਿਸ ਵਿੱਚੋਂ ਏਸ਼ੀਆ ਦੇ ਇਕਲੌਤੇ ਸ੍ਰੀ ਦਸ਼ਮੇਸ਼ ਪਾਈਪ ਬੈਂਡ ਨੇ ਜਿੱਤ ਹਾਸਲ ਕੀਤੀ ਹੈ। ਇਸ ਮਹਾਂ-ਮੁਕਾਬਲੇ ਵਿੱਚ ਨਿਊਜ਼ੀਲੈਂਡ, ਆਸਟਰੇਲੀਆ, ਕੈਨੇਡਾ, ਆਸਟਰੀਆ, ਸਵਿਟਜ਼ਰਲੈਂਡ, ਅਮਰੀਕਾ, ਬੈਲਜੀਅਮ, ਇੰਗਲੈਂਡ, ਸਪੇਨ, ਮਲੇਸ਼ੀਆ, ਆਇਰਲੈਂਡ ਤੇ ਸਕਾਟਲੈਂਡ ਦੇ ਚੋਟੀ ਦੇ ਪਾਈਪ ਬੈਂਡ ਹਿੱਸਾ ਲੈਣ ਪਹੁੰਚੇ ਹੋਏ ਸਨ। ਜ਼ਿਕਰਯੋਗ ਹੈ ਕਿ ਏਸ਼ਿਆ ਭਰ ਵਿੱਚ ਇਸ ਪਹਿਲੇ ਸਿੱਖ ਪਾਈਪ ਬੈਂਡ ਦੀ ਸ਼ੁਰੂਆਤ 1986 ਵਿੱਚ ਸੁਖਦੇਵ ਸਿੰਘ ਤੇ ਪਸਦੇ ਭਰਾ ਹਰਵਿੰਦਰ ਸਿੰਘ ਨੇ ਕੀਤੀ ਸੀ। ਸਿੱਖੀ ਪ੍ਰਤੀ ਲੋਕਾਂ ਨੂੰ ਜਾਣੂੰ ਕਰਵਾਉਣ ਅਤੇ ਸਿੱਖ ਕੌਣ ਹਨ? ਦੇ ਸੰਕਲਪ ਨੂੰ ਸੌਖਿਆਂ ਲੋਕ ਮਨਾਂ ਵਿੱਚ ਵਸਾਉਣ ਦੇ ਮਨਸ਼ੇ ਨਾਲ ਤਿਆਰ ਕੀਤਾ ਇਹ ਕਲਾਕਾਰਾਂ ਦਾ ਸਮੂਹ ਸਿੱਖ ਬਾਣੇ ਵਿੱਚ ਹੀ ਮੁਕਾਬਲਿਆਂ ਵਿੱਚ ਹਿੱਸਾ ਲੈਂਦਾ ਹੈ। ਇਸ ਚੈਂਪੀਅਨਸ਼ਿਪ ਵਿੱਚ ਵੀ ਸ੍ਰੀ ਦਸ਼ਮੇਸ਼ ਪਾਈਪ ਬੈਂਡ ਦਾ ਪਹਿਰਾਵਾ ਤੇ ਕਲਾ ਦਾ ਪ੍ਰਦਰਸ਼ਨ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਜਿੱਤ ਉਪਰੰਤ ਐੱਮ ਬੀ ਈ ਦਿਲਾਵਰ ਸਿੰਘ, ਕਮਲਜੀਤ ਮਿਨਹਾਸ ਨੇ ਸਮੁੱਚੇ ਕਲਾਕਾਰਾਂ ਦੀ ਸਕਾਟਲੈਂਡ ਆਮਦ 'ਤੇ ਜੀ ਆਇਆਂ ਕਹਿਣ ਦੇ ਨਾਲ ਸ੍ਰੀ ਦਸ਼ਮੇਸ਼ ਪਾਈਪ ਬੈਂਡ ਦੇ ਸਮੂਹ ਕਲਾਕਾਰਾਂ ਨੂੰ ਹਾਰਦਿਕ ਵਧਾਈ ਪੇਸ਼ ਕੀਤੀ।

# ਸਪਰਿੰਗਫੀਲਡ ਵਿਖੇ 23ਵਾਂ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਧੂਮਧਾਮ ਨਾਲ ਮਨਾਇਆ

## *ਸਪਰਿੰਗਫੀਲਡ ਦੇ ਪੁਲਿਸ ਚੀਫ ਨੇ ਸਿੱਖੀ ਸਰੂਪ ਵਿਚ ਪੁਲਿਸ ਵਿਚ ਸ਼ਾਮਲ ਹੋਣ ਦਾ ਦਿੱਤਾ ਸੱਦਾ*

**ਡੇਟਨ, ਓਹਾਈਓ/ਹੁਸਨ ਲੜੋਆ ਬੰਗਾ :** ਓਹਾਈਓ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ 23ਵਾਂ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਬੜੇ ਧੂਮਧਾਮ ਨਾਲ ਮਨਾਇਆ ਗਿਆ। ਅਮਰੀਕਾ ਵਿਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਤੋਂ ਆ ਕੇ ਵਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਇਕ ਸਾਂਝ ਪੈਦਾ ਕਰਨ ਲਈ ਕਈ ਸ਼ਹਿਰਾਂ ਵਿਚ ਵਿਸ਼ਵ ਸਭਿਆਚਾਰਕ ਮੇਲੇ ਲੱਗਦੇ ਹਨ। ਸਪਰਿੰਗਫੀਲਡ ਦੇ ਇਸ ਮੇਲੇ ਵਿਚ ਕਈ ਪੰਜਾਬੀ ਨੇੜਲੇ ਸ਼ਹਿਰ ਡੇਟਨ, ਸਿਨਸਿਨਾਟੀ ਤੇ ਕੋਲੰਬਸ ਦੇ ਵਸਨੀਕਾਂ ਦੇ ਸਹਿਯੋਗ ਨਾਲ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਅਮਰੀਕਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਤੇ ਸਿੱਖਾਂ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ।







ਲੋਕਾਂ ਵਲੋਂ ਖੁਸ਼ੀ ਖੁਸ਼ੀ ਦਸਤਾਰਾਂ ਸਜਾਈਆਂ ਗਈਆਂ ਅਤੇ ਨਾਲ ਹੀ ਉਨ੍ਹਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਮੇਲੇ ਵਿਚ ਜਦ ਹੀ ਦਸਤਾਰਾਂ ਬਨਣੀਆਂ ਸ਼ੁਰੂ ਕੀਤੀਆਂ ਗਈਆਂ, ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ ਅਤੇ ਵੱਡੀ ਗਿਣਤੀ ਵਿਚ ਦਸਤਾਰਾਂ ਸਜਾਈਆਂ ਗਈਆਂ। ਸਿੱਖਾਂ ਅਤੇ ਉਨ੍ਹਾਂ ਦੀ ਨਿਵਕੇਲੀ ਪਛਾਣ ਤੋਂ ਜਾਣੂ ਕਰਾਉਣ ਲਈ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿੱਖ ਫੌਜੀਆਂ, ਸਿੱਖਾਂ ਦੀ ਦਸਤਾਰ, ਕੇਸਾਂ ਤੇ ਸਿੱਖਾਂ ਨਾਲ ਸਬੰਧਤ ਹੋਰ ਤਸਵੀਰਾਂ ਵੀ ਇਸ ਪ੍ਰਦਰਸ਼ਨੀ ਵਿਚ ਰੱਖੀਆਂ ਗਈਆਂ। ਸਪਰਿੰਗਫੀਲਡ ਦੇ ਪੁਲਿਸ ਚੀਫ ਲੀ ਗ੍ਰਾਫ ਵੀ ਸਿੱਖਸ ਇਨ ਅਮਰੀਕਾ ਦੇ ਬੂਥ 'ਤੇ ਆਏ। ਉਨ੍ਹਾਂ ਨੇ ਹੁਸਟਨ ਵਿਖੇ ਸਿੱਖ ਪਛਾਣ ਨੂੰ ਕਾਇਮ ਰੱਖਦੇ ਸ਼ਹੀਦ ਹੋਏ ਦਸਤਾਰਧਾਰੀ ਡਿਪਟੀ ਸ਼ੈਰੀਫ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ। ਡੇਟਨ ਦੇ ਵਸਨੀਕ ਫਲਾਈ ਅੰਮ੍ਰਿਤਸਰ ਮੁਹਿੰਮ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨਾਲ ਗੱਲਬਾਤ ਕਰਦਿਆਂ ਪੁਲਿਸ ਚੀਫ ਨੇ ਸਿੱਖਾਂ ਨੂੰ ਸਪਰਿੰਗਫੀਲਡ ਪੁਲਿਸ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ। ਸਿੱਖਾਂ ਨੂੰ ਹਾਲੇ ਅਮਰੀਕਾ ਦੇ ਸਿਰਫ ਕੁੱਝ ਸ਼ਹਿਰਾਂ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਆਗਿਆ ਹੈ। ਇਸ ਪੇਸ਼ਕਸ਼ ਦਾ ਸਿੱਖ ਭਾਈਚਾਰੇ ਵਲੋਂ ਸਵਾਗਤ ਕੀਤਾ ਗਿਆ ਹੈ। ਮੇਅਰ ਵਾਰਨ ਕੋਪ ਨੇ ਉਦਘਾਟਨ ਦੀ ਰਸਮ ਅਦਾ ਕੀਤੀ। ਉਪਰੰਤ ਵੱਖ-ਵੱਖ ਮੁਲਕਾਂ ਤੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਗਿੱਧਾ ਤੇ ਭੰਗੜਾ ਵੀ ਸ਼ਾਮਲ ਸਨ। ਕੋਲੰਬਸ ਦੇ ਵਸਨੀਕ ਸ. ਗੁਰਪ੍ਰੀਤ ਸਿੰਘ ਨੇ ਢੋਲ ਦੇ ਡੱਗੇ ਤੇ ਅਮਰੀਕੀ ਨਚਣੇ ਲਾ ਦਿੱਤੇ। ਇਸ ਪਿੱਛੋਂ ਗਿੱਧੇ ਅਤੇ ਭੰਗੜੇ ਨੇ ਵੀ ਖੂਬ ਰੰਗ ਬੰਨਿਆ।

# ਜੋ ਜਾਣਿਆ, ਸੋ ਬਿਆਨਿਆ : ਮਾਵਾਂ ਧੀਆਂ ਦੇ ਦੁੱਖੜੇ

**ਸੁਖਪਾਲ ਕੌਰ ਲਾਂਬਾ**

ਉਲਝਣਾਂ ਨੇ ਜਿਵੇਂ ਮੇਰੇ ਨਾਲ ਕੁਝ ਗੂੜ੍ਹੀ ਸਾਂਝ ਪਾ ਲਈ ਸੀ। ਇੱਕ ਉਲਝਣ ਸੁਲਝਣ ਵਾਲੀ ਹੁੰਦੀ ਤਾਂ ਇੱਕ ਨਵੀਂ ਹੀ ਅੱਗੇ ਆ ਜਾਂਦੀ। ਸੱਚੀਂ ਅਕੇਵਾਂ ਜਿਹਾ ਮਹਿਸੂਸ ਕਰਦਿਆਂ ਮੈਂ ਸਿਰ ਹਾਲੇ ਅਸਮਾਨ ਵੱਲ ਰੱਬ ਨੂੰ ਉਲਾਂਭਾ ਦੇਣ ਲਈ ਚੁੱਕਿਆ ਹੀ ਸੀ ਕਿ ਕਿਸੇ ਨੇ ਬੜੀ ਜ਼ੋਰ ਦੀ ਆਵਾਜ਼ ਮਾਰੀ, ਮੈਡਮ ਜੀ, ਰੁਕਿਓ ਜੀ ਮੈਂ ਮੁੜ ਕੇ ਦੇਖਿਆ ਤਾਂ ਚਿਹਰਾ ਜਾਣਿਆ ਪਹਿਚਾਣਿਆ ਲੱਗਿਆ। ਉਸ ਨੇ ਕੋਲ਼ ਆ ਕੇ ਕਿਹਾ, ਮੈਡਮ ਜੀ ਮੈਂ ਫਿਜ਼ਾ ਦੀ ਮੰਮਾ, ਜਿਸ ਨੂੰ ਤੁਸੀਂ ਅਪਰੇਸ਼ਨ ਲਈ ਰੈਫਰ ਕੀਤਾ ਸੀ। ਹਫਤਾ ਪਹਿਲਾਂ ਫਿਜ਼ਾ ਦਾ ਅਪਰੇਸ਼ਨ ਹੋਇਆ ਜੀ। ਮੈਂ ਤਾਂ ਤੁਹਾਡਾ ਧੰਨਵਾਦ ਕਰਨ ਆਈ ਹਾਂ ਜੀ। ਇੱਕੋ ਹੀ ਸਾਹ ਉਹ ਸਭ ਕੁਝ ਬੋਲ ਗਈ। ਉਸ ਦੀ ਗੱਲ ਸੁਣਕੇ ਮੈਨੂੰ ਚਾਰ ਮਹੀਨੇ ਦੀ ਘਟਨਾ ਇਕਦਮ ਚੇਤੇ ਆ ਗਈ।

ਦਫਤਰੋਂ ਅੱਧੀ ਛੁੱਟੀ ਦਾ ਲਿਖ ਮੈਂ ਹਾਲੇ ਸਮਾਨ ਸਮੇਟ ਹੀ ਰਹੀ ਸੀ ਕਿ ਇੱਕ 38 ਕੁ ਸਾਲ ਦੀ ਬੀਬੀ ਸਾਹੋ-ਸਾਹੀ ਬੜੀ ਕਾਹਲੀ ਆ ਕੇ ਰੁਕ ਗਈ। ਉਸ ਨਾਲ ਤਿੰਨ ਬੱਚੀਆਂ ਤੇ ਹੱਥ ਵਿੱਚ ਰੈਫਰਲ ਫਾਰਮ ਦੇਖਕੇ ਮੈਂ ਸਮਝ ਗਈ ਕਿ ਇਹ ਮੇਰੇ ਕੋਲ਼ ਹੀ ਆਏ ਹਨ। ਉਨ੍ਹਾਂ ਦੇ ਫਾਰਮ ਦੇਖ ਕੇ ਮੈਂ ਉਸ ਤੋਂ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਦੀ ਆਵਾਜ਼ ਵਿੱਚ ਸਿਰਫ਼ ਤਰਲਾ ਤੇ ਬੇਬਸੀ ਸੀ। ਉਸ ਨੇ ਆਪ ਮੁਹਾਰੇ ਹੀ ਬੋਲਣਾ ਸ਼ੁਰੂ ਕਰ ਦਿੱਤਾ, ਮੈਡਮ ਜੀ, ਮੈਂ ਬੜੀ ਮਜਬੂਰ ਹਾਂ। ਮੇਰੀ ਬੱਚੀ ਨੂੰ ਬਚਾ ਲਵੋ। ਮੇਰਾ ਇਨ੍ਹਾਂ ਬਿਨਾਂ ਕੋਈ ਸਹਾਰਾ ਨਹੀਂ। ਮੇਰੀਆਂ ਤਿੰਨੋਂ ਬੱਚੀਆਂ ਬਿਮਾਰ ਨੇ। ਮੇਰਾ ਕੋਈ ਘਰ ਨਹੀਂ। ਕਿਰਾਏ 'ਤੇ ਰਹਿੰਦੀ ਹਾਂ। ਪਲੀਜ਼ ਤੁਸੀਂ ਕੋਈ ਨਾ ਕੋਈ ਹੈਲਪ ਜਰੂਰ ਕਰੋ। ਬੜੀ ਮੁਸ਼ਕਿਲ ਨਾਲ ਮੈਂ ਉਸ ਨੂੰ ਚੁੱਪ ਕਰਾਇਆ।



ਜਨਵਰੀ ਮਹੀਨੇ ਦੀ ਠੰਢ ਵਿੱਚ ਵੀ ਉਸ ਨੂੰ ਪਸੀਨਾ ਆ ਗਿਆ ਸੀ। ਮੈਂ ਤਿੰਨਾਂ ਬੱਚੀਆਂ ਵੱਲ ਦੇਖਿਆ, ਤਿੰਨਾਂ ਦੇ ਚਿਹਰੇ ਡਰ ਨਾਲ ਪੀਲੇ ਪਏ ਹੋਏ ਸੀ। ਮੈਂ ਫਾਰਮ ਵੱਲ ਨਜ਼ਰ ਮਾਰੀ ਤਾਂ ਉਨ੍ਹਾਂ ਦੀ ਬੱਚੀ ਨੂੰ ਦਿਲ ਦੀ ਬਿਮਾਰੀ ਸੀ। ਮੈਂ ਉਸ ਨੂੰ ਹੌਸਲਾ ਦਿੱਤਾ ਕਿ ਕੋਈ ਨਾ ਤੁਹਾਡੀ ਬੱਚੀ ਬਿਲਕੁਲ ਠੀਕ ਹੋ ਜਾਵੇਗੀ। ਮੇਰੀ ਗੱਲ ਸੁਣ ਕੇ ਉਸਦੀ ਕਾਹਲ ਤਾਂ ਘਟ ਗਈ ਪਰ ਡਰ ਤੇ ਬੇਬਸੀ ਜਿਉਂ ਦੀ ਤਿਉਂ ਬਰਕਰਾਰ ਸੀ। ਮੈਂ ਉਸ ਦਾ ਫਾਰਮ ਭਰਨਾ ਸ਼ੁਰੂ ਕਰ ਦਿੱਤਾ। ਮੈਨੂੰ ਫਾਰਮ ਭਰਦੀ ਨੂੰ ਦੇਖਕੇ ਉਸਦਾ ਮਨ ਸ਼ਾਂਤ ਹੋ ਗਿਆ। ਪਰ ਇਹ ਸ਼ਾਂਤੀ ਜ਼ਿਆਦਾ ਦੇਰ ਬਰਕਰਾਰ ਨਾ ਰਹਿ ਸਕੀ। ਜਿਵੇਂ ਹੀ ਫਾਰਮ ਉੱਤੇ ਭਰਨ ਲਈ ਬੱਚੀ ਦੇ ਪਿਤਾ ਦਾ ਨਾਂ ਪੁੱਛਿਆ ਤਾਂ ਉਸ ਦੇ ਚਿਹਰੇ ਉੱਤੇ ਗੁੱਸੇ ਦਾ ਭਾਵ ਉੱਭਰ ਆਇਆ। ਉਸ ਨੇ ਇੱਕ ਨਜ਼ਰ ਆਪਣੀਆਂ ਬੇਟੀਆਂ ਨੂੰ ਤੱਕਿਆ ਤੇ ਫਿਰ ਬੇਬਸੀ ਨਾਲ ਬੱਚੀ ਦੇ ਪਿਤਾ ਦਾ ਨਾਂ ਦੱਸਿਆ। ਮੈਂ ਉਸ ਤੋਂ ਉਸਦੀਆਂ ਬਾਕੀ ਦੋ ਬੇਟੀਆਂ ਬਾਰੇ ਪੁੱਛਿਆ ਕਿ ਕੀ ਬਿਮਾਰੀ ਹੈ ਉਹਨਾਂ ਨੂੰ ? ਤਾਂ ਉਹ ਇੱਕ ਦਮ ਸ਼ਾਂਤ ਹੋ ਗਈ। ਆਪਣੀਆਂ ਤਿੰਨੋਂ ਬੇਟੀਆਂ ਨੂੰ ਗਲਵਕੜੀ ਵਿੱਚ ਲੈ ਕੇ ਰੋਣ ਲੱਗ ਪਈ। ਉਸਦੀਆਂ ਬੇਟੀਆਂ ਦੇ ਹੰਝੂ ਵੀ ਆਪ ਮੁਹਾਰੇ ਵਹਿ ਤੁਰੇ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਚੁੱਪ ਕਰਾਇਆ।

ਆਪਣੀਆਂ ਬੱਚੀਆਂ ਦੀਆਂ ਅੱਖਾਂ ਪੂੰਝਕੇ ਉਹ ਇਕਦਮ ਹੀ ਚੁੱਪ ਹੀ ਗਈ। ਉਸਦੇ ਦਰਦ ਪਿਛਲੀ ਹਕੀਕਤ ਜਾਣਨ ਲਈ ਮੇਰਾ ਮਨ ਬਹੁਤਾ ਕਾਹਲਾ ਪੈ ਰਿਹਾ ਸੀ। ਪਰ ਹਿੰਮਤ ਨਹੀਂ ਸੀ ਕਿ ਉਸ ਦੇ ਦਰਦ ਨੂੰ ਛੇੜ ਕੇ ਉਸਨੂੰ ਦੁੱਖ ਦੇ ਗਹਿਰੇ ਸਮੁੰਦਰ ਵਿੱਚ ਧੱਕਾ ਦੇ ਦੇਵਾਂ। ਮੈਂ ਹਾਲੇ ਇਸੇ ਉਧੇੜ ਬੁਣ ਵਿੱਚ ਸੀ ਕਿ ਉਸ ਨੇ ਫਿਰ ਤਰਲੇ ਨਾਲ ਕਿਹਾ, ਮੇਰੀ ਫਿਜ਼ਾ ਦਾ ਇਲਾਜ ਤਾਂ ਮੁਫਤ ਵਿੱਚ ਹੋ ਜੂ ਜੀ ? ਮੇਰਾ ਤੇ ਮੇਰੀਆਂ ਬੱਚੀਆਂ ਦਾ ਇਸ ਦੁਨੀਆ ਵਿੱਚ ਕੋਈ ਨਹੀਂ। ਸਿਲਾਈ ਦਾ ਕੰਮ ਕਰਕੇ ਇਹਨਾਂ ਦਾ ਪਾਲਣ ਕਰਦੀ ਹਾਂ ਜੀ। ਮੇਰਾ ਘਰਵਾਲਾ ਮਾਰਕੀਟ ਕਮੇਟੀ ਵਿੱਚ ਕਲਰਕ ਹੈ। 16 ਸਾਲ ਹੋ ਗਏ ਵਿਆਹ ਹੋਏ ਨੂੰ। ਜਦੋਂ ਮੇਰੀ ਵੱਡੀ ਬੇਟੀ ਹੋਈ ਤਾਂ ਮੇਰੇ ਸਹੁਰਿਆਂ ਸਾਨੂੰ ਵੱਖਰਾ ਕਰ ਦਿੱਤਾ ਕਿਉਂਕਿ ਮੇਰਾ ਘਰਵਾਲਾ ਕਿਸੇ ਹੋਰ ਜਨਾਨੀ ਕੋਲ਼ ਜਾਂਦਾ ਸੀ। ਘਰਦੇ ਸਾਡਾ ਖਰਚ ਚੁੱਕਣ ਲਈ ਤਿਆਰ ਨਹੀਂ ਸੀ। ਮੈਂ ਆਪਣੇ ਪੇਕੇ ਚਲੀ ਗਈ ਪਰ ਸਾਡਾ ਪੰਚਾਇਤ ਵਿੱਚ ਸਮਝੌਤਾ ਹੋ ਗਿਆ। ਦੋ ਸਾਲ ਬਾਅਦ ਮੇਰੀ ਦੂਜੀ ਬੇਟੀ ਹੋਈ ਤਾਂ ਮੇਰਾ ਘਰਵਾਲਾ ਮੈਨੂੰ ਹਸਪਤਾਲ ਛੱਡ ਕੇ ਦੌੜ ਗਿਆ ਤੇ ਮੇਰੀ ਬੇਟੀ ਨੂੰ ਦਿਮਾਗੀ ਬੁਖਾਰ ਹੋ ਗਿਆ ਤੇ ਮਿਰਗੀ ਦੇ ਦੌਰੇ ਪੈਣ ਲੱਗ ਗਏ। ਮੈਂ ਇੱਕ ਸਾਲ ਆਪਣੇ ਪੇਕੇ ਬੈਠੀ ਰਹੀ। ਮੇਰੇ ਸਹੁਰਿਆਂ ਨੇ ਮੇਰੇ ਦੂਜੀ ਵਾਰ ਕੁੜੀ ਹੋਣ ਕਾਰਨ ਮੇਰੇ ਨਾਲੋਂ ਰਿਸ਼ਤਾ ਖ਼ਤਮ ਕਰ ਦਿੱਤਾ। ਮੇਰੇ ਘਰਦਿਆਂ ਦੁਬਾਰਾ ਪੰਚਾਇਤ ਇਕੱਠੀ ਕੀਤੀ ਤਾਂ ਮੇਰਾ ਘਰਵਾਲਾ ਮੈਨੂੰ ਤੇ ਮੇਰੀਆਂ ਬੱਚੀਆਂ ਨੂੰ ਲੈ ਤਾਂ ਗਿਆ ਪਰ ਉਸਨੇ ਮੇਰੀਆਂ ਬੱਚੀਆਂ ਨਾਲ ਬਹੁਤ ਗੰਦਾ ਸਲੂਕ ਕੀਤਾ। ਸਾਰਾ ਸਾਰਾ ਦਿਨ ਅਸੀਂ ਭੁੱਖੀਆਂ ਰਹਿਣਾ। ਗੁਆਂਢੀਆਂ ਨੂੰ ਤਰਸ ਆਉਣਾ, ਉਨ੍ਹਾਂ ਬੱਚੀਆਂ ਲਈ ਦੁੱਧ ਦੇ ਦੇਣਾ। ਅੱਕ ਕੇ ਮੈਂ ਦੁਬਾਰਾ ਪੇਕੇ ਚਲੀ ਗਈ। ਮੈਂ ਕੋਰਟ ਕੇਸ ਕਰ ਦਿੱਤਾ ਬੱਚੀਆਂ ਦੇ ਖਰਚ ਲਈ। ਇੱਕ ਸਾਲ ਕੇਸ ਚੱਲਦਾ ਰਿਹਾ। ਕਈ ਵਾਰ ਤਾਂ ਉਹ ਪੇਸ਼ੀ 'ਤੇ ਹੀ ਨਾ ਆਉਂਦਾ ਤੇ ਸਾਰਾ ਸਾਰਾ ਦਿਨ ਭੁੱਖੇ ਭਾਣੇ ਕੋਰਟ ਵਿੱਚ ਲੰਘ ਜਾਣਾ ਤੇ ਇਸਦੇ ਚੱਲਦਿਆਂ ਮੇਰੀ ਛੋਟੀ ਬੇਟੀ ਵੀ ਸਾਹ ਦੀ ਬਿਮਾਰੀ ਦੀ ਮਰੀਜ਼ ਬਣ ਗਈ। ਇੱਕ ਸਾਲ ਬਾਅਦ ਸਾਡਾ ਫਿਰ ਸਮਝੌਤਾ ਹੋ ਗਿਆ। ਤੇ ਮਸਾਂ ਦੋ ਸਾਲ ਸਭ ਕੁਝ ਠੀਕ ਚੱਲਿਆ ਪਰ ਮੇਰੀ ਤੀਜੀ ਬੇਟੀ ਹੋਣ 'ਤੇ ਮੇਰੇ ਘਰਵਾਲੇ ਨੇ ਸਾਨੂੰ ਚਾਰਾਂ ਨੂੰ ਘਰੋਂ ਬਾਹਰ ਕੱਢ ਦਿੱਤਾ। ਮੈਂ ਮਸਾਂ ਡਿੱਗਦੀ ਪੈਂਦੀ ਆਪਣੇ ਪੇਕੇ ਘਰ ਗਈ। ਰੋਜ਼ ਰੋਜ਼ ਦੇ ਕਲੇਸ਼ ਨੂੰ ਦੇਖਦੇ ਮੇਰੇ ਪਾਪਾ ਜੀ ਬਿਮਾਰ ਹੋ ਗਏ ਤੇ ਉਹ ਮੈਨੂੰ ਇਕਦਮ ਇਕੱਲੀ ਛੱਡ ਗਏ। ਇੰਨਾ ਕਹਿ ਕੇ ਉਹ ਆਪਣੇ ਪਿਤਾ ਨੂੰ ਯਾਦ ਕਰਕੇ ਫਿਰ ਰੋਣ ਲੱਗ ਗਈ। ਉਸ ਦੀ ਆਪ ਬੀਤੀ ਇੰਨੀ ਤਕਲੀਫਦੇਹ ਸੀ ਕਿ ਅੱਗੇ ਸੁਣਨ ਦੀ ਮੇਰੇ ਵਿੱਚ ਹਿੰਮਤ ਹੀ ਨਹੀਂ ਸੀ।

ਮੈਂ ਸੋਚ ਰਹੀ ਸੀ ਕਿ ਸੱਚ-ਮੁੱਚ ਧੀਆਂ ਦਾ ਦਰਦ ਮਾਂ-ਬਾਪ ਲਈ ਇੱਕ ਅਜਿਹਾ ਜ਼ਖ਼ਮ ਹੁੰਦਾ ਜਿਸ ਤੇ ਉਪਰੋਂ ਭਲੇ ਹੀ ਖਰੀਂਡ ਨਜ਼ਰ ਆਉਂਦਾ ਪਰ ਅੰਦਰੋਂ ਲਹੂ-ਲੁਹਾਣ ਹੁੰਦਾ ਹੈ। ਆਪਣੀਆਂ ਅੱਖਾਂ ਪੂੰਝੇ ਬਿਨਾਂ ਉਸਨੇ ਮੁੜ ਕਹਿਣਾ ਸ਼ੁਰੂ ਕੀਤਾ, ਮੇਰੇ ਪਾਪਾ ਦੇ ਜਾਣ ਬਾਅਦ ਮੇਰੀ ਮਾਂ, ਵੱਡੀ ਭੈਣ ਤੇ ਭਰਾ ਨੇ ਵੀ ਮੈਨੂੰ ਇਹ ਕਹਿ ਕੇ ਘਰੋਂ ਬਾਹਰ ਕਰ ਦਿੱਤਾ ਕਿ ਅਸੀਂ ਤੇਰਾ ਤੇ ਤੇਰੀਆਂ ਕੁੜੀਆਂ ਦਾ ਠੇਕਾ ਨਹੀਂ ਲਿਆ। ਤੂੰ ਆਪਣੇ ਸਹੁਰਿਆਂ ਦੇ ਸਿਰ ਚੜ੍ਹ ਮਰ। ਉਸ ਦਿਨ ਸੱਚੀਂ ਹੀ ਦਿਲ ਕੀਤਾ ਸੀ ਕਿ ਆਪ ਤੇ ਆਪਣੀਆਂ ਬੱਚੀਆਂ ਨੂੰ ਨਾਲ ਲੈ ਕੇ ਮਰ ਜਾਵਾਂ ਪਰ ਇਹਨਾਂ ਵਿੱਚ ਮੇਰੀਆਂ ਬੱਚੀਆਂ ਦਾ ਕੀ ਕਸੂਰ ? ਮੁੰਡਾ ਨਾ ਹੋਣ ਵਿੱਚ ਨਾ ਮੇਰਾ ਕਸੂਰ ਸੀ ਤੇ ਨਾ ਮੇਰੀਆ ਬੱਚੀਆਂ ਦਾ। ਸੋ ਮੈਡਮ ਜੀ ਮੈਂ ਆਪਣੇ ਪੇਕੇ ਪਿੰਡ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਹਾਂ। ਮੇਰੇ ਵੱਡੇ ਭਰਾ ਦੇ ਕੋਈ ਔਲਾਦ ਨਹੀਂ, ਇਸ ਲਈ ਉਹ ਮੇਰੀ ਮਾਂ ਤੋਂ ਚੋਰੀ ਛੁੱਪੇ ਮੇਰੀ ਵੱਡੀ ਭਰਜਾਈ ਹੱਥ ਘਰ ਖਰਚ ਤੇ ਬੱਚੀਆਂ ਲਈ ਪੈਸੇ ਮੈਨੂੰ ਦੇ ਦਿੰਦਾ ਹੈ। ਕੋਰਟ ਕੇਸ ਕਰਨ ਨੂੰ ਪੈਸੇ ਨਹੀਂ ਤੇ ਇਕੱਲੀਆਂ ਬੱਚੀਆਂ ਨੂੰ ਘਰ ਇਕੱਲਾ ਛੱਡ ਪੇਸ਼ੀਆਂ ਕਿਵੇਂ ਭੁਗਤਣ ਜਾਵਾਂ। ਮੈਂ ਸਭ ਦੇ ਹਾੜ੍ਹੇ ਕੱਢ ਕੇ ਦੇਖ ਚੁੱਕੀ ਹਾਂ। ਇੱਥੇ ਭੁੱਖੇ ਜਾਨਵਰ ਨੇ। ਇਕੱਲੀ ਜਨਾਨੀ, ਜਿਸਦਾ ਤਲਾਕ ਦਾ ਕੇਸ ਚਲਦਾ ਹੋਵੇ, ਉਹ ਤਾਂ ਇਸ ਸਮਾਜ ਲਈ ਬਦ-ਕਿਰਦਾਰ ਹੀ ਮੰਨੀ ਜਾਂਦੀ ਹੈ। ਪਰ ਮੈਂ ਇੱਜ਼ਤ ਨਾਲ ਆਪਣੀਆਂ ਬੱਚੀਆਂ ਨਾਲ ਰਹਿ ਰਹੀ ਹਾਂ। ਮੇਰੀਆਂ ਬੱਚੀਆਂ ਨੂੰ ਪਤਾ ਹੈ ਕਿ ਉਹਨਾਂ ਦੀ ਮਾਂ ਕੀ ਹੈ ਤੇ ਇਹ ਮੇਰਾ ਮਾਣ ਨੇ। ਬੱਸ ਪਲੀਜ਼ ਮੈਡਮ ਜੀ, ਤੁਸੀਂ ਮੇਰੀ ਫਿਜ਼ਾ ਦੇ ਇਲਾਜ ਵਿੱਚ ਮੇਰੀ ਹੈਲਪ ਕਰੋ ਜੀ। ਇੰਨਾ ਕਹਿ ਕੇ ਉਹ ਉਮੀਦ ਨਾਲ ਮੇਰੇ ਵੱਲ ਦੇਖਣ ਲੱਗੀ।

ਮੈਂ ਉਸ ਦੀ ਬੱਚੀ ਨੂੰ ਮੁਫਤ ਇਲਾਜ ਲਈ ਰੈਫਰ ਕਰਕੇ ਉਸ ਨੂੰ ਸਭ ਕੁਝ ਸਮਝਾ ਦਿੱਤਾ। ਉਹ ਰੈਫਰ ਫਾਰਮ ਤੇ ਆਪਣੀਆਂ ਬੱਚੀਆਂ ਨੂੰ ਲੈ ਕੇ ਚਲੀ ਗਈ।

ਮੇਰਾ ਧਿਆਨ ਇਕਦਮ ਹੀ ਦਫਤਰ ਦੀ ਕੰਧ ਉੱਤੇ ਲਿਖੇ ਸਲੋਗਨ 'ਬੇਟੀ ਬਚਾਓ, ਬੇਟੀ ਪੜ੍ਹਾਓ।' ਵੱਲ ਗਿਆ ਜੋ ਕਿ ਸਵਾਲ ਪੁੱਛ ਰਿਹਾ ਸੀ ਕਿ ਜੋ ਕੁੱਖ ਵਿੱਚ ਕਤਲ ਹੋਣੋ ਬਚ ਗਈਆਂ, ਉਹਨਾਂ ਦਾ ਕੀ ਇਹੀ ਹਾਲ ਹੋਣਾ ਹੈ ? ਕੀ ਇਹ ਸਿਰਫ ਸਲੋਗਨ ਤੇ ਪੋਸਟਰਾਂ ਤੱਕ ਹੀ ਸੀਮਿਤ ਨੇ ?

# ਸਰ ਹੈਨਰੀ ਫੇਨ ਨੇ ਦੇਖਿਆ ਕੰਵਰ ਨੌਨਿਹਾਲ ਸਿੰਘ ਦਾ ਵਿਆਹ

**ਸਤਿੰਦਰ ਸਿੰਘ ਰੰਧਾਵਾ**

ਸਾਲ 1837 ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸੀ। ਇਸ ਕਰਕੇ ਸ੍ਰੀ ਅੰਮ੍ਰਿਤਸਰ ਨੂੰ ਸਜਾਇਆ ਜਾ ਰਿਹਾ ਸੀ ਤੇ ਸਾਰਾ ਵਾਤਾਵਰਨ ਖ਼ੁਸ਼ੀਆਂ ਭਰਪੂਰ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਵਿਆਹ ਬੇਮਿਸਾਲ ਹੋਵੇ। ਮਹਾਰਾਜਾ ਦੇ ਸਰਦਾਰਾਂ ਨੇ ਵੀ ਵਿਆਹ ਦੀਆਂ ਤਿਆਰੀਆਂ ਵਿੱਚ ਵੱਧ ਤੋਂ ਵੱਧ ਸਮਾਂ ਤੇ ਪੈਸਾ ਖ਼ਰਚ ਕੀਤਾ। ਪਟਿਆਲਾ, ਜੀਂਦ, ਨਾਭਾ ਤੇ ਫ਼ਰੀਦਕੋਟ ਦੇ ਰਾਜੇ ਸਮੇਤ ਨਵਾਬ ਮਾਲੇਰਕੋਟਲਾ, ਕਪੂਰਥਲਾ ਦੇ ਸਰਦਾਰ, ਪਹਾੜੀ ਇਲਾਕੇ ਵਿੱਚੋਂ ਮੰਡੀ ਅਤੇ ਨੂਰਪੁਰ ਦੇ ਰਾਜਿਆਂ ਨੇ ਉਚੇਚੇ ਤੌਰ 'ਤੇ ਵਿਆਹ ਸਮਾਗਮ ਵਿੱਚ ਸ਼ਿਰਕਤ ਕਰਨੀ ਸੀ। ਬ੍ਰਿਟਿਸ਼ ਅਫ਼ਸਰਾਂ ਵਿੱਚੋਂ ਭਾਰਤੀ ਬ੍ਰਿਟਸ਼ ਆਰਮੀ ਦਾ ਕਮਾਂਡਰ ਇਨ ਚੀਫ ਸਰ ਹੈਨਰੀ ਫੇਨ ਇਕੱਲਾ ਹੀ ਸ਼ਾਮਲ ਹੋ ਸਕਿਆ। ਉਸ ਦਾ ਮੁੱਢਲਾ ਸਵਾਗਤ ਸਤਲੁਜ ਕੰਢੇ ਹਰੀ ਕੇ ਪੱਤਣ ਵਿੱਚ ਕੰਵਰ ਸ਼ੇਰ ਸਿੰਘ ਸਮੇਤ ਅਨੇਕ ਮੋਹਤਬਰ ਬੰਦਿਆਂ ਨੇ ਕੀਤਾ। ਮਗਰੋਂ ਸ੍ਰੀ ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਉਸ ਦਾ ਸਵਾਗਤ ਖੜਕ ਸਿੰਘ, ਪ੍ਰਧਾਨ ਮੰਤਰੀ ਤੇ ਹੋਰ ਉੱਚ ਰਾਜ ਅਧਿਕਾਰੀਆਂ ਨੇ ਕੀਤਾ। ਉਸ ਨੂੰ ਪੰਜ ਹਜ਼ਾਰ ਰੁਪਏ ਭੇਟ ਕੀਤੇ ਗਏ। ਉਸ ਦੇ ਸਵਾਗਤ ਵਿੱਚ ਤਿੰਨ ਹਜ਼ਾਰ ਘੋੜ ਸਵਾਰ ਹਾਜ਼ਰ ਸਨ, ਜਿਨ੍ਹਾਂ ਦੀ ਹਾਜ਼ਰੀ ਵਿੱਚ ਸਰ ਹੈਨਰੀ ਨੂੰ ਉਸ ਦੀ ਰਿਹਾਇਸ਼ ਵੱਲ ਲਿਆਂਦਾ ਗਿਆ। ਸਾਰੇ ਘੋੜ ਸਵਾਰਾਂ ਦੇ ਕੱਪੜੇ ਹੀਰਿਆਂ ਨਾਲ ਜੜਤ ਸਨ ਤੇ ਚਮਕਾਂ ਮਾਰ ਰਹੇ ਸਨ। ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਦਾ ਪਹਿਰਾਵਾ ਵੀ ਪ੍ਰਭਾਵਸ਼ਾਲੀ ਸੀ। ਉਸ ਨੇ ਹੀਰਿਆਂ ਨਾਲ ਜੜੀ ਮਹਿੰਗੀ ਪੁਸ਼ਾਕ ਪਹਿਨੀ ਹੋਈ ਸੀ। ਉਹ ਜਿਸ ਘੋੜੇ 'ਤੇ ਬੈਠਾ ਸੀ, ਉਹ ਪਰਸ਼ੀਆ ਤੋਂ ਲਿਆਂਦਾ ਗਿਆ ਸੀ। ਘੋੜੇ ਦੀ ਕਾਠੀ ਤੇ ਲਗਾਮ ਉੱਪਰ ਸੋਨੇ ਦਾ ਕੰਮ ਹੋਇਆ ਸੀ। ਉਸ ਨੇ ਫਰਾਂਸ ਤੋਂ ਬਣਿਆ ਚਮਕਦਾਰ ਕਵਚ ਛਾਤੀ ਦੁਆਲੇ ਪਾਇਆ ਹੋਇਆ ਸੀ। ਸਰ ਹੈਨਰੀ ਨੂੰ ਉਸ ਦੀ ਮਿੱਥੀ ਰਿਹਾਇਸ਼ 'ਤੇ ਇੱਕੀ ਸੌ ਬੁਦਕੀਆਂ ਸੋਨੇ ਦੀਆਂ ਅਤੇ ਪੰਜ ਸੌ ਥਾਲੀਆਂ ਲਜ਼ੀਜ਼ ਮਠਿਆਈਆਂ ਦੀਆਂ ਦਿੱਤੀਆਂ ਗਈਆਂ ਸਨ। ਦੂਜੇ ਦਿਨ ਉਸ ਨੇ ਮਹਾਰਾਜੇ ਨੂੰ ਰਾਮ ਬਾਗ਼ ਅੰਮ੍ਰਿਤਸਰ ਵਿਚਲੀ ਰਿਹਾਇਸ਼ 'ਤੇ ਮਿਲਣਾ ਸੀ। ਅਗਲੇ ਦਿਨ ਮਹਾਰਾਜੇ ਦੀ ਰਿਹਾਇਸ਼ ਦੇ ਸਾਹਮਣੇ ਵੱਡਾ ਤੰਬੂਨੁਮਾ ਤਖ਼ਤ ਲੱਗਾ ਸੀ, ਜਿਸ ਨੂੰ ਚਾਂਦੀ ਦੇ ਬੱਲਿਆਂ ਨਾਲ ਸਹਾਰਾ ਦਿੱਤਾ ਗਿਆ ਸੀ। ਜ਼ਮੀਨ ਉੱਪਰ ਮਹਿੰਗੇ ਕਸ਼ਮੀਰੀ ਗਲੀਚੇ ਵਿਛਾਏ ਗਏ ਸਨ। ਮਹਾਰਾਜੇ ਨੇ ਪੀਲੇ ਰੰਗ ਦੀ ਪੁਸ਼ਾਕ ਪਹਿਨੀ ਹੋਈ ਸੀ ਤੇ ਹਾਥੀ 'ਤੇ ਸਵਾਰ ਸੀ। ਉਸ ਦੇ ਪਿੱਛੇ ਉਸ ਦੇ ਸਰਦਾਰ ਸੋਨੇ, ਚਾਂਦੀ ਤੇ ਹੀਰਿਆਂ ਨਾਲ ਜੜਤ ਵਸਤਰਾਂ ਨਾਲ ਸੋਭ ਰਹੇ ਸਨ। ਦੋਹਾਂ ਦੀ ਮੁਲਾਕਾਤ ਹੋਈ। ਮਹਾਰਾਜੇ ਨੇ ਹੈਨਰੀ ਤੋਂ ਬ੍ਰਿਟਿਸ਼ ਆਰਮੀ ਦੇ ਜੰਗੀ ਤਰੀਕਿਆਂ ਬਾਰੇ ਕਈ ਸਵਾਲ ਪੁੱਛੇ ਸਨ।



ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਦਿਨ ਆਇਆ। ਉਸ ਨੂੰ ਅਨੇਕ ਤੋਹਫ਼ੇ ਦਿੱਤੇ ਗਏ। ਸਰ ਹੈਨਰੀ ਫੇਨ ਨੇ ਗਿਆਰ੍ਹਾਂ ਹਜ਼ਾਰ ਰੁਪਏ ਤੇ ਰਾਜਾ ਧਿਆਨ ਸਿੰਘ ਨੇ ਇਕ ਲੱਖ, 25 ਹਜ਼ਾਰ ਰੁਪਏ ਦਿੱਤੇ। ਉਸ ਦਿਨ ਕੰਵਰ ਨੂੰ ਲਗਪਗ 15 ਲੱਖ ਰੁਪਏ ਦੇ ਤੋਹਫ਼ੇ ਦਿੱਤੇ ਗਏ। ਨੌਨਿਹਾਲ ਸਿੰਘ ਨੇ ਖ਼ੂਬਸੂਰਤ ਪੁਸ਼ਾਕ ਪਹਿਨੀ ਹੋਈ ਸੀ। ਉਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਸਨ। ਉਸ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੰਜ ਸੌ ਰੁਪਏ ਭੇਟ ਕੀਤੇ। ਕਾਫ਼ੀ ਰੁਪਏ ਦਾਨ ਵਜੋਂ ਵੀ ਦਿੱਤੇ ਗਏ। ਬਰਾਤ ਨੇ ਅਟਾਰੀ ਪਹੁੰਚਣਾ ਸੀ। ਇਹ ਸ੍ਰੀ ਅੰਮ੍ਰਿਤਸਰ ਦਾ ਜ਼ਿਲ੍ਹਾ ਸੀ। ਇਸ ਸਥਾਨ 'ਤੇ ਲੜਕੀ ਦੇ ਪਿਤਾ ਸਰਦਾਰ ਸ਼ਾਮ ਸਿੰਘ ਰਹਿੰਦੇ ਸਨ। ਹਰਿਮੰਦਰ ਸਾਹਿਬ ਤੋਂ ਅਟਾਰੀ ਤਕ ਹਜ਼ਾਰਾਂ ਲੋਕ ਸੜਕ ਦੇ ਦੋਹੀਂ ਪਾਸੀਂ ਕਤਾਰਾਂ ਵਿੱਚ ਖੜ੍ਹੇ ਇਸ ਅਨੋਖੇ ਵਿਆਹ ਨੂੰ ਤੱਕ ਰਹੇ ਸਨ। ਮਹਾਰਾਜੇ ਵੱਲੋਂ ਉਨ੍ਹਾਂ ਨੂੰ ਵੀ ਪੈਸੇ ਦਾਨ ਵਜੋਂ ਦਿੱਤੇ ਗਏ। ਬਰਾਤ ਸਰਦਾਰ ਸ਼ਾਮ ਸਿੰਘ ਦੇ ਘਰ ਢੁਕੀ ਤਾਂ ਬੰਦੂਕਾਂ ਵਿੱਚੋਂ ਗੋਲੀਆਂ ਆਕਾਸ਼ ਵੱਲ ਦਾਗੀਆਂ ਗਈਆਂ। ਸਰਦਾਰ ਸ਼ਾਮ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਸੌ ਇੱਕ ਸੋਨੇ ਦੀਆਂ ਮੋਹਰਾਂ ਤੇ ਪੰਜ ਘੋੜੇ ਦਿੱਤੇ। ਕੰਵਰ ਸਰਦਾਰ ਦੀ ਹਵੇਲੀ ਵਿੱਚ ਬਰਾਤ ਸਮੇਤ ਦਾਖ਼ਲ ਹੋਇਆ। ਵਿਆਹ ਦੀਆਂ ਰਸਮਾਂ ਸ਼ੁਰੂ ਹੋਈਆਂ। ਦੂਜੇ ਦਿਨ ਖੁੱਲ੍ਹੇ ਮੈਦਾਨ ਵਿੱਚ ਇੱਕ ਵਾੜਾਨੁਮਾ ਪੰਡਾਲ ਬਣਿਆ ਹੋਇਆ ਸੀ। ਇਸ ਦਾ ਘੇਰਾ ਪੰਜ ਮੀਲ ਵਿੱਚ ਸੀ ਅਤੇ ਇਸ ਦੇ 80 ਦਰਵਾਜ਼ੇ ਸਨ। ਹਰ ਦਰਵਾਜ਼ੇ ਉੱਪਰ ਸਿਪਾਹੀ ਤਾਇਨਾਤ ਸਨ, ਜਿਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਕੋਈ ਵੀ ਵਿਅਕਤੀ ਇੱਕ ਰੁਪਇਆ ਪ੍ਰਾਪਤ ਕਰਨ ਤੋਂ ਬਿਨਾਂ ਨਾ ਜਾਵੇ ਅਤੇ ਕੋਈ ਵੀ ਦੁਬਾਰਾ ਰੁਪਇਆ ਲੈਣ ਨਾ ਆਵੇ। ਉਸ ਦਿਨ ਲੱਖਾਂ ਰੁਪਏ ਵੰਡੇ ਗਏ ਸਨ। ਕੰਵਰ ਨੂੰ ਮਹਿੰਗੀਆਂ ਸੌਗਾਤਾਂ ਦਿੱਤੀਆਂ ਗਈਆਂ, ਜਿਸ ਵਿੱਚ ਸੋਨੇ ਦੀਆਂ ਕਾਠੀਆਂ ਅਤੇ ਲਗਾਮਾਂ ਨਾਲ ਜੜਤ ਸੌ ਘੋੜੇ, ਇੱਕ ਸੌ ਇੱਕ ਗਾਵਾਂ, ਇੱਕ ਸੌ ਇੱਕ ਮੱਝਾਂ, ਸੌ ਊਠ, ਗਿਆਰ੍ਹਾਂ ਹਾਥੀ, ਹਜ਼ਾਰਾਂ ਰੁਪਏ ਦੇ ਗਹਿਣੇ, ਸੋਨੇ ਤੇ ਚਾਂਦੀ ਦੇ ਬਰਤਨ, ਰੇਸ਼ਮ ਦੀਆਂ ਸ਼ਾਅਲਾਂ, ਹੀਰੇ ਤੇ ਜਵਾਹਰਾਤ ਸਨ। ਇਸ ਤੋਂ ਬਾਅਦ ਬਰਾਤੀ ਲਾਹੌਰ ਵੱਲ ਤੁਰ ਪਏ, ਜਿੱਥੇ ਦੂਜੇ ਦਿਨ ਸ਼ਾਲੀਮਾਰ ਬਾਗ਼ ਵਿੱਚ ਵੱਡੇ ਭੋਜ ਦਾ ਇੰਤਜ਼ਾਮ ਕੀਤਾ ਗਿਆ ਸੀ। ਮਹਿਮਾਨਾਂ ਦੀ ਮਹਿਮਾਨਿਵਾਜ਼ੀ ਤੋਂ ਬਾਅਦ ਮਹਾਰਾਜੇ ਨੇ ਸਰ ਹੈਨਰੀ ਫੇਨ ਨੂੰ ਆਪਣੀ ਫ਼ੌਜ ਦਿਖਾਈ, ਜਿਸ ਵਿੱਚ 18 ਹਜ਼ਾਰ ਤਾਕਤਵਾਰ ਜਵਾਨ ਅਸਲੇ ਅਤੇ ਚੰਗੇ ਕੱਪੜਿਆਂ ਵਿੱਚ ਹਾਜ਼ਰ ਸਨ। ਉਸ ਨੂੰ ਜਵਾਹਰਾਤ ਦਿਖਾਏ ਗਏ। ਮਹਾਰਾਜਾ ਵੀ ਬ੍ਰਿਟਿਸ਼ ਫ਼ੌਜ ਤੋਂ ਪ੍ਰਭਾਵਿਤ ਹੋਇਆ। ਉਸ ਨੇ ਸਰ ਹੈਨਰੀ ਫੇਨ ਤੋਂ ਜੰਗ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਸਿੱਖੀਆਂ। 22 ਮਾਰਚ, 1837 ਨੂੰ ਹੋਲੀ ਸੀ। ਸਰ ਹੈਨਰੀ ਨੇ ਹੋਲੀ ਦਾ ਤਿਉਹਾਰ ਇੱਥੇ ਹੀ ਮਨਾਇਆ। ਹੈਨਰੀ ਦੀ ਵਿਦਾਇਗੀ ਸਮੇਂ ਮਹਾਰਾਜੇ ਨੇ ਉਸ ਨੂੰ ਸੁੰਦਰ ਸ਼ਾਅਲਾਂ, ਤਲਵਾਰਾਂ, ਇੱਕ ਹਾਥੀ ਅਤੇ ਅਨੇਕ ਘੋੜੇ ਭੇਟ ਕੀਤੇ ਸਨ।

# ਖੁੰਢ ਚਰਚਾ : ਕੈਨੇਡਾ ਦੀਆਂ ਚੋਣਾਂ ਦਾ ਬੁਖਾਰ

**ਸੁਖਰਾਜ ਚਹਿਲ (ਧਨੌਲਾ)**

"ਗੇਲਿਆ ਮੈਂ ਸੁਣਿਆ ਹੁਣ ਫਿਰ ਵੋਟਾਂ ਪੈਣੀਆਂ ਨੇ ਕਿਤੇ, ਤੂੰ ਕਦੇ ਗੱਲ ਹੀ ਨਹੀਂ ਕੀਤੀ। ਇਹ ਕਿਹੜੀਆਂ ਵੋਟਾਂ ਆ ਗਈਆਂ।" ਬਾਬੇ ਮੇਹਰੂ ਨੇ ਸੱਥ 'ਚ ਆਉਂਦਿਆਂ ਹੀ ਰਾਜਨੀਤੀ ਗੱਲ ਦੀ ਸ਼ੁਰੂਆਤ ਕਰਦਿਆਂ ਗੇਲੇ ਨੂੰ ਸਵਾਲ ਕੀਤੇ। ਗੇਲੇ ਨੇ ਕਿਹਾ "ਹਾਂ ਬਾਬਾ ਜੀ! ਪੰਜਾਬ ਵਿਚ 4 ਥਾਵਾਂ 'ਤੇ ਵੋਟਾਂ ਪੈ ਰਹੀਆਂ ਨੇ, ਇਹ ਵੋਟਾਂ ਪੰਜ ਸਾਲ ਵਾਲੀਆਂ ਨਹੀਂ। ਇਹ ਤਾਂ ਉਹ ਨੇ ਜਿਵੇਂ ਕੋਈ ਬੰਦਾ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਵਿਚਾਲੇ ਹੀ ਸੀਟ ਛੱਡ ਕੇ ਦੂਜੀ ਪਾਰਟੀ ਵਿਚ ਵੜ ਜੇ ਜਾਂ ਕੋਈ ਜਿੱਤਿਆ ਹੋਇਆ ਬੰਦਾ ਦੁਬਾਰਾ ਕਿਤੋਂ ਹੋਰ ਚੋਣ ਜਿੱਤ ਜਾਵੇ ਜਾਂ ਫਿਰ ਜਿੱਤੇ ਹੋਏ ਬੰਦੇ ਦੀ ਮੌਤ ਹੋ ਜਾਵੇ।" ਗੇਲੇ ਨੇ ਵਿਸਥਾਰ ਸਹਿਤ ਬਾਬੇ ਨੂੰ ਕ੍ਰਮਵਾਰ ਉੱਤਰ ਦਿੱਤੇ। ਏਨੇ ਨੂੰ ਗੇਲੇ ਨੇ ਗੱਲ ਸ਼ੁਰੂ ਕਰਦਿਆਂ ਕਿਹਾ "ਦੇਖੋ ਵੋਟਾਂ ਭਾਵੇਂ ਪੰਜਾਬ ਵਿਚ ਹਨ ਪਰ ਪੰਜਾਬ ਦੇ ਲੋਕਾਂ ਦਾ ਧਿਆਨ ਇਨ੍ਹਾਂ ਵੋਟਾਂ ਵੱਲ ਨਹੀਂ। ਉਨ੍ਹਾਂ ਦਾ ਧਿਆਨ ਤਾਂ ਕੈਨੇਡਾ ਦੀਆਂ ਵੋਟਾਂ 'ਤੇ ਲੱਗਿਆ ਹੋਇਆ ਹੋਵੇਗਾ।" ਬਾਬੇ ਨੇ ਫਿਰ ਸਵਾਲ ਕੀਤਾ, "ਇਹ ਕੀ ਭਾਈ! ਰਹਿੰਦੇ ਪੰਜਾਬ 'ਚ ਤੇ ਧਿਆਨ ਕੈਨੇਡਾ 'ਚ।" ਤਾਂ ਫ਼ੌਜੀ ਮਿੰਦੇ ਨੇ ਕਿਹਾ, "ਬਾਬਾ ਜੀ, ਮੈਂ ਸਮਝਾਉਂਦਾ ਹਾਂ ਤੁਹਾਨੂੰ ਸਾਰੀ ਗੱਲ। ਕੈਨੇਡਾ ਵਿਚ ਇਸ ਤਰ੍ਹਾਂ ਵੋਟਾਂ ਪੈ ਰਹੀਆਂ ਨੇ ਜਿਵੇਂ ਆਪਣੇ ਦੇਸ਼ 'ਚ ਪ੍ਰਧਾਨ ਮੰਤਰੀ ਮੋਦੀ ਲਈ ਵੋਟਾਂ ਪਈਆਂ ਸਨ। ਉੱਥੇ ਹੁਣ ਨਵੇਂ ਪ੍ਰਧਾਨ ਮੰਤਰੀ ਦੀ ਚੋਣ ਹੋਣੀ ਆ। ਲੋਕਾਂ ਨੂੰ ਹੁਣ ਇਹ ਡਰ ਹੈ ਕਿ ਨਵਾਂ ਪ੍ਰਧਾਨ ਮੰਤਰੀ ਨਵੇਂ ਕਾਨੂੰਨ ਨਾ ਲਾਗੂ ਕਰ ਦੇਵੇ ਕਿਉਂਕਿ ਪਹਿਲਾਂ ਵਾਲੇ ਪ੍ਰਧਾਨ ਮੰਤਰੀ ਨੇ ਵੀਜ਼ੇ ਅਤੇ ਹੋਰ ਸਹੂਲਤਾਂ 'ਚ ਨਰਮੀ ਵਰਤੀ ਹੈ। ਹੁਣ ਲੋਕ ਪੜ੍ਹਾਈ ਅਤੇ ਰੁਜ਼ਗਾਰ ਲਈ ਬਾਹਰਲੇ ਮੁਲਕਾਂ 'ਚ ਵਧੇਰੇ ਜਾ ਰਹੇ ਨੇ। ਕਿਤੇ ਨਵਾਂ ਬੰਦਾ ਕੋਈ ਹੋਰ ਹੀ ਨਾ ਪੰਗਾ ਖੜ੍ਹਾ ਕਰ ਦੇਵੇ ਤਾਂ ਹੀ ਸਾਡੇ ਪੰਜਾਬੀਆਂ ਦਾ ਧਿਆਨ ਓਧਰ ਜ਼ਿਆਦਾ ਲੱਗਿਆ ਹੋਇਆ ਹੈ।" ਇੰਨੇ ਨੂੰ ਸ਼ਾਮ ਸਿੰਹੁ ਨੇ ਕਿਹਾ "ਗੱਲ ਤਾਂ ਠੀਕ ਐ, ਫ਼ਿਕਰ ਵੀ ਜ਼ਰੂਰੀ ਹੈ ਕਿਉਂਕਿ ਸਾਡੇ ਆਲੇ ਪਾਸੇ ਤਾਂ ਰੁਜ਼ਗਾਰ ਮਿਲਦਾ ਨਹੀਂ, ਮਹਿੰਗਾਈ ਤੇ ਹੋਰ ਬਹੁਤ ਕੁਝ ਮਿਲਦਾ ਇੱਥੇ। ਸਾਨੂੰ ਤਾਂ ਧੰਨਵਾਦ ਕਰਨਾ ਚਾਹੀਦਾ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਜਿਨ੍ਹਾਂ ਨੇ ਸਾਡੇ ਦੇਸ਼ ਦੇ ਲੋਕਾਂ ਨੂੰ ਵੱਡੀ ਗਿਣਤੀ 'ਚ ਵੀਜ਼ੇ ਦੇਣ ਦੇ ਨਾਲ-ਨਾਲ ਰੁਜ਼ਗਾਰ ਵੀ ਦਿੱਤਾ ਹੈ। ਸ਼ਾਮ ਸਿੰਹੁ ਦੀ ਇਸ ਗੱਲ 'ਤੇ ਸਾਰਿਆਂ ਨੇ ਖ਼ੁਸ਼ੀ ਪ੍ਰਗਟ ਕੀਤੀ। ਫ਼ੌਜੀ ਮਿੰਦੇ ਨੇ ਕਿਹਾ, "ਗੱਲ ਤੁਹਾਡੀ ਬਿਲਕੁਲ ਸਹੀ ਹੈ, ਜੇ ਉਹ ਸਰਕਾਰਾਂ ਵੀ ਨਾ ਸੰਭਾਲਦੀਆਂ ਤਾਂ ਸਾਡੇ ਲੋਕਾਂ ਦੇ ਇਸ ਤੋਂ ਵੀ ਹਾਲਾਤ ਮਾੜੇ ਹੋਣੇ ਸਨ। ਇਸ ਤੋਂ ਬਾਅਦ ਸਾਰੇ ਵੋਟਾਂ ਅਤੇ ਸਾਡੇ ਦੇਸ਼ 'ਤੇ ਚਰਚਾ ਸਮੇਟ ਕੇ ਘਰਾਂ ਵੱਲ ਤੁਰ ਪਏ।

## ਸਿੱਖ ਰਾਈਡਰਜ ਵੱਲੋਂ ਬੇਕਰਸਫੀਲਡ ਵਿਖੇ ਕਰਵਾਈ ਸੱਤਵੀਂ ਸਲਾਨਾ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ



**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਵਾਲ-** ਸਿੱਖ ਰਾਈਡਰਜ ਆਫ਼ ਅਮੈਰਿਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਸਨੀਵਾਰ ਬੇਕਰਸਫੀਲਡ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਸੱਤਵੀ ਸਲਾਨਾ ਮੋਟਰ-ਸਾਇਕਲ ਰੈਲੀ ਦਾ ਅਯੋਜਨ ਸਥਾਨਿਕ ਹਾਰਲੀ ਡੇਵਿਡਸਨ ਡੀਲਰਸ਼ਿੱਪ ਤੇ ਕੀਤਾ ਗਿਆ ਜਿਸ ਵਿੱਚ 200 ਉੱਪਰ ਮੋਟਰਸਾਈਕਲ ਸਵਾਰਾ ਨੇ ਭਾਗ ਲਿਆ ਅਤੇ ਕੁਲ 500 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਨ 4 ਲੋਕਲ ਚੈਰਟੀਆਂ ਲਈ 8000 ਡਾਲਰ ਫੰਡ ਵੀ ਇਕੱਤਰ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਪਾਣੀ ਦੀਆਂ ਬੋਤਲਾਂ ਅਤੇ ਹੋਰ ਸਨੈਕ ਵਗੈਰਾ ਦਾ ਵੀ ਸਿੱਖ ਰਾਈਡਰਜ ਵੱਲੋਂ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਪਿੱਛੋਂ ਇਹ ਰੈਲੀ ਪਾਇਲਜ਼ ਬੋਆਏਜ਼ ਕੈਂਪ ਵਿੱਖੇ ਪਹੁੰਚੀ ਜਿਥੇ ਪੰਜਾਬੀ ਗੀਤਾਂ ਤੇ ਭੰਗੜਾ ਪਾਉਦੇ ਗੋਰੇ ਸਿੱਖ ਲਿਟਰੇਚਰ ਲੈ ਕੇ ਖੁਸ਼ੀ ਖੁਸ਼ੀ ਘਰੋ ਘਰੀ ਪਰਤੇ। ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਨ੍ਹਾਂ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਗੋਰਿਆਂ ਦੇ ਬੈਂਡ ਨੇ ਵੀ ਆਪਣੀ ਗਾਇਕੀ ਦੀ ਜਾਦੂ ਬਖੇਰਿਆ ਅਤੇ ਸਿੱਖ ਰਾਇਡਰਜ਼ ਵੱਲੋਂ ਪੰਜਾਬੀ ਖਾਣੇ ਦੇ ਨਾਲ ਨਾਲ ਅਮੈਰਿਕਨ ਤੇ ਮੈਕਸੀਕਨ ਲੰਚ ਵੀ ਸਰਵ ਕੀਤਾ ਗਿਆ। ਇਸ ਮੌਕੇ ਮਹਿੰਦੀ ਅਤੇ ਫੇਸ ਪੇਂਟਿੰਗ ਬੱਚਿਆ ਲਈ ਖ਼ਾਸ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਬੇਕਰਸਫੀਲਡ ਦੀ ਮੇਅਰ ਕੈਰਨ ਗੋ ਅਤੇ ਹੋਰ ਵੀ ਬਹੁਤ ਸਾਰੇ ਸਿੱਟੀ ਅਫੀਸੀਅਲਜ ਅਤੇ ਸੰਸਥਾਵਾਂ ਦੇ ਮੈਂਬਰਾਂ ਨੇ ਰੈਲੀ ਨੂੰ ਸੰਬੋਧਨ ਕੀਤਾ ਅਤੇ ਸਿੱਖ ਰਾਈਡਰਜ਼ ਆਫ ਅਮੈਰਿਕਾ ਦਾ ਸ਼ਾਨਦਾਰ ਸਮਾਗਮ ਲਈ ਸ਼ੁਕਰੀਆ ਅਦਾ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦੀ ਇਹ ਰੈਲੀ ਯਾਦਗਾਰੀ ਹੋ ਨਿਬੜੀ।

## ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ, ਸਮਕਾਲ ਤੇ ਪਰਵਾਸ ਲੋਕ ਅਰਪਿਤ




**ਸਟਾਕਟਨ/ਏ.ਟੀ. ਨਿਊਜ਼ਃ** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਛੇ ਅਕਤੂਬਰ 2019 ਨੂੰ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਿਖੇ ਕਰਵਾਈ ਗਈ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਅਦਬੀ ਲੇਖਕਾਂ ਅਤੇ ਚਿੰਤਕਾਂ ਦੇ ਭਰਵੇਂ ਇਕੱਠ ਵਿਚ ਨਵੇਕਲੇ ਪਰਭਾਵਾਂ ਸਹਿਤ ਸਪੰਨ ਹੋਈ।

ਕਾਨਫਰੰਸ ਦਾ ਆਰੰਭ ਬੀਬੀ ਮਨਜੀਤ ਕੌਰ ਸੇਖੋਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਤੇ ਉਨਾਂ ਦੀ ਵਡਮੁੱਲੀ ਸਖਸ਼ੀਅਤ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਹੋਇਆ। ਇਸ ਉਪਰੰਤ ਪ੍ਰਧਾਨਗੀ ਮੰਡਲ ਦੀ ਸਥਾਪਨਾ ਕੀਤੀ ਗਈ। ਜਿਸ ਵਿਚ ਜਸਵੀਰ ਸਿੰਘ ਰਾਣਾ, ਡਾ. ਗੋਬਿੰਦਰ ਸਿੰਘ ਸਮਰਾਓ, ਹਰਮੀਤ ਸਿੰਘ ਅਟਵਾਲ, ਹਰਬੰਸ ਸਿੰਘ ਜਗਿਆਸੂ ਅਤੇ ਸੁਰਿੰਦਰ ਸਿੰਘ ਸੀਰਤ ਸ਼ਾਮਲ ਹੋਏ। ਸਮਾਗਮ ਵਿੱਚ ਸ਼ਾਮਲ ਹੋਣ ਆਏ ਸਮੂਹ ਸਾਹਿਤ ਪ੍ਰੇਮੀਆਂ ਨੂੰ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਜੀ ਆਇਆਂ ਆਖਿਆ ਗਿਆ। ਇਸ ਉਪਰੰਤ ਉਨਾਂ ਇਸ ਸਮਾਗਮ ਦੇ ਮੰਤਵ ਅਤੇ ਉਦੇਸ਼ ਬਾਰੇ ਦਸਦਿਆਂ ਸਭਾ ਵਲੋਂ ਰਿਲੀਜ਼ ਕੀਤੇ ਜਾ ਚੁੱਕੇ ਪਹਿਲੇ ਕਹਾਣੀ ਸੰਗ੍ਰਹਿਆਂ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਇਸ ਪ੍ਰੋਜੈਕਟ ਪਿੱਛੇ ਪ੍ਰੋ. ਹਰਭਜਨ ਸਿੰਘ ਦੀ ਅਣਥੱਕ ਘਾਲਣਾਂ ਅਤੇ ਦਿਸ਼ਾ ਨਿਰਦੇਸ਼ਨਾ ਦਾ ਜ਼ਿਕਰ ਕੀਤਾ ਅਤੇ ਇਸ ਕਿਤਾਬ ਦੀ ਸੰਪਾਦਕੀ ਟੀਮ ਦੇ ਮੈਂਬਰ ਹਰਮਹਿੰਦਰ ਚਾਹਲ ਅਤੇ ਸੁਰਿੰਦਰ ਸੋਹਲ ਵਲੋਂ ਭੇਜੇ ਗਏ ਵਧਾਈ ਸੰਦੇਸ਼ ਸਾਂਝੇ ਕੀਤੇ।

ਪਹਿਲੇ ਸੈਸ਼ਨ ਦੌਰਾਨ, ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਲ ਵਲੋਂ ਸੰਪਾਦਤ ਕਹਾਣੀ-ਸੰਗ੍ਰਹਿ ਸਮਕਾਲ ਤੇ ਪਰਵਾਸ ਦਾ ਅਮਰੀਕੀ ਪੰਜਾਬੀ ਕਹਾਣੀਕਾਰਾਂ ਡਾ.ਰਵੀ ਸ਼ੇਰ ਗਿੱਲ, ਹਰਜਿੰਦਰ ਪੰਧੇਰ, ਹਰਨੇਕ ਸਿੰਘ ਅਤੇ ਪ੍ਰਧਾਨਗੀ ਮੰਡਲ ਦੀ ਮੌਜ਼ੂਦਗੀ ਵਿਚ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਜਸਵੀਰ ਰਾਣਾ ਅਤੇ ਹਰਬੰਸ ਸਿੰਘ ਜਗਿਆਸੂ ਦਾ ਪੰਜਾਬੀ ਮਾਂ ਬੋਲੀ ਦੀ ਨਿਰੰਤਰ ਸੇਵਾ ਕਰਨ ਲਈ ਵਿਸੇਸ਼ ਸਨਮਾਨ ਵੀ ਕੀਤਾ ਗਿਆ।

ਖੋਜ਼ ਪੱਤਰ ਵਿਚ ਜਸਵੀਰ ਰਾਣਾ ਨੇ ਅਮਰੀਕੀ ਪੰਜਾਬੀ ਕਹਾਣੀ ਦੇ ਮੂਲ ਸਰੋਕਾਰਾਂ, ਕਲਾ ਵਿਧੀਆਂ, ਅਤੇ ਪੰਜਾਬੀ ਕਹਾਣੀ ਦੀ ਮੁੱਖ ਧਾਰਾ ਵਿਚ ਇਸ ਦੇ ਬਣਦੇ ਅਸਥਾਨ ਦੀ ਵਿਸਥਾਰ ਵਿਚ ਜਾਕੇ ਗੱਲ ਕੀਤੀ। ਪੰਜਾਬ ਤੋਂ ਵਿਸੇਸ਼ ਤੌਰ ਤੇ ਪਹੁੰਚੇ ਪੰਜਾਬੀ ਸਾਹਿਤਕਾਰ ਅਤੇ ਅਲੋਚਕ ਹਰਮੀਤ ਸਿੰਘ ਅਟਵਾਲ ਨੇ ਰਿਲੀਜ਼ ਕੀਤੀ ਕਿਤਾਬ ਬਾਰੇ ਗੱਲ ਕਰਦਿਆਂ ਆਖਿਆ ਕਿ ਇਹ ਕਿਤਾਬ ਸੰਪਾਦਕੀ ਮੰਡਲ ਦਾ ਬਹੁਤ ਸਾਰਥਕ ਉੱਦਮ ਹੈ ਜਿਹੜਾ ਆਧੁਨਿਕ ਪੰਜਾਬੀ ਕਹਾਣੀ ਦੀ ਯਥਾਯੋਗ ਪ੍ਰਤੀਨਿਧਤਾ ਕਰਦਾ ਹੈ। ਡਾ. ਗੋਬਿੰਦਰ ਸਿੰਘ ਸਮਰਾਓ ਨੇ ਸੰਗ੍ਰਹਿ ਦੇ ਸੰਪਾਦਕੀ ਮੰਡਲ ਨੂੰ ਵਧਾਈ ਦਿੰਦਿਆਂ ਆਖਿਆ ਕਿ ਇਸ ਸੰਗ੍ਰਹਿ ਵਿਚਲੀਆਂ ਕੁੱਝ ਕਹਾਣੀਆਂ ਆਪਣੇ ਅੰਦਰ ਨਾਵਲੀ ਪਲਾਟਾਂ ਨੂੰ ਸਮੋਈ ਕਿਸੇ ਝਰਨੇ ਵਾਂਗ ਵਹਿੰਦੀਆਂ ਸਿਖਰ ਵੱਲ ਵਧਦੀਆਂ ਹਨ। ਡਾ. ਅਮਰੀਕ ਸਿੰਘ ਨੇ ਇਸ ਵਡਮੁੱਲੀ ਕ੍ਰਿਤ ਨੂੰ ਵਡਿਆਉਣ ਉਪਰੰਤ ਨਵੀਆਂ ਪੀੜੀਆਂ ਵਿਚ ਪੰਜਾਬੀ ਬੋਲੀ ਪ੍ਰਤੀ ਲਗਨ ਪੈਦਾ ਕਰਨ ਲਈ ਅੰਗਰੇਜ਼ੀ ਦੇ ਹਾਣ ਦੀਆਂ ਬਾਲ-ਪੁਸਤਕਾਂ ਰਚਣ ਵੱਲ ਵਿਸ਼ੇਸ਼ ਧਿਆਨ ਦੇਣ ਦਾ ਸੁਝਾਅ ਦਿੱਤਾ। ਦੂਸਰੇ ਸੈਸ਼ਨ ਵਿਚ ਅਮਰਜੀਤ ਕੌਰ ਪੰਨੂੰ, ਤ੍ਰਿਪਤ ਸਿੰਘ ਭੱਟੀ ਅਤੇ ਹਰਨੇਕ ਸਿੰਘ ਨੇ ਆਪੋ ਆਪਣੀਆਂ ਕਹਾਣੀਆਂ ਪੜੀਆਂ।

ਤੀਜਾ ਸੈਸ਼ਨ ਕਵੀ ਦਰਬਾਰ ਦਾ ਸੀ। ਇਸ ਵਿਚ ਨਾਮਵਰ ਸ਼ਾਇਰ ਇਕਵਿੰਦਰ ਸਿੰਘ, ਸੁਰਿੰਦਰ ਸੀਰਤ, ਹਰਮੀਤ ਸਿੰਘ ਅਟਵਾਲ, ਬਿੱਕਰ ਸਿੰਘ ਕਮੇਆਣਾ, ਪ੍ਰਿੰਸੀਪਲ ਹਜ਼ੂਰਾ ਸਿੰਘ, ਹਰਬੰਸ ਸਿੰਘ ਜਗਿਆਸੂ, ਅਮਰਪਾਲ ਸਿੰਘ, ਜਯੋਤੀ ਸਿੰਘ, ਅਮਰਜੀਤ ਕੌਰ ਪੰਨੂੰ, ਜਸਵੀਰ ਰਾਣਾ ਅਤੇ ਹੋਰ ਸ਼ਾਮਲ ਕਵੀਆਂ ਨੇ ਭਾਗ ਲਿਆ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਉੱਘੇ ਅਦਾਕਾਰ ਜਸਵੰਤ ਸਿੰਘ ਸ਼ਾਦ ਨੇ ਆਪਣੇ ਸ਼ਾਇਰੋ ਸ਼ਾਇਰੀ ਵਾਲੇ ਮਖ਼ਸੂਸ ਅੰਦਾਜ਼ ਵਿਚ ਕੀਤਾ। ਸਮਾਗਮ ਵਿੱਚ ਭਾਗ ਲੈਣ ਆਏ ਸਮੂਹ ਸਾਹਿਤ ਪ੍ਰੇਮੀਆਂ ਲਈ ਵੈਸਟ ਸੈਕਰਾਮੈਂਟੋ ਗੁਰੂ ਘਰ ਵਲੋਂ ਵਿਸ਼ੇਸ਼ ਤੌਰ 'ਤੇ ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਕੀਤਾ ਗਿਆ।




**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਜਾਤਪਾਤੀ ਭੇਦਭਾਵ ਖਿਲਾਫ ਗੁਰੂ ਨਾਨਕ ਸਾਹਿਬ ਦਾ ਇਨਕਲਾਬੀ ਕਦਮ

**ਰਣਜੀਤ ਸਿੰਘ**

15ਵੀਂ ਸਦੀ ਤਕ ਸਦੀਆਂ ਦੀ ਗ਼ੁਲਾਮੀ ਅਤੇ ਜਾਤ-ਪਾਤ ਦੇ ਆਧਾਰ ਉੱਤੇ ਪਈਆਂ ਵੰਡੀਆਂ ਨਾਲ ਭਾਰਤੀ ਸਮਾਜ ਦਾ ਭੈੜਾ ਹਾਲ ਹੋ ਗਿਆ ਸੀ। ਕੰਮਕਾਜੀ ਆਧਾਰ ਉੱਤੇ ਹੋਈ ਵਰਗ ਵੰਡ ਨੂੰ ਪੱਕਿਆਂ ਕਰਕੇ ਲੋਕਾਂ ਨੂੰ ਉੱਚੀਆਂ ਅਤੇ ਨੀਵੀਆਂ ਜਾਤਾਂ ਵਿਚ ਵੰਡ ਦਿੱਤਾ ਗਿਆ ਸੀ। ਨੀਵੀਆਂ ਜਾਤਾਂ ਨੂੰ ਅਛੂਤ ਆਖਿਆ ਗਿਆ ਅਤੇ ਉਨ੍ਹਾਂ ਦਾ ਜੀਵਨ ਨਰਕ ਤੋਂ ਵੀ ਭੈੜਾ ਬਣਾ ਦਿੱਤਾ ਗਿਆ। ਵੇਲੇ ਦੇ ਹਾਕਮਾਂ ਨੇ ਧਰਮ ਦੇ ਠੇਕੇਦਾਰਾਂ ਅਤੇ ਉੱਚੀ ਜਾਤ ਦੇ ਆਗੂਆਂ ਨੂੰ ਖਰੀਦ ਕੇ ਉਨ੍ਹਾਂ ਦੇ ਹੱਥੋਂ ਹੀ ਇਸ ਵੰਡ ਨੂੰ ਮਜ਼ਬੂਤ ਕਰਵਾਇਆ। ਗ਼ਰੀਬ, ਨਿਮਾਣੇ ਤੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਮਾਗ ਵਿਚ ਇਹ ਦ੍ਰਿੜ ਕਰਵਾ ਦਿੱਤਾ ਗਿਆ ਕਿ ਤੁਹਾਡੀ ਦੁਰਦਸ਼ਾ ਤੁਹਾਡੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਕਰਕੇ ਹੈ। ਅਗਲੇ ਜਨਮ ਵਿਚ ਭਲੇ ਦਿਨ ਵੇਖਣ ਲਈ ਉੱਚੀਆਂ ਜਾਤਾਂ ਦੀ ਸੇਵਾ ਕਰੋ, ਦੇਵੀ-ਦੇਵਤਿਆਂ ਦੀ ਪੂਜਾ ਕਰੋ, ਧਾਰਮਿਕ ਅਤੇ ਰਾਜਸੀ ਆਗੂਆਂ ਨੂੰ ਰੱਬ ਦੇ ਨੁਮਾਇੰਦੇ ਮੰਨ ਕੇ ਉਨ੍ਹਾਂ ਦੀ ਹਰ ਜ਼ਿਆਦਤੀ ਨੂੰ ਬਰਦਾਸ਼ਤ ਕਰੋ। ਸਮੇਂ ਦੇ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਨੀਚ ਤੇ ਅਛੂਤ ਸਮਝੇ ਜਾਂਦੇ ਲੋਕਾਂ ਲਈ ਵਿੱਦਿਆ ਦੀ ਪ੍ਰਾਪਤੀ, ਚੰਗੇ ਕੱਪੜੇ ਪਹਿਨਣਾ ਅਤੇ ਧਾਰਮਿਕ ਸਥਾਨਾਂ ਉੱਤੇ ਜਾਣ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ। ਧਾੜਵੀਆਂ ਦੇ ਵਾਰ-ਵਾਰ ਹਮਲੇ ਅਤੇ ਵਿਦੇਸ਼ੀਆਂ ਦੀ ਗ਼ੁਲਾਮੀ ਨੇ ਲੋਕਾਂ ਵਿਚੋਂ ਸਵੈਮਾਣ ਹੀ ਖ਼ਤਮ ਕਰ ਦਿੱਤਾ ਸੀ। ਆਪਣੀ ਅਣਖ ਤੇ ਆਪਣੇ-ਆਪ ਦੀ ਰਾਖੀ ਕਰਨਾ ਤਾਂ ਉਹ ਭੁੱਲ ਹੀ ਗਏ ਸਨ। ਧਾੜਵੀ ਆਉਂਦੇ, ਆਪਣੇ ਮਰਜ਼ੀ ਨਾਲ ਲੁੱਟ ਮਚਾਉਂਦੇ, ਲੋਕਾਂ ਉੱਤੇ ਜ਼ੁਲਮ ਕਰਦੇ, ਇਥੋਂ ਤੱਕ ਕਿ ਲੁੱਟੇ ਹੋਏ ਮਾਲ ਦੇ ਨਾਲ-ਨਾਲ ਇਥੋਂ ਦੀਆਂ ਔਰਤਾਂ ਵੀ ਲੁੱਟ ਦੇ ਮਾਲ ਵਾਂਗ ਹੀ ਆਪਣੇ ਨਾਲ ਲੈ ਜਾਂਦੇ ਸਨ। ਇਸ ਜ਼ੁਲਮ ਵਿਰੁੱਧ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ਾਲਮ ਨੂੰ ਲਲਕਾਰਿਆ, ਪਾਖੰਡੀ ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ-ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਵਾਸਤੇ ਜੂਝਣ ਲਈ ਵੰਗਾਰਿਆ। ਉਨ੍ਹਾਂ ਨੇ ਨਿਮਾਣੇ, ਨਿਤਾਣੇ ਅਤੇ ਨੀਚ ਸਮਝੇ ਜਾਂਦੇ ਲੋਕਾਂ ਦੇ ਬਰਾਬਰ ਆਪਣੇ-ਆਪ ਨੂੰ ਖੜ੍ਹਾ ਕੀਤਾ ਤੇ ਉਨ੍ਹਾਂ ਦਾ ਸਾਥ ਦਿੱਤਾ। ਕਿਰਤੀਆਂ ਨੂੰ ਮਾਣ ਬਖ਼ਸ਼ਿਆ ਅਤੇ ਗਿਆਨ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹੇ। ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਵੰਗਾਰਿਆ-

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਅੰਗ 142)।

ਗੁਰੂ ਜੀ ਨੇ ਕੇਵਲ ਲੋਕਾਂ ਵਿਚ ਚੇਤਨਾ ਹੀ ਨਹੀਂ ਜਗਾਈ, ਸਗੋਂ ਆਪਣੇ ਹੱਕਾਂ ਦੀ ਰਾਖੀ ਵਾਸਤੇ ਘੋਲ ਕਰਨ ਲਈ ਵੀ ਪ੍ਰੇਰਿਆ। ਉਦੋਂ ਸ਼ਾਹੀ ਜ਼ੁਲਮ ਅਤੇ ਜਬਰ ਆਪਣੀ ਸਿਖਰ ਉੱਤੇ ਸੀ। ਉਸ ਸਮੇਂ ਦੀ ਸਥਿਤੀ ਵੇਖ ਗੁਰੂ ਜੀ ਨੇ ਆਖਿਆ ਸੀ-

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥ (145)।

ਧਰਮ ਲੋਕਾਂ ਵਿਚ ਗਿਆਨ ਦਾ ਚਾਨਣ ਕਰਨ ਦੀ ਥਾਂ ਉਨ੍ਹਾਂ ਨੂੰ ਅੰਧਵਿਸ਼ਵਾਸ ਦੇ ਹਨੇਰੇ ਵਿਚ ਸੁੱਟ ਰਿਹਾ ਸੀ। ਆਪਣੀ ਹੋਣੀ ਨੂੰ ਪਿਛਲੇ ਕਰਮਾਂ ਦਾ ਫ਼ਲ ਮੰਨ, ਸਿਰ ਨੀਵਾਂ ਕਰ ਕੇ ਜ਼ੁਲਮ ਸਹਿਣ ਦਾ ਲੋਕਾਂ ਨੂੰ ਪਾਠ ਪੜ੍ਹਾਇਆ ਜਾਂਦਾ ਸੀ। ਗੁਰੂ ਜੀ ਦਾ ਕਥਨ ਹੈ-

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥




ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥ (722)।

ਇਝ ਸਮਾਜ ਵਿਚ ਨਿਮਾਣਿਆਂ, ਨਿਤਾਣਿਆਂ ਅਤੇ ਬੇਆਸਰਿਆਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਗੁਰੂ ਜੀ ਨੇ ਬੜੀ ਦਲੇਰੀ ਨਾਲ ਲੋਟੂ ਟੋਲੇ ਨੂੰ ਵੰਗਾਰਿਆ ਅਤੇ ਲੁੱਟੀ ਜਾ ਰਹੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਲੜਨ ਵਾਸਤੇ ਤਿਆਰ ਕੀਤਾ।

ਗੁਰੂ ਜੀ ਮੁੱਢ ਤੋਂ ਹੀ ਦੁਨਿਆਵੀ ਕਾਰਜਾਂ ਨਾਲੋਂ ਵਧੇਰੇ ਰੂਹਾਨੀਅਤ ਵੱਲ ਧਿਆਨ ਦਿੰਦੇ ਸਨ। ਆਪ ਹਮੇਸ਼ਾ ਇਹ ਸੋਚਦੇ ਰਹਿੰਦੇ ਸਨ ਕਿ ਸਮਾਜ ਵਿਚ ਨਾ ਬਰਾਬਰੀ, ਛੂਤ-ਛਾਤ ਅਤੇ ਲੁੱਟ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ। ਆਖ਼ਰ ਆਪ ਆਪਣੇ ਬਚਪਨ ਦੇ ਸਾਥੀ ਨੀਵੀਂ ਜਾਤ ਦੇ ਸਮਝੇ ਜਾਂਦੇ ਮਰਦਾਨਾ ਨੂੰ ਨਾਲ ਲੈ ਕੇ ਆਪਣੇ ਮਿਸ਼ਨ ਉੱਤੇ ਘਰੋਂ ਨਿਕਲ ਤੁਰੇ। ਭਾਈ ਮਰਦਾਨੇ ਨੂੰ ਸਾਥੀ ਬਣਾਉਣਾ ਆਪਣੇ-ਆਪ ਵਿਚ ਇਨਕਲਾਬੀ ਕਦਮ ਸੀ। ਮਰਦਾਨੇ ਦੀ ਰਬਾਬ ਉੱਤੇ ਹੀ ਆਪ ਨੇ ਬਹੁਤੀ ਬਾਣੀ ਉਚਾਰਨ ਕੀਤੀ। ਗੁਰੂ ਜੀ ਨੇ ਧਾਰਮਿਕ ਆਗੂਆਂ ਨੂੰ ਆਖਿਆ ਤੁਸੀਂ ਪਰਜਾ ਦੇ ਰੱਖਿਅਕ ਬਣਨ ਦੀ ਥਾਂ ਉਨ੍ਹਾਂ ਉੱਤੇ ਜ਼ੁਲਮ ਕਰ ਰਹੇ ਹੋ। ਇਹ ਸਭ ਤੋਂ ਵੱਡਾ ਪਾਪ ਹੈ। ਰੱਬ ਦੂਜਿਆਂ ਦੇ ਹੱਕ ਮਾਰਨ ਵਾਲਿਆਂ ਦਾ ਕਦੇ ਹੋ ਹੀ ਨਹੀਂ ਸਕਦਾ। ਤੁਸੀਂ ਤਾਂ ਚੋਰਾਂ ਤੋਂ ਵੀ ਭੈੜੇ ਹੋ। ਚੋਰ ਦਾ ਕਦੇ ਕੋਈ ਗਵਾਹ ਨਹੀਂ ਬਣਦਾ, ਫਿਰ ਭਲਾ ਰੱਬ ਤੁਹਾਡਾ ਕਿਵੇਂ ਹੋ ਸਕਦਾ ਹੈ।

ਉਨ੍ਹਾਂ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਆਖਿਆ ਕਿ ਸੰਸਾਰ ਵਿਚ ਸਾਰੇ ਬਰਾਬਰ ਹਨ। ਸਾਰਿਆਂ ਵਿਚ ਇਕੋ ਜੋਤ ਜਗਦੀ ਹੈ। ਇਸ ਕਰਕੇ ਤੁਹਾਨੂੰ ਨੀਚ ਕੇਵਲ ਲੋਟੂ ਟੋਲੇ ਨੇ ਹੀ ਬਣਾਇਆ ਹੋਇਆ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (663)।
ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ,
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥ (62)।

ਗੁਰੂ ਜੀ ਨੇ ਮਜ਼ਲੂਮਾਂ ਨੂੰ ਆਖਿਆ ਕਿ ਮੈਂ ਤੁਹਾਡੇ ਨਾਲ ਹਾਂ। ਤੁਸੀਂ ਡਰ ਨੂੰ ਤਿਆਗੋ, ਸੱਚ ਅਤੇ ਹੱਕ ਦੀ ਰਾਖੀ ਲਈ ਸੰਘਰਸ਼ ਕਰੋ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (15)।

ਗੁਰੂ ਜੀ ਨੂੰ ਯਕੀਨ ਸੀ ਕਿ ਲੋਕਾਂ ਦੀਆਂ ਮੁਸੀਬਤਾਂ ਦੀ ਜੜ੍ਹ ਅਗਿਆਨਤਾ ਹੈ। ਇਨ੍ਹਾਂ ਨੂੰ ਗੁੰਮਰਾਹ ਕਰਕੇ ਲਤਾੜਿਆ ਜਾ ਰਿਹਾ ਹੈ। ਗੁਰੂ ਜੀ ਦਾ ਫ਼ੁਰਮਾਨ ਹੈ-

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥ (791)।

ਇਸ ਕਰਕੇ ਉਨ੍ਹਾਂ ਨੇ ਆਮ ਲੋਕਾਂ ਲਈ ਗਿਆਨ ਦੇ ਬੂਹੇ ਖੋਲ੍ਹੇ। ਆਪਣੀ ਬਾਣੀ ਲੋਕਾਂ ਦੀ ਭਾਸ਼ਾ ਵਿਚ ਉਚਾਰੀ। ਹਰ ਥਾਂ ਨੀਵੇਂ ਸਮਝੇ ਜਾਂਦੇ ਲੋਕਾਂ ਦੇ ਘਰਾਂ ਵਿਚ ਨਿਵਾਸ ਕੀਤਾ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਇਆ। ਜਿਥੇ ਉਨ੍ਹਾਂ ਜ਼ਾਲਮਾਂ ਨੂੰ ਫਿਟਕਾਰਿਆ, ਉਥੇ ਦਲੀਲ ਦੇ ਅਧਾਰ ਉੱਤੇ ਲੋਕਾਂ ਨੂੰ ਸੱਚ ਦੀ ਸੋਝੀ ਕਰਵਾਈ।

ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਤੁਸੀਂ ਨਿਤਾਣੇ ਕਿਵੇਂ ਹੋ ਸਕਦੇ ਹੋ, ਤੁਹਾਡੇ ਤਾਣ ਨਾਲ ਤਾਂ ਸਾਰਾ ਕਾਰੋਬਾਰ ਚਲਦਾ ਹੈ। ਤੁਹਾਡੀ ਮਿਹਨਤ ਉੱਤੇ ਵਿਹਲੜ ਪਲ ਰਹੇ ਹਨ। ਸੁੱਚੀ ਕਿਰਤ ਕਰਨ ਵਾਲਾ ਹੀ ਵੱਡਾ ਹੋ ਸਕਦਾ ਹੈ।

ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਪਹਿਲੇ ਯੁੱਗ ਪੁਰਸ਼ ਹੋਏ ਹਨ, ਜਿਨ੍ਹਾਂ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਆਖਿਆ 'ਰਾਜੇ-ਮਹਾਰਾਜਿਆਂ' ਦੀ ਜਨਨੀ ਕਿਵੇਂ ਬੁਰੀ ਹੋ ਸਕਦੀ ਹੈ। ਜੀਵਨ ਦੇ ਹਰ ਮੋੜ ਉੱਤੇ ਮਰਦ ਦਾ ਸਾਥ ਦੇਣ ਵਾਲੀ ਪੈਰ ਦੀ ਜੁੱਤੀ ਨਹੀਂ ਹੋ ਸਕਦੀ, ਉਹ ਤਾਂ ਸਿਰ ਦਾ ਤਾਜ, ਸਮਾਜ ਦਾ ਮਾਣ ਅਤੇ ਸ਼ਿੰਗਾਰ ਹੈ-

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (473)।

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ ਵਿਚੋਂ ਕੱਢ ਕੇ ਇਕ ਰੱਬ ਉੱਤੇ ਯਕੀਨ ਕਰਨਾ ਸਿਖਾਇਆ। ਉਨ੍ਹਾਂ ਦੱਸਿਆ ਕਿ ਜਨਮ ਤੋਂ ਕੋਈ ਚੰਗਾ-ਬੁਰਾ ਨਹੀਂ ਹੁੰਦਾ। ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਬੁਰੇ ਨੀਚ ਜਾਤੀਆਂ ਵਾਲੇ ਨਹੀਂ ਹਨ, ਸਗੋਂ ਨੀਚ ਉਹ ਹਨ ਜਿਹੜੇ ਨਿਮਾਣਿਆਂ ਉੱਤੇ ਜ਼ੁਲਮ ਕਰਦੇ ਹਨ ਅਤੇ ਉਨ੍ਹਾਂ ਦੇ ਹੱਕ ਮਾਰਦੇ ਹਨ। ਉਨ੍ਹਾਂ ਲੋਕਾਂ ਦੇ ਮਨਾਂ ਵਿਚੋਂ ਤਾਕਤ ਦੇ ਭੈ ਨੂੰ ਦੂਰ ਕਰਕੇ ਸੱਚ ਅਤੇ ਹੱਕ ਦੀ ਰਾਖੀ ਲਈ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਸੰਸਾਰ ਨੂੰ ਲੋਕ ਰਾਜ ਅਤੇ ਸਮਾਜਵਾਦ ਦੇ ਫਲਸਫੇ ਦੀ ਬਖਸ਼ਿਸ਼ ਕੀਤੀ। ਲੋਕਾਂ ਨੇ ਆਪਣੇ ਹੱਕਾਂ ਲਈ ਲੜਾਈ ਸ਼ੁਰੂ ਕੀਤੀ, ਜਿਸ ਸਦਕਾ ਅੱਜ ਸਾਰੇ ਸੰਸਾਰ ਵਿਚ ਲੋਕਰਾਜ ਦਾ ਬੋਲਬਾਲਾ ਹੈ।

ਗੁਰੂ ਜੀ ਨੇ ਮਰਦਾਨੇ ਦੀ ਰਬਾਬ ਦੀਆਂ ਧੁਨਾਂ ਉੱਤੇ ਬਾਣੀ ਦਾ ਗਾਇਨ ਕਰ ਕੇ ਲੋਕਾਂ ਦੀ ਸੁੱਤੀ ਜ਼ਮੀਰ ਨੂੰ ਜਗਾਇਆ। ਉਨ੍ਹਾਂ ਨੇ ਤਰਕ ਅਤੇ ਦਲੀਲਾਂ ਨਾਲ ਕੁਰਹਿਤਾਂ ਦਾ ਖੰਡਨ ਕੀਤਾ ਤੇ ਬਿਨਾਂ ਵਾਦ-ਵਿਵਾਦ ਦੇ ਵਿਚਾਰ ਰਾਹੀਂ ਸਾਰਿਆਂ ਨੂੰ ਸੱਚ ਦਾ ਰਾਹ ਵਿਖਾਇਆ। ਉਨ੍ਹਾਂ ਚਾਰ ਉਦਾਸੀਆਂ ਰਾਹੀਂ ਪੈਦਲ ਯਾਤਰਾ ਕਰ ਕੇ ਸਾਰੇ ਏਸ਼ੀਆ ਦਾ ਭ੍ਰਮਣ ਕੀਤਾ। ਗੁਰੂ ਨਾਨਕ ਸਾਹਿਬ ਨੇ ਸੰਸਾਰ ਨੂੰ ਇਕ ਅਜਿਹੀ ਜੀਵਨ ਜਾਚ ਦੀ ਬਖ਼ਸ਼ਿਸ਼ ਕੀਤੀ ਜਿਹੜੀ ਸੱਚ, ਮਿਹਨਤ, ਨਿਮਰਤਾ ਅਤੇ ਪਿਆਰ ਉੱਤੇ ਆਧਾਰਿਤ ਸੀ। ਉਨ੍ਹਾਂ ਕਰਮਕਾਂਡਾਂ ਦਾ ਖੰਡਨ ਕੀਤਾ ਤੇ ਸ਼ੁਭ ਕਰਮਾਂ ਉੱਤੇ ਜ਼ੋਰ ਦਿੱਤਾ। ਇਹ ਆਖਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਸਭ ਤੋਂ ਪਹਿਲੇ ਅਤੇ ਨਿਵੇਕਲੇ ਚਿੰਤਕ ਹੋਏ ਹਨ, ਜਿਨ੍ਹਾਂ ਨੇ ਆਪਣੇ ਫ਼ਲਸਫ਼ੇ ਦਾ ਨਿਰਾ ਪ੍ਰਚਾਰ ਹੀ ਨਹੀਂ ਕੀਤਾ, ਸਗੋਂ ਆਪ ਉਸ ਅਨੁਸਾਰ ਆਪਣਾ ਜੀਵਨ ਵੀ ਜੀਵਿਆ। ਆਪ ਜੀ ਨੇ 17 ਰਾਗਾਂ ਵਿਚ 974 ਸ਼ਬਦਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਆਪ ਜੀ ਦੀ ਬਾਣੀ ਜਪੁ ਜੀ ਨਾਲ ਹੁੰਦੀ ਹੈ। ਇਸ ਬਾਣੀ ਰਾਹੀਂ ਗੁਰੂ ਸਾਹਿਬ ਨੇ ਜਿਥੇ ਸੰਸਾਰਿਕ ਸਚਾਈਆਂ ਦਾ ਵਖਿਆਨ ਕੀਤਾ ਹੈ, ਉਥੇ ਇਕ ਵਿਸ਼ਵ ਸੱਭਿਆਚਾਰ ਦੀ ਵੀ ਸਿਰਜਣਾ ਕੀਤੀ ਹੈ।

ਗੁਰੂ ਜੀ ਨੇ ਪਿਛਲੀ ਉਮਰੇ ਕਰਤਾਰਪੁਰ ਨਗਰ ਵਸਾਇਆ। ਇਥੇ ਉਨ੍ਹਾਂ ਆਪਣੇ ਹੱਥੀਂ ਖੇਤੀ ਕੀਤੀ। ਇਹ ਸਚਮੁੱਚ ਹੀ ਕਰਤਾਰ ਦਾ ਘਰ ਸੀ। ਇਥੇ ਹਮੇਸ਼ਾ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੁੰਦਾ ਸੀ। ਗੁਰੂ ਜੀ ਦਾ ਕੇਂਦਰ ਅਜਿਹੀ ਥਾਂ ਬਣ ਗਿਆ, ਜਿਥੇ ਸੰਗਤਾਂ ਆਪਣੇ ਅੰਦਰਲੀ ਮੈਲ ਧੋ ਕੇ ਗੁਰੂ ਜੀ ਦੇ ਦਰਸਾਏ ਜੀਵਨ ਮਾਰਗ ਉੱਤੇ ਆਪਣੀ ਯਾਤਰਾ ਸ਼ੁਰੂ ਕਰ ਦਿੰਦੀਆਂ ਸਨ। ਇਜ ਉਨ੍ਹਾਂ ਨੇ ਕਿਰਤ ਦੇ ਸਤਿਕਾਰ ਵਾਲੇ ਆਪਣੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਇਸੇ ਸਾਦਗੀ, ਨਿਮਰਤਾ, ਸੁਕਿਰਤ ਤੇ ਪ੍ਰੇਮ ਦਾ ਪਾਠ ਗੁਰੂ ਜੀ ਨੇ ਲੋਕਾਈ ਨੂੰ ਪੜ੍ਹਾਇਆ। ਇਥੇ ਹੀ ਗੁਰੂ ਜੀ ਨੇ ਸੰਗਤ ਤੇ ਪੰਗਤ ਦੀ ਰੀਤ ਸ਼ੁਰੂ ਕੀਤੀ। ਸਾਰੀ ਸੰਗਤ ਨੂੰ ਇਕੋ ਪੰਗਤ ਵਿਚ ਬੈਠ ਇਕੋ ਹੀ ਭੋਜਨ ਛਕਣਾ ਪੈਂਦਾ ਸੀ। ਇਜ ਗੁਰੂ ਜੀ ਨੇ ਸਮਾਜ ਵਿਚ ਜਾਤ-ਪਾਤ, ਰੁਤਬੇ ਅਤੇ ਅਮੀਰੀ ਕਾਰਨ ਜਿਹੜੀਆਂ ਵੰਡੀਆਂ ਪਈਆਂ ਸਨ, ਉਹ ਮੇਟ ਦਿੱਤੀਆਂ। ਗੁਰੂ ਜੀ ਨੇ ਸੰਸਾਰ ਨੂੰ ਇਕ ਨਵੇਂ ਰਾਜ ਪ੍ਰਬੰਧ ਜਿਸ ਨੂੰ ਲੋਕ ਰਾਜ ਤੇ ਸਮਾਜਵਾਦ ਆਖਿਆ ਗਿਆ, ਦੀ ਸੋਝੀ ਕਰਵਾਈ। ਉਨ੍ਹਾਂ ਕੇਵਲ ਆਪਣੀ ਸੋਚ ਨੂੰ ਵਿਚਾਰਾਂ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਉਸ ਨੂੰ ਅਮਲੀ ਰੂਪ ਦਿੱਤਾ। ਗੁਰੂ ਜੀ ਕਰਤਾਰਪੁਰ ਵਿਖੇ ਹੀ 7 ਸਤੰਬਰ, 1539 ਨੂੰ ਜੋਤੀ ਜੋਤ ਸਮਾ ਗਏ। ਉਨ੍ਹਾਂ ਗੁਰਗੱਦੀ ਆਪਣੇ ਪੁੱਤਰਾਂ ਦੀ ਥਾਂ ਆਪਣੇ ਇਕ ਸੱਚੇ ਭਗਤ ਨੂੰ ਬਖ਼ਸ਼ੀ, ਜਿਹੜਾ ਆਪ ਜੀ ਦੀ ਸੰਗਤ ਵਿਚ ਰਹਿ ਕੇ ਲਹਿਣਾ ਤੋਂ ਅੰਗਦ ਬਣ ਗਿਆ ਸੀ।

ਉਸ ਸਮੇਂ ਭਾਰਤ ਵਿਚ ਨੀਵੀਆਂ ਜਾਤਾਂ ਦੇ ਹੱਕ ਵਿਚ ਖਲੋਣਾ ਅਤੇ ਵੱਡਿਆਂ ਨੂੰ ਲਲਕਾਰਨਾ ਕਿ ਕੇਵਲ ਉਹ ਹੀ ਵੱਡੇ ਹਨ, ਜਿਨ੍ਹਾਂ ਉੱਤੇ ਰੱਬ ਦੀ ਮਿਹਰ ਹੈ, ਵਾਸਤਵਿਕ ਤੌਰ 'ਤੇ ਇਕ ਅਤਿ ਗਰਮ ਅਤੇ ਇਨਕਲਾਬੀ ਕਦਮ ਸੀ। ਗੁਰੂ ਜੀ ਨੇ ਕਿਰਤੀ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦਾ ਅਨੰਦ ਮਾਣਿਆ ਤੇ ਮਲਕ ਭਾਗੋ ਦੇ ਛੱਤੀ ਪਦਾਰਥਾਂ ਨੂੰ ਇਹ ਆਖ ਕੇ ਠੁਕਰਾਇਆ ਕਿ ਇਸ ਵਿਚ ਕਿਰਤੀਆਂ ਦਾ ਖ਼ੂਨ ਰਚਿਆ ਹੋਇਆ ਹੈ। ਨੀਚ ਸਮਝੇ ਜਾਂਦੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਉਹ ਵੀ ਇਨਸਾਨ ਹਨ। ਇਸ ਕਰਕੇ ਗੁਰੂ ਜੀ ਦੇ ਸਿੱਖਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਇਹ ਪਹਿਲੀ ਵਾਰ ਸੀ ਜਦੋਂ ਕਿਸੇ ਪੈਗ਼ੰਬਰ ਦੇ ਆਪਣੇ ਜੀਵਨ ਕਾਲ ਵਿਚ ਇੰਨੀ ਵੱਡੀ ਗਿਣਤੀ ਵਿਚ ਪੈਰੋਕਾਰ ਬਣੇ ਹੋਣ।

ਸਮਾਜ ਵਿਚੋਂ ਉਚ-ਨੀਚ ਨੂੰ ਦੂਰ ਕਰਨ ਅਤੇ ਮਨੁੱਖੀ ਬਰਾਬਰੀ ਸਥਾਪਿਤ ਕਰਨ ਵਿਚ ਦੋ ਸਦੀਆਂ ਤੋਂ ਵੀ ਵੱਧ ਸਮਾਂ ਲੱਗਿਆ, ਕਿਉਂਕਿ ਮੁੱਢਕਦੀਮ ਤੋਂ ਪਈਆਂ ਵੰਡੀਆਂ ਨੂੰ ਮੇਟਣਾ ਸੌਖਾ ਨਹੀਂ ਸੀ। ਗੁਰੂ ਜੀ ਮੰਨਦੇ ਸਨ ਕਿ ਲਿਤਾੜੇ ਜਾ ਰਹੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਸੋਝੀ ਕਰਵਾਉਣ ਲਈ ਗਿਆਨ ਦੀ ਲੋੜ ਹੈ। ਹੁਣ ਤੱਕ ਨੀਵੀਆਂ ਜਾਤਾਂ ਲਈ ਗਿਆਨ ਦੇ ਦਰਵਾਜ਼ੇ ਬੰਦ ਸਨ।

ਇਸ ਵਾਰ ਅਸੀਂ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਬਹੁਤ ਹੀ ਸ਼ਾਨ ਨਾਲ ਮਨਾ ਰਹੇ ਹਾਂ। ਇਹ ਪ੍ਰਕਾਸ਼ ਪੁਰਬ ਸਮਾਗਮ ਉਦੋਂ ਹੀ ਸਾਰਥਿਕ ਹੋਣਗੇ ਜਦੋਂ ਅਸੀਂ ਸਮਾਜ ਵਿਚਲੇ ਵਿਤਕਰਿਆਂ ਨੂੰ ਮੇਟ ਕੇ ਉਨ੍ਹਾਂ ਨੂੰ ਬਰਾਬਰੀ ਬਖ਼ਸ਼ਾਂਗੇ ਅਤੇ ਉਨ੍ਹਾਂ ਨੂੰ ਚੰਗਾ ਜੀਵਨ ਜਿਉਣ ਵਿਚ ਪੂਰੀ ਸਹਾਇਤਾ ਕਰਾਂਗੇ।

## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

**ਡਾ. ਹਰਸ਼ਿੰਦਰ ਕੌਰ, ਐਮ. ਡੀ.**, ਫ਼ੋਨ ਨੰ: 0175-2216783

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਜੇ ਮਨੁੱਖ ਸਿਰਫ਼ ਰੁੱਖੇ ਹੀ ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਤੇ ਅਜਿਹਾ ਮਨੁੱਖ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਅਜਿਹਾ ਮਨੁੱਖ ਯਾਦ ਵੀ ਰੁੱਖੇ ਬਚਨਾਂ ਨਾਲ ਹੀ ਕੀਤਾ ਜਾਂਦਾ ਹੈ। ਦਰਗਾਹ ਤੋਂ ਤਾਂ ਰੱਦ ਹੋ ਹੀ ਜਾਂਦਾ ਹੈ ਪਰ ਇਸ ਤਰ੍ਹਾਂ ਦੇ ਮਨੁੱਖ ਦੇ ਮੂੰਹ ਉੱਤੇ ਵੀ ਥੁੱਕਾਂ ਤੇ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ ਕਿਉਂਕਿ ਉਸ ਦੀ ਸਦਾ ਹੀ ਬੇਇੱਜ਼ਤੀ ਹੁੰਦੀ ਹੈ ਤੇ ਜੁੱਤੀਆਂ ਦੀ ਮਾਰ ਪੈਂਦੀ ਹੈ। ਓਹੀਓ ਸਟੇਟ ਯੂਨੀਵਰਸਿਟੀ ਵਿਚ ਜੌਨ ਕੇਸੀਓਪੋ ਨੇ ਖੋਜ ਰਾਹੀਂ ਇਹ ਤੱਥ ਲੱਭੇ ਕਿ ਇਨਸਾਨੀ ਮਨ ਮਾੜਾ ਸੁਣ ਕੇ ਵੱਧ ਖਿਚਿਆ ਜਾਂਦਾ ਹੈ। ਇਸੇ ਲਈ ਜਿਹੜੇ ਸਿਆਸਤਦਾਨ ਦੂਜੇ ਨੂੰ ਭੰਡਦੇ ਹੋਣ, ਉਹ ਵੱਧ ਮਕਬੂਲ ਹੁੰਦੇ ਹਨ ਪਰ ਜਿਹੜੇ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦੇ ਹੋਣ, ਉਹ ਬਹੁਤਾ ਧਿਆਨ ਨਹੀਂ ਖਿੱਚਦੇ। ਕਿਸੇ ਬਾਰੇ ਮਾੜਾ ਸੁਣ ਕੇ, ਬੁਰੀ ਖ਼ਬਰ ਪੜ੍ਹ ਕੇ ਜਾਂ ਮਾੜੀ ਘਟਨਾ ਵੇਖ ਕੇ ਦਿਮਾਗ਼ ਦੀ ਬਿਜਲਈ ਹਰਕਤ ਵਿਚ ਤੂਫ਼ਾਨ ਆ ਜਾਂਦਾ ਹੈ। ਅਜਿਹਾ ਚੰਗੀ ਖ਼ਬਰ ਪੜ੍ਹ ਕੇ ਨਹੀਂ ਹੁੰਦਾ। ਪੱਥਰ ਯੁੱਗ ਸਮੇਂ ਤੋਂ ਹੀ ਖ਼ਤਰਾ ਭਾਂਪ ਕੇ ਨਵੀਂ ਚੀਜ਼ ਈਜਾਦ ਕੀਤੀ ਜਾਂਦੀ ਰਹੀ ਹੈ। ਸਭ ਕੁੱਝ ਚੰਗਾ ਵੇਖ ਸੋਚ ਕੇ ਹੌਲੀ-ਹੌਲੀ ਮਨ ਢਿੱਲਾ ਪੈ ਜਾਂਦਾ ਹੈ। ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ।

ਇਹ ਹੀ ਸਭ ਤੋਂ ਗੁੰਝਲਦਾਰ ਨੁਕਤਾ ਹੈ ਕਿ ਕਿਸ ਗੱਲ ਉੱਤੇ ਰਿਸ਼ਤੇ ਵਿਚ ਫਿੱਕ ਪੈਣ ਤੋਂ ਰੋਕਣ ਦੀ ਲੋੜ ਹੁੰਦੀ ਹੈ। ਮਨੋਵਿਗਿਆਨੀਆਂ ਅਨੁਸਾਰ ਇਹ 5:1 ਅਨੁਪਾਤ ਨਾਲ ਠੀਕ ਰਹਿੰਦਾ ਹੈ। ਯਾਨੀ 5 ਚੰਗੀਆਂ ਸਾਂਝ ਵਾਲੀਆਂ ਗੱਲਾਂ ਤੇ ਇੱਕ ਅਣਬਣ, ਵਿਅੰਗ ਜਾਂ ਝਗੜੇ ਵਾਲੀ। ਜੇ ਇਹ ਅਨੁਪਾਤ 2:3 ਹੋ ਜਾਏ ਤੇ ਅਣਬਣ ਤਿੰਨ ਤੱਕ ਪਹੁੰਚ ਜਾਏ ਤਾਂ ਰਿਸ਼ਤੇ ਦਾ ਅਗਾਂਹ ਤੁਰਨਾ ਨਾਮੁਮਕਿਨ ਹੋ ਜਾਂਦਾ ਹੈ। ਲੰਬੇ ਸਮੇਂ ਤਕ ਨਿਭਣ ਵਾਲੀਆਂ ਦੋਸਤੀਆਂ ਵਿਚ ਵੀ ਇਹੀ ਕੁੱਝ ਸਹੀ ਸਾਬਤ ਹੋਇਆ ਹੈ। ਜੇ ਦੋਸਤਾਂ ਵਿਚ ਉੱਕਾ ਹੀ ਅਣਬਣ ਨਾ ਹੋਵੇ ਤਾਂ ਰਿਸ਼ਤਾ ਨਿੱਘਾ ਹੁੰਦਾ ਹੀ ਨਹੀਂ ਕਿਉਂਕਿ ਹਰ ਜਣਾ ਗਲ ਦਿਲ ਵਿਚ ਹੀ ਲੁਕਾਉਂਦਾ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦਾ ਰਹਿੰਦਾ ਹੈ ਜੋ ਰਿਸ਼ਤੇ ਵਿਚਲੀ ਖਿੱਚ ਖ਼ਤਮ ਕਰ ਦਿੰਦਾ ਹੈ। ਜੇ ਅਨੁਪਾਤ ਵਿਗੜ ਰਿਹਾ ਹੋਵੇ ਤਾਂ ਰਿਸ਼ਤਾ ਟਿਕਾਊ ਕਰਨ ਲਈ ਸਾਰਥਕ ਕਦਮ ਪੁੱਟਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਆਪਣੇ ਮਨ ਅੰਦਰ ਭਰੀ ਕੌੜ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਣ ਤੇ ਦੋਸਤ ਨੂੰ (ਬਾਕੀ ਸਫ਼ਾ 32 'ਤੇ)




# ਪਾਠਕਾਂ ਦਾ ਨਜ਼ਰੀਆ

## ਅਜੋਕੀ ਖਾਲਸਈ ਸਿਆਸਤ ਦਾ ਨਾਇਕ

ਸ੍ਰ ਜਗਮੀਤ ਸਿੰਘ ਬਾਰੇ ਟਾਇਮਸ ਆਫ ਇੰਡੀਆ ਵਿਚ ਛਪੀ ਇੱਕ ਖਬਰ ਦੇ ਕੁਝ ਰੀਵਿਊ ਪੜ੍ਹਦਿਆਂ ਨਜਰ ਇੱਕ ਦਿਲਚਸਪ ਕੁਮੈਂਟ ਤੇ ਆ ਕੇ ਰੁਕ ਜਿਹੀ ਗਈ ..

ਕੁਮੈਂਟ ਕੁਝ ਏਦਾਂ ਸੀ ਕੇ "ਇਸ ਖਾਲਿਸਤਾਨੀ ਅੱਤਵਾਦੀ ਨੂੰ ਬਣ ਲੈਣ ਦਿਓ ਕਨੇਡਾ ਦਾ ਪ੍ਰਧਾਨ ਮੰਤਰੀ..ਇਸਨੂੰ ਦਿੱਲੀ ਦੇ ਹਵਾਈ ਅੱਡੇ ਤੋਂ ਹੀ ਵਾਪਿਸ ਮੋੜਾਂਗੇ "

ਦੂਜੀ ਟਿੱਪਣੀ ਸੀ "ਕੇ ਕੀ ਹੋ ਗਿਆ ਗੋਰਿਆਂ ਨੂੰ ? ਓਹਨਾ ਨੂੰ ਕੋਈ ਹੋਰ ਨੀ ਲੱਭਿਆ ਇਸ ਮਹੱਤਵਪੂਰਨ ਅਹੁਦੇ ਤੇ ਪੁਜੀਸ਼ਨ ਲਈ ?"

ਕੁਝ ਚਿਰ ਸੋਚ ਵਿਚਾਰ ਕਰਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਿਆ ਕੇ ਕਿਓਂ ਨਾ ਇਸ ਖਤਰਨਾਕ ਅੱਤਵਾਦੀ ਦੀਆਂ ਦਹਿਸ਼ਤਪਸੰਦ ਕਾਰਵਾਈਆਂ ਤੇ ਥੋੜੀ ਬਹੁਤ ਖੋਜ ਕੀਤੀ ਜਾਵੇ।

ਸੰਤਾਲੀ ਤੋਂ ਪਹਿਲਾਂ ਅੰਗਰੇਜ਼ੀ ਹੁਕੂਮਤ ਖਿਲਾਫ ਲੜਨ ਵਾਲੇ ਮਹਾਨ ਘੁਲਾਟੀਏ ਸ੍ਰ ਸੇਵਾ ਸਿੰਘ ਠੀਕਰੀਵਾਲ ਦੇ ਵੇਹੜੇ ਵਿਚ 1979 ਨੂੰ ਜੰਮਿਆ ਪੜਪੋਤ੍ਰਾ ਜਗਮੀਤ ਸਿੰਘ ਦੱਸਦਾ ਹੈ ਕੇ ਨਿੱਕੇ ਹੁੰਦਿਆਂ ਕਨੇਡਾ ਦੇ ਸਕੂਲ ਵਿਚ ਵੱਖਰੀ ਦਿੱਖ ਪਹਿਰਾਵੇ ਅਤੇ ਰੰਗ ਰੂਪ ਕਾਰਨ ਹੁੰਦੀਆਂ ਨਸਲੀ ਟਿੱਪਣੀਆਂ ਪਿਛੋਂ ਹੁੰਦੀ ਬਹਿਸ ਅਕਸਰ ਹੀ ਹੱਥੋਂ-ਪਾਈ ਤੱਕ ਜਾ ਅੱਪੜਦੀ !

ਫੇਰ ਅਕਸਰ ਹੀ ਵੱਡੇ ਗਰੁੱਪਾਂ ਵੱਲੋਂ ਉਸ ਨੂੰ ਬਹੁਤ ਬੁਰੀ ਤਰ੍ਹਾਂ ਕੁਟਿਆ ਮਾਰਿਆ ਤੇ ਜਲੀਲ ਕੀਤਾ ਜਾਂਦਾ ਸੀ !

ਪਰ ਇਸ ਗੁਰੂ ਦੇ ਸਿੰਘ ਅੰਦਰ ਹਰੇਕ ਧੱਕੇਸ਼ਾਹੀ ਖਿਲਾਫ ਕੁਝ ਕਰ ਗੁਜਰਨ ਦੀ ਭਾਵਨਾ ਵਾਲਾ ਦਸਮ ਪਿਤਾ ਦਾ ਸਿਧਾਂਤ ਹੋਰ ਪਰਪੱਕ ਹੁੰਦਾ ਗਿਆ!

ਸਵੈ-ਰਖਿਆ ਲਈ ਮਾਰਸ਼ਲ ਆਰਟ ਦੀ ਸਖਤ ਟਰੇਨਿੰਗ ਲਈ ਤੇ ਫੇਰ ਪ੍ਰੋਫੈਸ਼ਨਲ ਕੁਸ਼ਤੀ ਸਿੱਖ ਕੇ ਉਨਟਾਰੀਓ ਸਟੇਟ ਦੀ ਇੱਕ ਬਹੁਤ ਹੀ ਮਹੱਤਵਪੂਰਨ ਚੈਂਪੀਅਨਸ਼ਿਪ ਤੇ ਕਬਜਾ ਕੀਤਾ!

ਦੱਸਦੇ ਨੇ ਇੱਕ ਵਾਰ ਜਗਮੀਤ ਸਿੰਘ ਦਾ ਬਾਪ ਬਹੁਤ ਬਿਮਾਰ ਪੈ ਗਿਆ ਅਤੇ ਕੰਮ ਕਰਨ ਤੋਂ ਅਸਮਰਥ ਹੋ ਕੇ ਘਰੇ ਬੈਠ ਗਿਆ !

ਘਰ ਦੀਆਂ ਬਿੱਲ ਬੱਤੀਆਂ ਤੇ ਹੋਰ ਖਰਚੇ ਤੱਕ ਨਾ ਦੇ ਸਕਣ ਤੱਕ ਦੀ ਨੌਬਤ ਆਣ ਪਹੁੰਚੀ ਅਤੇ ਘਰ ਵਿਚ ਖਾਣ ਪੀਣ ਤੱਕ ਦੇ ਵੀ ਲਾਲੇ ਪੈ ਗਏ!

ਪਰ ਗੁਰੂ ਦਾ ਇਹ ਸਿਦਕੀ ਸਿੰਘ ਟੀਨ ਏਜ ਵਿਚ ਹੁੰਦਿਆਂ ਹੋਇਆ ਵੀ ਨੌਕਰੀ ਕਰਨ ਮੈਦਾਨ ਵਿਚ ਆਣ ਡਟਿਆ !

ਛੋਟੇ ਵੀਰ ਅਤੇ ਸਾਰੇ ਟੱਬਰ ਦੀਆਂ ਰੋਟੀਆਂ ਤੱਕ ਪਕਾਈਆਂ ਅਤੇ ਸਾਰੇ ਘਰ ਦੀ ਜ਼ਿੰਮੇਵਾਰੀ ਖੁਦ ਦੇ ਮੋਢਿਆਂ ਤੇ ਚੁੱਕੀ !

ਪਰ ਹਮੇਸ਼ਾਂ ਹੀ ਹਰ ਔਖੀ ਘੜੀ ਵਿਚ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਗੁਰੂ ਦੇ ਸਿਧਾਂਤ ਦਾ ਪੱਲਾ ਫੜੀ ਰਖਿਆ !

ਬਾਇਓਲੋਜਿਕ ਸਾਇੰਸ ਦੀ ਡਿਗਰੀ ਅਤੇ ਫੇਰ ਟਰਾਂਟੋ ਦੀ ਯਾਰਕ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਲੈ ਕੇ ਸਥਾਪਿਤ ਹੋਇਆ ਇਹ ਪੇਸ਼ੇਵਰ ਅਤੇ ਕਾਮਯਾਬ ਵਕੀਲ ਜਗਮੀਤ ਸਿੰਘ ਪੰਜਾਬੀ ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਨੂੰ ਪਾਣੀ ਵਾਂਙ ਬੋਲਣ ਦੀ ਸਮਰਥਾ ਰੱਖਦਾ ਹੈ!

ਗੁਰੂ ਦੇ ਲਾਲ ਨੇ ਆਪਣੇ ਨਾਮ ਨਾਲੋਂ "ਧਾਲੀਵਾਲ" ਗੋਤ ਹਟਾ ਕੇ ਸਿਰਫ ਸਿੰਘ ਇਸ ਲਈ ਲਿਖਣਾ ਸ਼ੁਰੂ ਕਰ ਦਿੱਤਾ ਤਾਂ ਕੇ ਦਸਮ ਪਾਤਸ਼ਾਹ ਦੇ ਬਰਾਬਰਤਾ ,ਇਕਸਾਰਤਾ ਅਤੇ ਸਾਂਝੀਵਾਲਤਾ ਵਾਲੇ ਸਿਧਾਂਤ ਨੂੰ ਕੋਈ ਠੇਸ ਨਾ ਪਹੁੰਚੇ !

ਨੌਮੀਨੇਸ਼ਨ ਦੌਰਾਨ ਇੱਕ ਗੋਰੀ ਵੱਲੋਂ ਮੁਸਲਿਮ ਦਾ ਲੇਬਲ ਲਾ ਕੇ ਸ਼ਰੀਅਤ ਬਾਰੇ ਜਾਣ ਬੁਝ ਕੇ ਪੁੱਛੇ ਗਏ ਸੁਆਲ ਨੂੰ ਜਿਸ ਬਖੂਬੀ ਨਾਲ ਹੈਂਡਲ ਕੀਤਾ.. ਉਸ ਕਲਾ ਨੇ ਇਸ ਨੂੰ ਕਨੇਡੀਅਨ ਸਮਾਜ ਦਾ ਨਾਇਕ ਬਣਾ ਦਿੱਤਾ!

ਸੰਨ ਚੁਰਾਸੀ ਵਿਚ ਦਿੱਲੀ ਵਿਚ ਹੋਈ ਸਮੂਹਕ ਨਸਲਕੁਸ਼ੀ ਦੇ ਦੋਸ਼ੀ ਕੇਂਦਰੀ ਮੰਤਰੀ ਕਮਲ ਨਾਥ ਦੀ ਕਨੇਡਾ ਫੇਰੀ ਦੌਰਾਨ ਉਸ ਦਾ ਡਟ ਕੇ ਵਿਰੋਧ ਕੀਤਾ ਅਤੇ ਕੌਮ ਨਾਲ ਵਾਪਰੀ ਚੁਰਾਸੀ ਵੇਲੇ ਦੀ ਲਹੂ ਭਿੱਜੀ ਕਹਾਣੀ ਲੋਕਲ ਤੇ ਨੈਸ਼ਨਲ ਮੀ ਡੀ ਵਿਚ ਚੰਗੀ ਤਰ੍ਹਾਂ ਉਜਾਗਰ ਕੀਤੀ ! ਸ਼ਾਇਦ ਇਸ ਵਰਤਾਰੇ ਕਰਕੇ ਹੀ ਉਸਨੂੰ ਏਜੰਸੀਆਂ ਹੱਥੋਂ ਬਲੈਕ ਲਿਸਟ ਵੀ ਹੋਣਾ ਪਿਆ!

ਮਗਰੋਂ ਆਪਣੇ ਪੁਰਖਿਆਂ ਦੀ ਧਰਤੀ (India) ਤੇ ਜਾਣ ਲਈ ਦਿੱਤੀ ਗਈ ਵੀਜੇ ਦੀ ਅਰਜੀ ਖਤਰਨਾਕ ਅੱਤਵਾਦੀ ਗਰਦਾਨ ਕੇ ਰੱਦ ਕਰ ਦਿੱਤੀ ਗਈ !

ਜੇ ਚੁਰਾਸੀ ਦੀ ਨਸਲਕੁਸ਼ੀ ਦੇ ਇਨਸਾਫ ਬਾਰੇ ਗੱਲ ਕਰਨੀ ਅਤੇ ਇਸ ਕਤਲ-ਏ-ਆਮ ਦੇ ਖੁੱਲੇਆਮ ਫਿਰਦੇ ਦੋਸ਼ੀਆਂ ਨੂੰ ਨੰਗਾ ਕਰਨਾ ਅੱਤਵਾਦ ਅਤੇ ਦੇਸ਼ ਵਿਰੋਧੀ ਹੋ ਸਕਦਾ ਹੈ ਤਾਂ ਫੇਰ ਇਸ ਹਿਸਾਬ ਨਾਲ ਅਸੀਂ ਤੁਸੀਂ ਮੈਂ ਤੂੰ ਅਤੇ ਹਰੇਕ ਉਹ ਇਨਸਾਨ ਜਿਹੜਾ ਆਪਣੇ ਦਿਲ ਵਿਚ ਚੁਰਾਸੀ ਦਾ ਦਰਦ ਰੱਖਦਾ ਹੋਇਆ ਇਨਸਾਫ ਦੀ ਮੰਗ ਕਰਦਾ ਹੈ ..ਇਸ ਢਾਂਚੇ ਦੀ ਨਜ਼ਰੇ ਅੱਤਵਾਦੀ ਹੈ !

ਸਮਝ ਤੋਂ ਪਰੇ ਹੈ ਕੇ ਕਿਸੇ ਵੇਲੇ ਕਸ਼ਮੀਰੀ ਪੰਡਤਾਂ ਦੀ ਰਾਖੀ ਵਾਸਤੇ ਪਿਤਾ ਨੂੰ ਹਸਦਿਆਂ ਹਸਦਿਆਂ ਸ਼ਹੀਦ ਕਰਵਾਉਣ ਵਾਲੇ ਦਸਮ ਪਿਤਾ ਦੁਆਰਾ ਬਖਸ਼ੇ ਹੋਏ ਇਸ ਸਰੂਪ ਵਿਚ ਵਿਚਰਦਾ ਹਰ ਇਨਸਾਨ ਇਸ ਸਿਸਟਮ ਵੱਲੋਂ ਅੱਤਵਾਦੀ ਅਤੇ ਦਹਿਸ਼ਤਗਰਦ ਕਿਓਂ ਗਰਦਾਨ ਦਿੱਤਾ ਜਾਂਦਾ ਹੈ ?

**-ਹਰਪ੍ਰੀਤ ਸਿੰਘ ਜਵੰਦਾ**

## ਪ੍ਰਚੀਨ ਗਰੰਥਾਂ ਵਿਚ ਬਾਹਮਣਵਾਦੀ ਅੰਸ਼ ਤੇ ਰਲਾ

ਬਹੁਤ ਸਾਰਾ ਸਿਖ ਇਤਿਹਾਸ ਬਹੁਤਾ ਨਿਰਮਲੇ ਡੇਰਿਆਂ ਦੀ ਉਪਜ ਹੈ।ਬਨਾਰਸੀ ਡੇਰਿਆਂ ਦੀ ਵਿਦਿਆ ਕਾਰਣ ਇਤਿਹਾਸ ਸਿਖ ਵਿਧੀ ਅਨੁਸਾਰ ਨਹੀਂ ਸਿਰਜ ਸਕੇ।ਸਭ ਕੁਛ ਅੰਤਮ ਮੰਨ ਲਿਆ ਗਿਆ।ਇਸ ਕਾਰਣ ਸਾਡੇ ਕਹੇ ਜਾਂਦੇ ਪ੍ਰਚੀਨ ਗਰੰਥਾਂ ਵਿਚ ਬਾਹਮਣਵਾਦੀ ਅੰਸ਼ ਤੇ ਰਲਾ ਵਡੀ ਪਧਰ ਉਪਰ ਹੈ।ਇਥੋ ਤਕ ਗੁਰੂ ਸਾਹਿਬਾਨਾਂ ਨੂੰ ਨੀਵਾਂ ਦਿਖਾਇਆ ਹੈ।ਸਿਖ ਸਿਧਾਂਤ ਦੀ ਵਿਆਖਿਆ ਦੀ ਥਾਂ ਪੰਡਤਾਊ ਅੰਸ਼ ਭਾਰੂ ਹਨ।ਜੋ ਘਟਨਾਵਾਂ ਇਤਿਹਾਸ ਦਾ ਅੰਗ ਨਹੀਂ ਸਿਖ ਇਤਿਹਾਸ ਵਿਚ ਘੁਸੇੜਕੇ ਅੰਤਮ ਮੰਨ ਲਿਆ।ਅਗੇ ਖੋਜ ਨਹੀਂ ਚਲਣ ਦਿਤੀ।ਕੁਛ ਵਿਦਵਾਨਾਂ ਨੇ ਨਿਰਮਲਿਆਂ ਦੇ ਰਚੇ ਗਰੰਥ ਰਦ ਕਰਨ ਦੀ ਕੋਸਿਸ਼ ਕੀਤੀ ਹੈ।ਜਦ ਕਿ ਇਹ ਗਲਤ ਦ੍ਰਿਸ਼ਟੀਕੋਣ ਹੈ।ਸਾਨੂੰ ਤਥ ਮੁਗਲ ,ਹਿੰਦੂ ,ਮੁਸਲਮ ਤੇ ਅੰਗਰੇਜ਼ ਇਤਿਹਾਸਕਾਰਾਂ ਦੇ ਮਿਲਦੇ ਹਨ।ਇਸ ਸਮੁਚਤਾ ਵਿਚੋਂ ਸਹੀ ਤਥ ਦਾ ਨਿਰਣਾ ਕਰਕੇ ਸਿਖ ਇਤਿਹਾਸ ਦੀ ਖੋਜ ਅਗੇ ਤੋਰਨੀ ਪਵੇਗੀ। ਡਾਕਟਰ ਗੰਡਾ ਸਿੰਘ ,ਫੌਜਾ ਸਿੰਘ ,ਕਰਮ ਸਿੰਘ ਹਿਸਟੋਰੀਅਨ ਨੇ ਇਸ ਪਖੋਂ ਵਧੀਆ ਕਾਰਜ ਕੀਤਾ ਹੈ।

ਕੌਮਾਂ ਆਪਣੇ ਇਤਿਹਾਸ ਦੇ ਸਿਰ 'ਤੇ ਜਿਉਂਦੀਆਂ ਹਨ ਤੇ ਇਤਿਹਾਸਕਾਰ ਹਮੇਸ਼ਾਂ ਕੌਮਾਂ ਦੇ ਸਿਰ 'ਤੇ ਜਿਉਂਦੇ ਹਨ। ਜਿਨ੍ਹਾਂ ਇਤਿਹਾਸਕਾਰਾਂ ਨੇ ਸੱਚੀ ਲਗਨ, ਦ੍ਰਿੜਤਾ ਤੇ ਖੋਜੀ ਬਿਰਤੀ ਨਾਲ ਇਤਿਹਾਸ ਲਿਖੇ ਉਨ੍ਹਾਂ ਦੇ ਨਾਂ ਹਮੇਸ਼ਾਂ ਕੌਮੀ ਸੋਚ ਵਿਚ ਖੁਣੇ ਜਾਂਦੇ ਹਨ। ਇਤਿਹਾਸਕਾਰ ਬਣਨਾ ਕੋਈ ਸੌਖਾ ਕਾਰਜ ਨਹੀਂ। ਇਤਿਹਾਸ ਲਿਖਣ ਲਈ ਸਮਕਾਲੀਨਤਾ ਨੂੰ ਮੁੜ ਸਿਰਜਣਾ ਪੈਂਦਾ ਹੈ। ਉਹਦੇ ਵਿਚ ਉਹਦੀ ਉਹੋ ਰੂਹ ਫੂਕਣੀ ਪੈਂਦੀ ਹੈ ਜਿਸ ਨਾਲ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਸਕਾਰ ਹੋ ਜਾਣ 'ਤੇ ਪਾਠਕ ਨੂੰ ਲੱਗੇ ਉਹ ਖ਼ੁਦ ਇਸ ਇਤਿਹਾਸ ਦਾ ਗਵਾਹ ਹੈ।ਸਾਡਾ ਦੁਖਾਂਤ ਹੈ ਕਿ ਸਿਖਾਂ ਵਿਚ ਇਤਿਹਾਸ ਪੜਨ ਦੀ ਰੁਚੀ ਨਹੀ ,ਜਿਸ ਕਰਕੇ ਨਵੀਆਂ ਖੋਜਾਂ ਨਹੀਂ ਹੋ ਰਹੀਆਂ।ਸਿਖ ਪਰਕਾਸ਼ਕ ਵਿਹਲੇ ਹੋਕੇ ਹੋਰ ਕਾਰੋਬਾਰ ਵਲ ਜਾ ਰਹੇ ਹਨ। ਇਤਿਹਾਸ ਪੁਸਤਕਾਂ ਛਾਪਣ ਉਪਰ ਖਰਚਾ ਬਹੁਤ ਆਉਂਦਾ ਹੈ।ਇਸ ਪਾਸੇ ਸਿਖ ਸੰਸਥਾਵਾਂ ਤੇ ਗੁਰਦੁਆਰਿਆਂ ਦਾ ਧਿਆਨ ਨਹੀਂ।ਜੇ ਤੁਹਾਡਾ ਇਤਿਹਾਸ ਮਰ ਰਿਹਾ ,ਇਤਿਹਾਸਕਾਰ ਖਤਮ ਹੋ ਰਹੇ ਹਨ ਤੁਹਾਡਾ ਵਾਜੂਦ ਕਿਵੇਂ ਬਚ ਸਕਦਾ ਹੈ।ਤੁਹਾਡੀ ਕੌਮੀਅਤਾਂ ਦੀ ਪਛਾਣ ਕਿਵੇਂ ਬਹਾਲ ਰਹਿ ਸਕਦੀ ਹੈ।

**-ਬਲਵਿੰਦਰ ਪਾਲ ਸਿੰਘ ਪ੍ਰੋ.**

## ਕਾਤਲਾਂ ਦਾ ਪੱਖ ਪੂਰਦਾ ਸਿਸਟਮ

ਸਿੱਖਾਂ ਦੇ ਕਾਤਲ ਪੁਲਸੀਆਂ ਨੂੰ ਪੂਰੀ ਸਜ਼ਾ ਭੁਗਤੇ ਬਗੈਰ ਹੀ ਛੱਡਿਆ ਜਾਣਾ ਹੈ। ਕਈਆਂ ਨੂੰ ਤਾਂ ਅਜੇ ਸਾਲ ਵੀ ਨਹੀ ਪੂਰਾ ਹੋਇਆ ਜੇਲ੍ਹ ਵਿਚ!ਜਿੰਨਾਂ ਮਾਪਿਆਂ ਨੇ ਵੀਹ-ਵੀਹ ਸਾਲ ਕਾਨੂੰਨੀ ਲੜਾਈ ਲੜੀ ਤੇ ਸੰਤਾਪ ਝੱਲਕੇ ਬੇਦੋਸ਼ੇ ਪੁਤਾਂ ਦੇ ਕਾਤਲਾਂ ਨੂੰ ਮਾਫੀਆਂ ਦਿਵਾਈਆਂ,ਉਹ ਕਿਥੇ ਜਾਣ ? ਪੰਜਾਬ ਵਿਚ ਚੋਣਾਂ ਨੇ ਪਰ ਕਿਸੇ ਵੀ ਸਿਆਸੀ ਧਿਰ ਨੇ ਇਸ ਮਸਲੇ ਨੂੰ ਮੁੱਦਾ ਨਹੀ ਬਣਾਉਣਾ! ਅਖੇ ਜੀ ਸਿਸਟਮ ਵਿਚ ਯਕੀਨ ਰੱਖੋ! ਆਹ ਹੈ ਸਿਸਟਮ ? ਪਹਿਲਾਂ ਬੇਦੋਸ਼ੇ ਪੁਤ ਮਾਰ ਦਿਤੇ।ਫੇਰ ਮਾਪਿਆਂ ਨੂੰ ਡਰਾਉਂਦੇ-ਧਮਕਾਉਂਦੇ ਰਹੇ ਕਿ ਅਦਾਲਤ ਵਿਚ ਕੇਸ ਵਾਪਿਸ ਲਵੋ! ਜੇ ਅਦਾਲਤਾਂ ਨੇ ਸਜ਼ਾ ਕਰ ਹੀ ਦਿਤੀ ਤਾਂ ਹੁਣ ਛੇਤੀ-ਛੇਤੀ ਬਾਹਰ ਕੱਢਣ ਲੱਗੇ ਨੇ! ਥੂਹ ਐ ਐਹੋ ਜਿਹੇ ਸਿਸਟਮ ਉਤੇ ਜਿਹੜਾ ਕਾਤਲਾਂ ਦਾ ਪੱਖ ਪੂਰਦਾ!

**-ਸਰਬਜੀਤ ਸਿੰਘ ਘੁਮਾਣ**

## ਬਰਤਾਨੀਆ ਦਾ ਠੇਠ ਪੰਜਾਬੀ ਮੰਤਰੀ

ਗੱਲ 2 ਅਕਤੂਬਰ ਦੀ ਹੈ। ਬਰਤਾਨੀਆ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦਾ ਸਾਲਾਨਾ ਇਜਲਾਸ ਇਸ ਮੁਲਕ ਦੇ ਮੰਨੇ-ਪ੍ਰਮੰਨੇ ਸਨਅਤੀ ਸ਼ਹਿਰ ਮਾਨਚੈਸਟਰ 'ਚ ਆਯੋਜਿਤ ਕੀਤਾ ਗਿਆ ਜਿਸ ਵਿਚ ਪਾਰਟੀ ਦੇ ਸਿਰਕੱਢ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਹਜ਼ਾਰਾਂ ਸਰਗਰਮ ਮੈਂਬਰਾਂ ਨੇ ਆਪਣੇ ਮਹਿਬੂਬ ਆਗੂਆਂ ਦੇ ਵਿਚਾਰ ਸੁਣਨ ਤੇ ਪਾਰਟੀ ਦੀਆਂ ਭਵਿੱਖੀ ਨੀਤੀਆਂ ਨੂੰ ਜਾਣਨ ਵਾਸਤੇ ਹਾਜ਼ਰੀ ਭਰੀ। ਇਸ ਖ਼ਾਸ ਮੌਕੇ 'ਤੇ ਬਰਤਾਨੀਆ ਦੇ ਵਿੱਤ ਮੰਤਰੀ ਸਾਜਿਦ ਜਾਵੇਦ ਵੀ ਉਚੇਚੇ ਤੌਰ 'ਤੇ ਪਹੁੰਚੇ ਸਨ। ਜਾਵੇਦ ਦੇ ਪਹੁੰਚਣ ਦਾ ਖ਼ਾਸ ਕਾਰਨ ਇਹ ਰਿਹਾ ਕਿ ਉਸ ਦੇ ਮਾਪੇ ਪਾਕਿਸਤਾਨ ਤੋਂ ਆ ਕੇ ਸਭ ਤੋਂ ਪਹਿਲਾਂ ਇਸੇ ਸ਼ਹਿਰ ਵਿਚ ਵਸੇ ਸਨ ਅਤੇ ਇਸੇ ਹੀ ਸ਼ਹਿਰ 'ਚ ਸਾਜਿਦ ਜਾਵੇਦ ਪਲਿਆ ਤੇ ਵੱਡਾ ਹੋਇਆ ਸੀ। ਇੱਥੇ ਹੀ ਉਸ ਨੇ ਬਚਪਨ ਗੁਜ਼ਾਰਿਆ ਅਤੇ ਪੜ੍ਹਾਈ ਪੂਰੀ ਕੀਤੀ। ਮਾਪਿਆਂ ਨੇ ਸਾਜਿਦ ਨੂੰ ਇਸ ਤਰ੍ਹਾਂ ਦੇ ਸੰਸਕਾਰ ਦਿੱਤੇ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਤੋਂ ਦੂਜੇ ਨੰਬਰ ਦੇ ਅਹੁਦੇ 'ਤੇ ਅਸਮਾਨ ਦੀ ਬੁਲੰਦੀ ਪਾ ਲੈਣ ਦੇ ਬਾਵਜੂਦ ਜ਼ਮੀਨ ਨਾਲ ਜੁੜਿਆ ਹੋਇਆ ਹੈ। ਅੱਜ ਵੀ ਜਦ ਕਿਧਰੇ ਕੋਈ ਪੰਜਾਬੀ ਉਸ ਦੀ ਨਜ਼ਰੇ ਪੈਂਦਾ ਹੈ ਤਾਂ ਦੂਰੋਂ ਹੀ ਪੰਜਾਬੀ 'ਚ ਆਵਾਜ਼ਾਂ ਮਾਰ ਕੇ ਧਾਅ ਗਲ਼ਵੱਕੜੀ ਪਾਉਂਦਾ ਹੈ। ਬਰਤਾਨੀਆ ਵਰਗੇ ਦੁਨੀਆ ਦੇ ਮੰਨੇ-ਪ੍ਰਮੰਨੇ ਮੁਲਕ ਦਾ ਚਾਂਸਲਰ ਬਣ ਜਾਣ ਦੇ ਬਾਵਜੂਦ ਸਾਜਿਦ ਆਪਣੀ ਮਾਂ-ਬੋਲੀ ਪੰਜਾਬੀ ਨਾਲ ਅੰਤਾਂ ਦਾ ਮੋਹ ਰੱਖਦਾ ਹੈ। ਇਸ ਸਬੰਧੀ ਦੋ ਤਾਜ਼ੀਆਂ ਘਟਨਾਵਾਂ ਦਾ ਜ਼ਿਕਰ ਕਰ ਕੇ ਆਪਣੀ ਉਕਤ ਗੱਲ ਦੀ ਪੁਸ਼ਟੀ ਕਰਾਂਗਾ।

ਪਹਿਲੀ ਘਟਨਾ ਡੇਢ ਕੁ ਮਹੀਨਾ ਪਹਿਲਾਂ ਮੇਰੇ ਇਕ ਦੋਸਤ ਨਾਲ ਵਾਪਰੀ ਜੋ ਲੈਸਟਰ ਨੇੜਲੇ ਇਕ ਹੋਰ ਸ਼ਹਿਰ 'ਚ ਕੰਜ਼ਰਵੇਟਿਵ ਪਾਰਟੀ ਦੀ ਇਕ ਮੀਟਿੰਗ 'ਚ ਹਿੱਸਾ ਲੈਣ ਪੁੱਜਾ ਸੀ ਜਿੱਥੇ ਸਾਜਿਦ ਜਾਵੇਦ ਮੁੱਖ ਮਹਿਮਾਨ ਵਜੋਂ ਹਾਜ਼ਰ ਸੀ। ਸਾਜਿਦ ਨੇ ਜਿਉਂ ਹੀ ਇਕ ਪਗੜੀਧਾਰੀ ਪੰਜਾਬੀ ਨੂੰ ਦੇਖਿਆ ਤਾਂ ਦੌੜ ਕੇ ਇੰਜ ਜੱਫੀ ਪਾ ਲਈ ਜਿਵੇਂ ਕੋਈ ਬਹੁਤ ਹੀ ਪੁਰਾਣੇ ਮਿੱਤਰ ਦਹਾਕਿਆਂ ਬਾਅਦ ਵਿੱਛੜੇ ਹੋਏ ਮਿਲੇ ਹੋਣ। ਫਿਰ ਗੋਰਿਆਂ ਦੀ ਮਹਿਫ਼ਲ 'ਚ ਦੋਵੇਂ ਜਣੇ ਕਾਫ਼ੀ ਦੇਰ ਤਕ ਪੰਜਾਬੀ 'ਚ ਗੱਲਬਾਤ ਕਰਦੇ ਰਹੇ ਅਤੇ ਗੋਰੇ-ਗੋਰੀਆਂ ਭਵੰਤਰੇ ਦੇਖਦੇ ਰਹਿ ਗਏ।

ਦੂਜੀ ਘਟਨਾ ਵਾਪਰੀ 3 ਅਕਤੂਬਰ ਨੂੰ ਮਾਨਚੈਸਟਰ ਵਿਖੇ ਆਯੋਜਿਤ ਹੋਈ ਪਾਰਟੀ ਕਾਨਫਰੰਸ 'ਚ ਉਸ ਵੇਲੇ ਵਾਪਰੀ ਜਦੋਂ ਉਹ ਉਹ ਆਪਣੇ ਸੰਬੋਧਨ ਦੌਰਾਨ ਭਾਵੁਕ ਹੋ ਕੇ ਸਟੇਜ ਤੋਂ ਹੀ ਸਾਹਮਣੇ ਬੈਠੀ ਆਪਣੀ ਮਾਤਾ ਨੂੰ ਪੰਜਾਬੀ 'ਚ ਸੰਬੋਧਨ ਕਰਨ ਲੱਗ ਪਿਆ ਜਿਸ ਨੂੰ ਉੱਥੇ ਬੈਠੇ ਹਜ਼ਾਰਾਂ ਲੋਕਾਂ ਤੇ ਮੀਡੀਏ ਰਾਹੀਂ ਦੁਨੀਆ ਦੇ ਲੱਖਾਂ ਲੋਕਾਂ ਨੇ ਸੁਣਿਆ ਅਤੇ ਬਾਅਦ 'ਚ ਕਾਨਫਰੰਸ ਵਿਚ ਹਾਜ਼ਰ ਸਰੋਤਿਆਂ ਨੂੰ ਅੰਗਰੇਜ਼ੀ 'ਚ ਤਰਜਮਾ ਕਰ ਕੇ ਦੱਸਿਆ ਕਿ ਉਹ ਆਪਣੀ ਮਾਂ ਨਾਲ ਕੀ ਗੱਲ ਕਰ ਰਿਹਾ ਸੀ। ਉਸ ਨੇ ਆਪਣੀ ਮਾਂ ਨਾਲ ਜੋ ਗੱਲ ਕੀਤੀ, ਉਸ ਦਾ ਸਾਰ ਤੱਤ ਇਹ ਨਿਕਲਦਾ ਹੈ ਕਿ ਬੇਸ਼ੱਕ ਉਹ ਅੱਜ ਵੱਡੇ ਮੁਕਾਮ 'ਤੇ ਜਾ ਪੁੱਜਾ ਹੈ ਪਰ ਨਾ ਹੀ ਉਹ ਆਪਣੇ ਮਾਤਾ-ਪਿਤਾ ਦਾ ਦੇਣਾ ਦੇ ਸਕਦਾ ਹੈ ਜਿਨ੍ਹਾਂ ਨੇ ਗ਼ੁਰਬਤ ਹੰਢਾਉਂਦਿਆਂ ਹੋਇਆਂ ਖ਼ੂਨ-ਪਸੀਨਾ ਇਕ ਕਰ ਕੇ ਉਸ ਦੀ ਵਧੀਆ ਪਰਵਰਿਸ਼ ਕੀਤੀ ਅਤੇ ਨਾ ਹੀ ਉਹ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁੱਲ ਸਕਦਾ ਹੈ ਜਿਸ 'ਚੋਂ ਮਾਂ ਦੀ ਮਮਤਾ ਡੁੱਲ੍ਹ-ਡੁੱਲ੍ਹ ਪੈਣ ਦੇ ਨਾਲ ਹੀ ਜੰਮਣ ਭੋਂਇ ਅਤੇ ਵੱਡੇ-ਵਡੇਰਿਆਂ ਦੇ ਪਿਆਰ-ਮੁਹੱਬਤ ਦੀ ਲਬਾ-ਲਬ ਖ਼ੁਸ਼ਬੋ ਆਉਂਦੀ ਹੈ। ਜਿਓਂ ਹੀ ਸਾਜਿਦ ਨੇ ਇਹ ਸ਼ਬਦ ਸਟੇਜ ਤੋਂ ਬੋਲੇ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ ਅਤੇ ਕਾਫ਼ੀ ਦੇਰ ਤਾੜੀਆਂ ਦੀ ਗੜਗੜਾਹਟ ਗੂੰਜਦੀ ਰਹੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸਾਜਿਦ ਜਾਵੇਦ ਇਕ ਪਾਕਿਸਤਾਨੀ ਪੰਜਾਬੀ ਦੁਕਾਨਦਾਰ ਦਾ ਪੁੱਤਰ ਹੈ ਜਿਸ ਨੂੰ ਕੰਜ਼ਰਵੇਟਿਵ ਪਾਰਟੀ ਨੇ ਦੇਸ਼ ਦਾ ਖ਼ਜ਼ਾਨਾ ਮੰਤਰੀ ਬਣਾ ਕੇ ਮੁਲਕ 'ਚ ਵਸਦੀਆਂ ਘੱਟ ਗਿਣਤੀਆਂ ਨੂੰ ਪ੍ਰਤੀਨਿਧਤਾ ਦਿੱਤੀ ਹੈ ਤੇ ਉਨ੍ਹਾਂ ਦਾ ਮਾਣ ਵਧਾਇਆ ਹੈ। ਇਹ ਵੀ ਜ਼ਿਕਰਯੋਗ ਹੈ ਕਿ ਮੈਂਬਰ ਪਾਰਲੀਮੈਂਟ ਤਾਂ ਇੱਥੇ ਕਈ ਪੰਜਾਬੀ ਬਣਦੇ ਰਹੇ ਹਨ ਅਤੇ ਇਸ ਵੇਲੇ ਵੀ ਹਨ ਪਰ ਸਾਜਿਦ ਬਰਤਾਨੀਆ ਦੇ ਇਤਿਹਾਸ 'ਚ ਪਹਿਲਾ ਅਜਿਹਾ ਪੰਜਾਬੀ ਹੈ ਜੋ ਵਿੱਤ ਮੰਤਰੀ ਦੇ ਅਹੁਦੇ 'ਤੇ ਪਹੁੰਚਿਆ ਹੈ। ਸਾਜਿਦ ਦਾ ਮਾਂ ਅਤੇ ਮਾਂ-ਬੋਲੀ ਨਾਲ ਮੋਹ ਦਰਸਾਉਂਦਾ ਹੈ ਕਿ ਉਹ ਕਿੰਨਾ ਸੰਸਕਾਰੀ ਹੈ। ਮਾਨਚੈਸਟਰ ਵਾਲੀ ਘਟਨਾ ਨੇ ਸਮੂਹ ਪੰਜਾਬੀਆਂ ਨੂੰ ਬਹੁਤ ਵੱਡਾ ਸੁਨੇਹਾ ਦਿੱਤਾ ਹੈ ਕਿ ਕੋਈ ਵਿਅਕਤੀ ਬੇਸ਼ੱਕ ਕਿੰਨੀਆਂ ਵੀ ਬੋਲੀਆਂ ਬੋਲ ਸਕਣ ਦੇ ਸਮਰੱਥ ਹੋਵੇ ਜਾਂ ਕਿੱਡੇ ਵੀ ਵੱਡੇ ਰੁਤਬੇ ਨੂੰ ਹਾਸਲ ਕਰ ਲਵੇ ਪਰ ਰੋਣਾ-ਹੱਸਣਾ ਅਤੇ ਦਿਲੀ ਭਾਵਨਾਵਾਂ ਦਾ ਇਜ਼ਹਾਰ ਸਿਰਫ਼ ਤੇ ਸਿਰਫ਼ ਮਾਂ-ਬੋਲੀ 'ਚ ਹੀ ਸੰਭਵ ਹੁੰਦਾ ਹੈ। ਸਮੁੱਚੇ ਵਿਸ਼ਵ ਦੇ ਪੰਜਾਬੀ ਭਾਈਚਾਰੇ ਨੂੰ ਸਾਜਿਦ ਜਾਵੇਦ ਤੋਂ ਸਿੱਖਿਆ ਲੈਂਦੇ ਹੋਏ ਆਪਣੇ ਮਾਤਾ-ਪਿਤਾ, ਮਾਂ-ਬੋਲੀ ਤੇ ਵੱਡਿਆਂ ਦਾ ਮਾਣ-ਸਤਿਕਾਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਸਿੱਖਿਆ ਮਿਲਦੀ ਹੈ ਕਿ ਪਰੰਪਰਾਗਤ ਪਵਿੱਤਰ ਕਦਰਾਂ-ਕੀਮਤਾਂ ਦਾ ਗਹਿਣਾ ਪਹਿਨ ਕੇ ਰੱਖਿਆ ਜਾਵੇ ਤਾਂ ਮਾਣ, ਜਸ ਆਪਣੇ-ਆਪ ਹੀ ਪ੍ਰਾਪਤ ਹੋ ਜਾਂਦਾ ਹੈ। ਸਾਜਿਦ ਜਾਵੇਦ ਇਸ ਵੇਲੇ ਬਰਤਾਨੀਆ ਦਾ ਵੱਡਾ ਮੰਤਰੀ ਹੈ ਤੇ ਸਮੁੱਚੇ ਪੰਜਾਬੀਆਂ ਲਈ ਵੱਡਾ ਰੋਲ ਮਾਡਲ ਹੈ ਜੋ ਆਪਣੀਆਂ ਜੜ੍ਹਾਂ ਨਾਲ ਪੂਰੀ ਤਰ੍ਹਾਂ ਜੁੜ ਕੇ ਤਰੱਕੀ ਦੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ। ਇਕ ਗੱਲ ਹੋਰ, ਜੋ ਲੋਕ ਪੰਜਾਬੀ ਬੋਲੀ ਦੀ ਨਿੰਦਿਆ ਕਰਦੇ ਹਨ, ਹਿੰਦੀ ਨੂੰ ਮਾਸੀ ਕਹਿੰਦੇ ਹੋਏ ਮਾਸੀ ਨਾਲ ਹੇਜ ਜਤਾਉਂਦੇ ਹਨ, ਉਨ੍ਹਾਂ ਲਈ ਸਾਜਿਦ ਜਾਵੇਦ ਰਾਹ-ਦਸੇਰਾ ਸਿੱਧ ਹੋ ਸਕਦਾ ਹੈ। ਹੋ ਸਕਦਾ ਹੈ ਕਿ ਸਾਜਿਦ ਭਵਿੱਖ 'ਚ ਬਰਤਾਨੀਆ ਦਾ ਪ੍ਰਧਾਨ ਮੰਤਰੀ ਬਣ ਜਾਵੇ ਤਾਂ ਤੁਸੀਂ ਸੋਚ ਸਕਦੇ ਹੋ ਕਿ ਇਹ ਪੰਜਾਬੀ ਹੀਰਾ ਆਪਣੀ ਬੋਲੀ ਤੇ ਸੱਭਿਆਚਾਰ ਦੀ ਚਮਕ ਪੂਰੇ ਵਿਸ਼ਵ ਤਕ ਤਨਦੇਹੀ ਨਾਲ ਫੈਲਾਏਗਾ। ਸ਼ਾਲਾ! ਉਹ ਦਿਨ ਜਲਦੀ ਆਵੇ।

**-ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

## ਗੀਤਾਂ ਵਿਚ ਜਾਤੀਵਾਦ ਤੇ ਨਸ਼ਿਆਂ ਦਾ ਬੋਲਬਾਲਾ

ਕਾਮਰੇਡ ਲੈਨਿਨ ਨੇ ਕਿਹਾ ਸੀ ਅਸੀਂ ਕਿਸੇ ਕੌਮ ਦਾ ਭਵਿੱਖ ਉਸ ਦੇ ਮੌਜੂਦਾ ਸਮੇਂ ਦੇ ਗੀਤਾਂ ਤੋਂ ਜਾਣ ਸਕਦੇ ਹਾਂ, ਕਿਉਂਕਿ ਜੋ ਸਾਡੇ ਸਮਾਜ ਵਿਚ ਅੱਜ ਗੀਤਾਂ ਰਾਹੀਂ ਪਰੋਸਿਆ ਜਾ ਰਿਹਾ, ਉਸ ਦਾ ਸਿੱਧਾ ਪ੍ਰਭਾਵ ਆਉਣ ਵਾਲੀ ਪੀੜ੍ਹੀ ਉਪਰ ਪਵੇਗਾ।ਪੰਜਾਬੀ ਗਾਇਕੀ ਅਤੇ ਗੀਤ-ਸੰਗੀਤ ਦੀ ਭਾਵੇਂ ਸਾਰੇ ਵਿਸ਼ਵ 'ਚ ਸਰਦਾਰੀ ਹੈ, ਪਰ ਕੁਝ ਅਖੌਤੀ ਗਾਇਕ ਅਤੇ ਗੀਤਕਾਰ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਖੋਰਾ ਲਾ ਰਹੇ ਹਨ। ਅਜੋਕੀ ਪੰਜਾਬੀ ਗਾਇਕੀ ਤੇ ਗੀਤਕਾਰੀ ਲੱਚਰਤਾ ਦੇ ਪਾਰੀ ਪ੍ਰਭਾਵ ਕਾਰਨ ਲਗਾਤਾਰ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਨੌਜਵਾਨਾਂ ਵਿਚ ਅਸਹਿਣਸ਼ੀਲਤਾ ਅਤੇ ਮਾਰ-ਧਾੜ ਦੀ ਭਾਵਨਾ ਭਰ ਰਹੀ ਹੈ। ਪੰਜਾਬੀ ਗੀਤਾਂ ਵਿਚ ਜਾਤੀਵਾਦ, ਨਸ਼ੇ, ਹਥਿਆਰ, ਵਿਦੇਸ਼ਾਂ ਵੱਲ ਭੱਜਣ ਦਾ ਬੋਲਬਾਲਾ ਹੈ। ਅਜਿਹੇ ਗਾਇਕਾਂ ਨੇ ਸੂਰਬੀਰਾਂ ਅਤੇ ਸਰਦਾਰਾਂ ਦੇ ਪੰਜਾਬ ਨੂੰ ਨਸ਼ੇਖੋਰਾਂ ਅਤੇ ਗੁੰਡਿਆਂ ਦਾ ਪੰਜਾਬ ਬਣਾ ਛੱਡਿਆ ਹੈ। ਅਨੇਕਾਂ ਗੀਤ ਜਿਵੇਂ ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ, ਜਿੱਥੇ ਹੁੰਦੀ ਹੈ ਪਾਬੰਦੀ ਹਥਿਆਰ ਦੀ ਨੀ ਉਥੇ ਜੱਟ ਫ਼ਾਇਰ ਕਰਦਾ, ਪਟਿਆਲਾ ਪੈੱਗ ਲਾ ਛੱਡੀਦਾ, ਯਾਰਾਂ ਨਾਲ ਬਹਿ ਕੇ ਦਾਰੂ ਪੀਣੀ ਐ, ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ, ਹੋਇਆ ਕੀ ਜੇ ਨੱਚਦੀ ਦੀ ਬਾਂਹ ਫ਼ੜ ਲਈ, ਬੰਦੇ ਵੀ ਦੇਸੀ ਪੀਂਦੇ ਵੀ ਦੇਸੀ ਹਾਂ ਆਦਿ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਕੁਰਾਹੇ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ।ਅੱਜ ਕੋਈ ਵੀ ਪੰਜਾਬੀ ਗੀਤ ਦੇਸ਼ ਵਿਚ ਰਹਿ ਕੇ, ਮਿਹਨਤ ਕਰਕੇ ਸਿਵਲ ਸੇਵਾਵਾਂ ਜਾਂ ਦੇਸ਼ ਦੀਆਂ ਹੋਰ ਉੱਚ ਪੱਧਰੀ ਪ੍ਰੀਖਿਆਵਾਂ ਵੱਲ ਨਹੀਂ ਪ੍ਰੇਰਦਾ, ਅੱਜ ਦੇ ਗੀਤ ਸਿਰਫ ਆਈਲੈਟਸ ਬਾਰੇ ਹੀ ਵਧਾ ਚੜ੍ਹਾ ਕੇ ਪੇਸ਼ ਕਰ ਰਹੇ ਹਨ। ਇੱਕ ਪਾਸੇ ਅਸੀਂ ਲੰਬੇ-ਲੰਬੇ ਭਾਸ਼ਣਾਂ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਸਮਾਜ ਨੂੰ ਲੱਚਰ ਗਾਇਕੀ ਤੋਂ ਬਚਾਉਣ ਦੀ ਗੱਲ ਕਰਦੇ ਹਾਂ, ਦੂਜੇ ਪਾਸੇ ਸਾਡੇ ਵਿਆਹ-ਸ਼ਾਦੀਆਂ ਵਿਚ ਆਹੀ ਲੱਚਰ ਗੀਤ ਡੀਜੇ 'ਤੇ ਵੱਜਦੇ ਹਨ। ਇਸ ਤਰ੍ਹਾਂ ਲੱਚਰਤਾ ਗਾਉਣ ਵਾਲਿਆਂ ਦੇ ਨਾਲ-ਨਾਲ ਇਸ ਨੂੰ ਹੱਲਾਸ਼ੇਰੀ ਦੇਣ ਵਾਲੇ ਸਰੋਤੇ, ਇਲੈਕਟ੍ਰਾਨਿਕ ਮੀਡੀਆ ਤੇ ਸੋਸ਼ਲ ਸਾਈਟਸ ਵੀ ਬਰਾਬਰ ਕਸੂਰਵਾਰ ਹਨ। ਸਭ ਨੂੰ ਲੱਚਰ ਗਾਇਕੀ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

**- ਪ੍ਰਿਤਪਾਲ ਸਿੰਘ ਨੱਤ, ਪਿੰਡ ਮੈਹਸ, ਨਾਭਾ**

## ਬਿਨਾ ਕਿਸੇ ਸੋਰ ਸ਼ਰਾਬੇ ਦੇ ਚੱਲ ਰਿਹਾ ਹੈ ਕੈਨੇਡਾ ਦੀਆਂ ਫੈਡਰਲ ਚੋਣਾਂ ਦਾ ਪਰਚਾਰ ਅਮਲ

ਕੈਨੇਡਾ ਦੇ ਸੂਬੇ ਮੈਨੀਟੋਬਾ ਦੀ ਰਾਜਧਾਨੀ ਵਿਨੀਪੈਗ ਵਿਖੇ ਐੱਨਡੀਪੀ ਸੁਪਰੀਮੋ ਜਗਮੀਤ ਸਿੰਘ ਦਾ ਚੋਣ ਪਰਚਾਰ ਦੇਖਣ ਨੂੰ ਮਿਲਿਆ। ਚੁੱਪ ਖਾਮੋਸ਼, ਬਿਨਾ ਕਿਸੇ ਸੋਰ ਸ਼ਰਾਬੇ ਦੇ। ਜਗਮੀਤ ਸਿੰਘ ਨੇ ਆਪਣੀ ਸਾਦਗੀ ਅਤੇ ਹੱਸਮੁੱਖ ਸੁਭਾਅ ਨਾਲ ਵੱਖ ਵੱਖ ਫਿਰਕਿਆਂ ਦੇ ਲੋਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹ ਬਿਨਾਂ ਕਿਸੇ ਉਚੇਚ ਦੇ ਗੋਰਿਆਂ ਅਤੇ ਕਾਲਿਆਂ ਦੇ ਨੰਨ੍ਹੇ ਬੱਚਿਆਂ ਨਾਲ ਲਾਡ ਵੀ ਕਰਦੇ ਰਹੇ। ਪ੍ਰੈੱਸ ਕਾਨਫਰੰਸ ਦੌਰਾਨ ਜਗਮੀਤ ਸਿੰਘ ਨੇ ਕਿਹਾ ਵਾਤਾਵਰਣ ਦੀ ਸ਼ੁੱਧਤਾ ਐੱਨਡੀਪੀ ਪਾਰਟੀ ਦਾ ਮੁੱਖ ਮੁੱਦਾ ਰਹੇਗਾ। ਸਤਾ ਵਿੱਚ ਭਾਗੀਦਾਰ ਬਣਨ 'ਤੇ ਉਹ ਡੀਜ਼ਲ, ਪੈਟਰੋਲ ਦੇ ਵਾਹਨ ਘਟਾ ਕੇ ਇਹਨਾਂ ਨੂੰ ਬਿਜਲੀ ਊਰਜਾ ਨਾਲ ਚਲਾਉਣ ਵਾਲੇ ਪਾਸੇ ਵੱਧ ਧਿਆਨ ਦੇਣਗੇ। ਇਸ ਤੋਂ ਬਿਨਾਂ ਸਿੱਖਿਆ ਅਤੇ ਸਿਹਤ ਸਹੂਲਤਾਂ ਉਹਨਾਂ ਲਈ ਪਰਮੁੱਖ ਹੋਣਗੀਆਂ। ਲੋਕਾਂ ਲਈ ਦੰਦਾਂ ਦਾ ਇਲਾਜ ਮੁਫ਼ਤ ਸ਼ੁਰੂ ਕੀਤਾ ਜਾਵੇਗਾ।

ਜਗਮੀਤ ਸਿੰਘ ਜੋ ਕਿ ਆਪਣੇ ਕਾਫਲੇ ਨਾਲ ਬੱਸ ਰਾਹੀਂ ਟਰਾਂਟੋ ਤੋਂ ਇੱਥੇ ਪਹੁੰਚੇ ਸਨ, ਅਗਲੇ ਸਫਰ ਲਈ ਵੈਨਕੂਵਰ ਰਵਾਨਾ ਹੋ ਗਏ। ਕੈਨੇਡਾ ਦੇ ਪਰਧਾਨ ਮੰਤਰੀ ਪਦ ਦੇ ਦਾਅਵੇਦਾਰ ਬਣ ਰਹੇ (ਕਿਸੇ ਦਿਨ) ਇਸ ਸ਼ਖਸ ਨੇ ਕਿਸੇ ਕਿਸਮ ਦਾ ਕੋਈ ਉਚੇਚ ਜਾਂ ਅਡੰਬਰ ਨਹੀਂ ਕੀਤਾ। ਰਾਜ ਕਰ ਰਹੀ ਲਿਬਰਲ ਪਾਰਟੀ ਦੇ ਪਰਮੁੱਖ ਜਸਟਿਨ ਟਰੂਡੋ ਅਤੇ ਮੁੱਖ ਵਿਰੋਧੀ ਪਾਰਟੀ ਕੰਸਰਵੇਟਿਵ ਦੇ ਆਗੂ ਐਂਡਰਿਊ ਸ਼ੀਅਰ ਵੀ ਇਹਨਾਂ ਗੁਣਾਂ ਦੇ ਹੀ ਧਾਰਨੀ ਹਨ।

21 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਵਾਲੇ ਦਿਨ ਹੀ ਭਾਰਤ ਦੇ ਮਹਾਂਰਾਸ਼ਟਰ ਅਤੇ ਹਰਿਆਣਾ ਸੂਬੇ ਦੇ ਨਾਲ ਕੁਝ ਜਿਮਨੀ ਚੋਣਾਂ ਵੀ ਹੋ ਰਹੀਆਂ ਹਨ। ਭਾਰਤ ਵਿੱਚ ਸ਼ੋਰ ਸ਼ਰਾਬਾ ਸ਼ੁਰੂ ਹੋ ਗਿਆ ਹੈ ਪਰ ਇੱਥੇ ਬਹੁਤ ਹੀ ਸੰਜਮ ਅਤੇ ਸਲੀਕੇ ਨਾਲ ਲੀਡਰ ਲੋਕਾਂ ਨੂੰ ਮਿਲ ਰਹੇ ਹਨ। ਕੋਈ ਵੱਡੀ ਕਾਨਫਰੰਸ ਜਾਂ ਰੈਲੀ ਨਹੀਂ। ਇੱਥੇ ਲੋਕਾਂ ਕੋਲ ਰੈਲੀਆਂ ਵਿੱਚ ਜਾਣ ਲਈ ਵਿਹਲ ਹੈ ਹੀ ਕਿੱਥੇ। ਲੀਡਰ ਕੰਮ ਕਰ ਰਹੇ ਲੋਕਾਂ ਨੂੰ ਮਿਲ ਰਹੇ ਹਨ ਅਤੇ ਬਿਨਾਂ ਕਿਸੇ ਦੇ ਖਿਲਾਫ਼ ਬੋਲੇ ਮੁਸਕਰਾਹਟਾਂ ਵੰਡ ਰਹੇ ਹਨ।

ਕੈਨੇਡਾ ਦੇਸ਼ ਜਿਸਦਾ ਖੇਤਰਫਲ 99.8 ਲੱਖ ਵਰਗ ਕਿਲੋਮੀਟਰ (ਭਾਰਤ ਨਾਲੋਂ ਤਿੰਨ ਗੁਣਾ ਜ਼ਿਆਦਾ) ਹੈ ਅਤੇ ਆਬਾਦੀ ਮਸਾਂ ਪੰਜਾਬ ਤੋਂ ਥੋੜ੍ਹੀ ਵੱਧ (ਪੌਣੇ ਚਾਰ ਕਰੋੜ) ਹੈ, ਵਿਖੇ ਫੈਡਰਲ ਸਰਕਾਰ ਲਈ ਲੋਕ ਸਭਾ ਦੀਆਂ 338 ਸੀਟਾਂ ਹਨ। ਇਹ ਚੋਣਾਂ ਕੈਨੇਡਾ ਦੀ 43ਵੀਂ ਲੋਕ ਸਭਾ ਲਈ ਹਨ। ਕਿਊਬੈਕ ਅਤੇ ਓਂਟੇਰੀਓ ਦੋ ਵੱਡੇ ਸੂਬੇ ਹਨ, ਜੋ ਦੇਸ਼ ਦੀ ਕਿਸਮਤ ਦਾ ਫੈਸਲਾ ਕਰਦੇ ਹਨ ਅਤੇ ਇਹਨਾਂ ਸੂਬਿਆਂ ਵਿੱਚ ਹੁਣ ਤੱਕ ਲਿਬਰਲ ਪਾਰਟੀ ਹੀ ਅੱਗੇ ਰਹੀ ਹੈ। ਕਿਊਬੈਕ ਸੂਬੇ ਵਿੱਚ ਜਿੱਥੇ ਯੂਪੀ ਵਾਂਗ 78 ਸੀਟਾਂ ਹਨ, ਉੱਥੇ ਮੈਨੀਟੋਬਾ ਵਿੱਚ ਪੰਜਾਬ ਵਾਂਗ ਸਿਰਫ 14 ਸੀਟਾਂ ਹੀ ਹਨ। ਭਾਵੇਂ ਕੰਸਰਵੇਟਿਵ ਪਾਰਟੀ ਸਤਾ ਬਦਲੀ ਲਈ ਪਰਮੁੱਖ ਦਾਅਵੇਦਾਰ ਹੈ ਪਰ ਸਿਆਸੀ ਪੰਡਿਤਾਂ ਦਾ ਕਹਿਣਾ ਹੈ ਕਿ ਇਸ ਵਾਰ ਦੋਵੇਂ ਪਾਰਟੀਆਂ ਪੂਰਨ ਬਹੁਮਤ ਤੋਂ ਘੱਟ ਰਹਿ ਸਕਦੀਆਂ ਹਨ। ਇਹ ਪਾਰਟੀਆਂ ਭਾਰਤੀ ਸਿਆਸੀ ਪਾਰਟੀਆਂ ਵਾਂਗ ਨਾ ਪੂਰਾ ਹੋਣ ਵਾਲੇ ਝੂਠੇ ਵਾਅਦਿਆਂ ਦਾ ਪੁਲੰਦਾ ਪੇਸ਼ ਨਹੀਂ ਕਰਦੀਆਂ। ਕੰਸਰਵੇਟਿਵ ਪਾਰਟੀ ਦੇ ਐਂਡਰਿਊ ਸ਼ੀਅਰ ਜਿੱਥੇ ਇਨਕਮ ਟੈਕਸ ਘਟਾਉਣ ਦਾ ਵਾਅਦਾ ਕਰ ਰਹੇ ਹਨ, ਉੱਥੇ ਲਿਬਰਲ ਦੇ ਜਸਟਿਨ ਟਰੂਡੋ ਬਜ਼ੁਰਗਾਂ ਦੀ ਪੈਨਸ਼ਨ ਦਸ ਪ੍ਰਤੀਸ਼ਤ ਵਧਾਉਣ ਦਾ ਵਾਅਦਾ ਕਰ ਰਹੇ ਹਨ।

ਪੂਰਨ ਬਹੁਮਤ ਨਾ ਹੋਣ ਦੀ ਸੂਰਤ ਵਿੱਚ ਐਨਡੀਪੀ (ਨਿਊ ਡੈਮੋਕਰੈਟਿਕ ਪਾਰਟੀ) ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ ਜਿਸਦਾ ਝੁਕਾ ਲਿਬਰਲ ਪਾਰਟੀ ਵੱਲ ਜ਼ਿਆਦਾ ਹੈ। ਨਵੀਂ ਗਰੀਨ ਪਾਰਟੀ ਵੀ ਆਪਣਾ ਸਿਆਸੀ ਸਥਾਨ ਬਣਾ ਰਹੀ ਹੈ ਪਰ ਅਜੇ ਇਹ ਐੱਨਡੀਪੀ ਦੇ ਬਰਾਬਰ ਨਹੀਂ ਆ ਸਕੀ।

ਲਿਬਰਲ ਪਾਰਟੀ ਨੇ ਵਿਦੇਸ਼ੀਆਂ ਲਈ ਇੰਮੀਗਰੇਸ਼ਨ ਦੇ ਦਰਵਾਜ਼ੇ ਖੋਲ੍ਹੇ ਹੋਣ ਕਾਰਨ ਭਾਰਤ ਸਮੇਤ ਏਸ਼ੀਅਨ ਮੁਲਕਾਂ ਦੇ ਲੋਕ ਚਾਹੁੰਦੇ ਹਨ ਕਿ ਜਸਟਿਨ ਟਰੂਡੋ ਇੱਕ ਵਾਰ ਦੁਬਾਰਾ ਫਿਰ ਸਤਾ ਵਿੱਚ ਆਉਣ ਪਰ ਹੋਣਾ ਉਹ ਹੀ ਹੈ ਜੋ 21 ਅਕਤੂਬਰ ਨੂੰ ਕੈਨੇਡਾ ਦੇ ਸਿਟੀਜ਼ਨ ਕਰਨਗੇ।

**- ਅਮਰਜੀਤ ਢਿੱਲੋਂ**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

### ਜੋਤੀ ਜੋਤਿ ਦਿਵਸ 'ਤੇ ਵਿਸ਼ੇਸ਼

# ਗੁਰੂ ਹਰਿਰਾਇ ਸਾਹਿਬ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**, 510-781-0487

ਗੁਰੂ ਹਰਿਰਾਇ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੋਤਰੇ ਨੂੰ ਸਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਦੀ ਸੀ। ਗੁਰੂ ਹਰਿਰਾਇ ਜੀ ਦੇ ਮਨ ਵਿਚ ਗੁਰੂ ਹਰਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਿਕ, ਗੁਰਬਾਣੀ ਵਿਚਾਰ, ਬੀਰਰਸ ਦੇ ਪ੍ਰਭਾਵਾਂ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿਚ ਹੀ ਆਪ ਸੰਤ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਜਾਇਜ਼ ਨਾ ਹੋਵੇ। ਇਸੇ ਭਾਣੇ ਵਿਚ ਆਪ ਨੇ ਭਾਵ ਹੁੰਦਿਆਂ ਹੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1630 ਈ. ਸੀਸ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਆਪ ਜੀ ਦਾ ਵਿਆਹ 1640 ਈ. ਵਿਚ ਮਾਤਾ ਕ੍ਰਿਸ਼ਨਾ ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਤੇ ਹਰਿਕ੍ਰਿਸ਼ਨ (ਗੁਰੂ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸੇ ਆਸ਼ੇ ਵਿਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜ਼ਜਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ ਸਗੋਂ ਇਸ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਕਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਉ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੌਣਾ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿਚ ਰਹਿਣਾ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਦੀ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ ਬਹਿਣੀ ਦਾ ਪ੍ਰਪੰਕ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦ 1646 ਈ. ਵਿਚ ਲਾਹੌਰ ਵਿਚ ਭਿਆਨਕ ਬੀਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ ਬੇਸਹਾਰਿਆਂ ਦੀ ਸੇਵਾ ਕੀਤੀ। ਆਪ ਜੀ ਨੇ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਫੌਜ ਜ਼ਰੂਰੀ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ ਜੋ ਖ਼ਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਕੋਅ ਦੀ ਬੇਨਤੀ ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਬਚ ਨਿਕਲਣ ਵਿਚ ਸਫ਼ਲ ਹੋ ਸਕੇ। ਜਿੱਥੇ ਆਪ ਸੰਗਤ ਨੂੰ ਨਾਮਦਾਨ ਦੇ ਕੇ ਸਫ਼ਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰਾਂ ਵਿਚ ਜੋ ਵੀ ਰਸਦ ਸਮਾਨ ਆਵੇ ਬੜੀ ਸੰਭਾਲ ਨਾਲ ਰੱਖਦਾ ਹੈ। ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਕੋਅ ਸਖਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀਆਂ ਔਸ਼ਧੀਆ ਵਸਤਾਂ ਨਾਲ ਤੰਦਰੁਸਤ ਹੋ ਗਿਆ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ। ਗੁਰੂ ਜੀ ਨਾਲ ਦਾਰਾ ਸ਼ਕੋਅ ਦਾ ਮੇਲ ਮਿਲਾਪ ਵਧਦਾ ਦੇਖ ਕੇ ਔਰੰਗਜੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜ ਦਿੱਤਾ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਆਦੀ ਸੀ। ਉਸ ਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਉਸ ਨੇ ਬਾਣੀ ਦਾ ਹਵਾਲੇ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਜੋ ਦਰਜ਼ ਹੈ ਕਿ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਅੰਗ 466 ॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ। ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਮਿੱਟੀ ਮੁਸਲਮਾਨ ਦੀ ਨਹੀਂ ਮਿੱਟੀ ਬੇਈਮਾਨ ਕੀ ਹੈ, ਬਾਦਸ਼ਾਹ ਨੇ ਉਸ ਦੀ ਇਸ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਰਹਿਰਾਇ ਜੀ ਨੂੰ ਉਸ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਮਨ ਉਸ ਤੋਂ ਉਚਾਟ ਹੋ ਗਿਆ। ਗੁਰੂ ਜੀ ਅਸੂਲਾਂ ਦੇ ਬੜੇ ਪੱਕੇ ਸਨ। ਦ੍ਰਿੜਤਾ ਨਾਲ ਫੈਸਲਾ ਕਰ ਲਿਆ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰ ਕੇਂਦਰ ਖੋਲ੍ਹੇ। ਉਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਜਿਨ੍ਹਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੁੰਦੜ, ਭਾਈ ਪੰਜਾਬ, ਭਾਈ ਭਗਤੂ ਨਿਯਕਤ ਕੀਤੇ।

20 ਅਕਤੂਬਰ, 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਤੇ ਬਿਠਾ ਜੋਤੀ ਜੋਤ ਸਮਾ ਗਏ।

### 20 ਅਕਤੂਬਰ ਨੂੰ ਬਰਸੀ 'ਤੇ ਵਿਸ਼ੇਸ਼

# ਮਹਾਨ ਜਰਨੈਲ ਜੱਸਾ ਸਿੰਘ ਆਹਲੂਵਾਲੀਆ

**ਨਰਿੰਦਰ ਸਿੰਘ ਆਹਲੂਵਾਲੀਆ**

ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਭਾਰਤ-ਪੰਜਾਬ ਦੇ ਇਤਿਹਾਸ ਤੇ ਖਾਸ ਤੌਰ 'ਤੇ ਸਿੱਖ ਇਤਿਹਾਸ ਦੀ 18ਵੀਂ ਸਦੀ ਵਿੱਚ ਖਾਸ ਥਾਂ ਹੈ। ਉਨ੍ਹਾਂ ਦੀ ਅਗਵਾਈ ਹੇਠ ਪੁਰਾਤਨ ਇਤਿਹਾਸ ਮੁਤਾਬਕ ਦਲ ਖਾਲਸੇ ਸਿੱਖ ਪੰਥ ਨੇ ਅਨੇਕਾਂ ਮੁਸੀਬਤਾਂ ਸਹਿ ਕੇ ਉਸ ਸਮੇਂ ਭਾਰਤ-ਪੰਜਾਬ ਨੂੰ ਵਿਦੇਸ਼ੀ ਮੁਗ਼ਲ ਹਕੂਮਤ ਨਾਲ ਟਾਕਰਾ ਕਰਕੇ ਆਜ਼ਾਦ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਉਸ ਸਮੇਂ ਉਹ ਦਲ ਖਾਲਸੇ ਦੇ ਸੁਪਰੀਮ ਕਮਾਂਡਰ ਪ੍ਰਮੁੱਖ ਜਥੇਦਾਰ ਸਨ ਤੇ ਉਨ੍ਹਾਂ ਦੀ ਅਗਵਾਈ ਹੇਠ ਅੰਮ੍ਰਿਤਸਰ-ਸਰਹਿੰਦ-ਲਾਹੌਰ ਤੇ ਦਿੱਲੀ ਫਤਹਿ ਕੀਤੇ ਗਏ ਅਤੇ ਪੰਥ ਵੱਲੋਂ ਉਹ ਭਾਰਤ ਦੇ ਬਾਦਸ਼ਾਹ ਐਲਾਨੇ ਗਏ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ।

ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖਾਂ ਦੀ ਸੁਤੰਤਰਤਾ ਘੋਸ਼ਿਤ ਕੀਤੀ। ਸਿੱਖ ਰਾਜ ਦੀ ਸਥਾਪਨਾ 'ਚ ਉਨ੍ਹਾਂ ਦਾ ਅਹਿਮ ਯੋਗਦਾਨ ਸੀ, ਜੋ ਕਿ ਉਨ੍ਹਾਂ ਨੇ ਬੜੇ ਹੀ ਭਿਆਨਕ ਸਮੇਂ ਵਿੱਚ ਭਾਰਤ-ਪੰਜਾਬ, ਸਿੱਖ ਪੰਥ ਦੀ ਆਨ ਤੇ ਸ਼ਾਨ ਤੇ ਇਸ ਦੇਸ਼ ਕੌਮ ਦੀ ਰੱਖਿਆ ਅਤੇ ਜਬਰ-ਜ਼ੁਲਮ ਵਿਰੁੱਧ ਆਪਣੇ ਸਿੰਘਾਂ ਨਾਲ ਰਲ ਕੇ ਬਿਨਾਂ ਕਿਸੇ ਆਪਣੇ ਲਾਲਚ ਦੇ ਮੁਗ਼ਲਾਂ-ਅਫਗਾਨਾਂ ਨਾਲ ਲੋਹਾ ਲਿਆ। ਇਹ ਸਭ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਵਾਪਰਿਆ।

ਸੰਨ 1761 'ਚ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੀ ਸਿੱਖ ਯੋਧਿਆਂ ਨੇ ਉਸ ਸਮੇਂ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੀਆਂ ਫੌਜਾਂ ਪਾਸੋਂ ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਭਾਰਤ ਦਾ ਲੁੱਟ ਕੇ ਲਿਜਾ ਰਹੇ ਕੀਮਤੀ ਸਾਮਾਨ ਅਤੇ ਤਕਰੀਬਨ 2200 ਕੈਦੀ ਹਿੰਦੂ ਲੜਕੀਆਂ ਨੂੰ ਯੁੱਧ ਕਰਕੇ ਰਸਤੇ ਵਿੱਚੋਂ ਹੀ ਛੁਡਾ ਕੇ ਘਰੋ-ਘਰ ਪਹੁੰਚਾਇਆ। ਉਨ੍ਹਾਂ ਨੇ 1761 ਵਿੱਚ ਹੀ ਲਾਹੌਰ ਫਤਹਿ ਕਰਕੇ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਸਿੱਕਾ ਜਾਰੀ ਕੀਤਾ। ਸੰਨ 1748 ਵਿੱਚ ਉਨ੍ਹਾਂ ਦੀ ਅਗਵਾਈ ਹੇਠ ਖਾਲਸੇ ਨੇ ਮੁਗ਼ਲਾਂ ਦੇ ਫੌਜਦਾਰ ਸਲਾਬਤ ਖਾਨ ਨੂੰ ਕਤਲ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਇਸ ਇਲਾਕੇ ਨੂੰ ਮੁਗ਼ਲ ਫੌਜਾਂ ਪਾਸੋਂ ਆਜ਼ਾਦ ਕਰਵਾਇਆ। ਉਸ ਸਮੇਂ ਉਨ੍ਹਾਂ ਦਾ ਸਿੱਖ ਪੰਥ ਤੇ ਇਸ ਦੇਸ਼ ਕੌਮ ਵਿੱਚ ਬਹੁਤ ਹੀ ਸਤਿਕਾਰ ਤੇ ਆਦਰ-ਮਾਣ ਸੀ।

ਭਾਰਤ-ਪੰਜਾਬ ਦੇਸ਼ ਦੇ ਇਸ ਸੂਰਬੀਰ ਅਣਖੀਲੇ ਯੋਧੇ ਮਾਝੇ ਦੇ ਜਰਨੈਲ, ਮਹਾਨ ਕੌਮੀ ਦੇਸ਼ ਭਗਤ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ ਨਾਲ 3 ਮਈ, 1718 ਨੂੰ ਮਾਤਾ ਜੀਵਨ ਕੌਰ ਦੀ ਕੁੱਖੋਂ ਤੇ ਪਿਤਾ ਬਦਰ ਸਿੰਘ ਦੇ ਗ੍ਰਹਿ ਪਿੰਡ ਅਹਿਲੋ (ਲਾਹੌਰ) ਵਿਖੇ ਹੋਇਆ।

ਬਚਪਨ ਵਿੱਚ ਹੀ ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਵਡੇਰਿਆਂ ਦੇ ਸਬੰਧ ਗੁਰੂ ਹਰਗੋਬਿੰਦ ਸਾਹਿਬ ਤੋਂ ਗੁਰੂਘਰ ਨਾਲ ਜੁੜਿਆ ਹੋਇਆ ਸੀ। ਸੰਨ 1723 ਵਿੱਚ ਇਨ੍ਹਾਂ ਦੇ ਮਾਤਾ ਜੀ ਤੇ ਮਾਮਾ ਬਾਘ ਸਿੰਘ ਬਾਲਕ ਜੱਸਾ ਸਿੰਘ ਆਹਲੂਵਾਲੀਆ ਸਮੇਤ ਸਿੱਖ ਸੰਗਤਾਂ ਨਾਲ ਦਿੱਲੀ ਵਿਖੇ ਜਗਤ ਮਾਤਾ ਸੁੰਦਰੀ ਜੀ ਪਤਨੀ ਗੁਰੂ ਗੋਬਿੰਦ ਸਿੰਘ ਦੀ ਸੇਵਾ ਵਿੱਚ ਪਹੁੰਚੇ। ਮਾਤਾ ਸੁੰਦਰੀ ਦੇ ਲਾਡ-ਪਿਆਰ ਵਿੱਚ ਕਈ ਸਾਲ ਬਾਲਕ ਜੱਸਾ ਸਿੰਘ ਆਹਲੂਵਾਲੀਆ ਉਨ੍ਹਾਂ ਪਾਸ ਰਹਿ ਕੇ ਪਲੇ। ਸੰਨ 1728 ਨੂੰ ਬਾਘ ਸਿੰਘ ਦਿੱਲੀ ਤੋਂ ਜਗਤ ਮਾਤਾ ਸੁੰਦਰੀ ਪਾਸੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਵਾਪਸ ਪੰਜਾਬ ਲੈਣ ਲਈ ਪਹੁੰਚੇ। ਪੁਰਾਤਣ ਇਤਿਹਾਸ ਮੁਤਾਬਕ ਜਗਤ ਮਾਤਾ ਸੁੰਦਰੀ ਨੇ ਇਸ ਬਾਲਕ ਨੂੰ ਬਹੁਤ ਸਾਰੇ ਤੋਹਫ਼ਿਆਂ ਦੇ ਤੌਰ 'ਤੇ ਦਸਤਾਰ, ਕਿਰਪਾਨ, ਤੀਰ ਕਮਾਨ ਆਦਿ ਆਪਣੇ ਪੁੱਤਰ ਦੀ ਤਰ੍ਹਾਂ ਦਿੱਤੇ ਤੇ ਅਸੀਸ ਦਿੱਤੀ ਕਿ ਤੇਰੇ ਔਰ ਤੇਰੀ ਸੰਤਾਨ ਅੱਗੇ ਆਸਿਆ ਵਾਲੇ (ਚੋਬਦਾਰ) ਚਲਿਆ ਕਰਨਗੇ, ਜੋ ਬਚਨ ਸੱਚ ਹੋਏ। ਜਦੋਂ ਜੱਸਾ ਸਿੰਘ ਆਹਲੂਵਾਲੀਆ ਉਸ ਸਮੇਂ ਲਾਹੌਰ ਤੇ ਦਿੱਲੀ ਫਤਹਿ ਕਰਨ ਉਪਰੰਤ ਉਨ੍ਹਾਂ ਨੂੰ ਹੀ ਕੇਵਲ ਭਾਰਤ ਦੀ 18ਵੀਂ ਸਦੀ ਵਿੱਚ ਖ਼ਿਤਾਬ ਸੁਲਤਾਨ-ਉਲ-ਕੌਮ ਤੇ ਬਾਦਸ਼ਾਹ ਪੰਥ ਵੱਲੋਂ ਦਿੱਤੇ ਗਏ। ਦਿੱਲੀ ਤੋਂ ਜੱਸਾ ਸਿੰਘ ਆਹਲੂਵਾਲੀਆ ਅਤੇ ਉਨ੍ਹਾਂ ਦੀ ਮਾਤਾ, ਸ੍ਰ. ਬਾਘ ਸਿੰਘ ਜਗਤ ਮਾਤਾ ਸੁੰਦਰੀ ਜੀ ਦੀ ਹਦਾਇਤ ਅਨੁਸਾਰ ਨਵਾਬ ਕਪੂਰ ਸਿੰਘ, ਜੋ ਉਸ ਸਮੇਂ ਸਿੱਖ ਪੰਥ ਦੇ ਜਥੇਦਾਰ ਸਨ, ਕਰਤਾਰਪੁਰ (ਜਲੰਧਰ) ਡੇਰੇ ਵਿਖੇ ਪਹੁੰਚੇ। ਸੰਨ 1729 ਪਿੱਛੋਂ ਸ੍ਰੀ ਜੱਸਾ ਸਿੰਘ ਆਹਲੂਵਾਲੀਆ ਲਗਪਗ ਨਵਾਬ ਕਪੂਰ ਸਿੰਘ ਦੇ ਨਾਲ ਸਾਰੀਆਂ ਮੁਹਿੰਮਾਂ, ਯੁੱਧਾਂ ਆਦਿ ਵਿੱਚ ਸਾਥੀ ਰਹੇ। ਸੰਨ 1738 ਤੱਕ ਸ੍ਰੀ ਆਹਲੂਵਾਲੀਆ ਦੀ ਗਿਣਤੀ ਮਹਾਨ ਜਰਨੈਲਾਂ, ਸਿੱਖ ਆਗੂਆਂ ਦੀ ਪਹਿਲੀ ਕਤਾਰ ਵਿੱਚ ਹੋਣ ਲਗ ਪਈ। ਇਸ ਮਹਾਨ ਕੌਮੀ ਜਰਨੈਲ ਨੇ ਆਪਣੇ ਸਮੇਂ ਵਿੱਚ ਬਗੈਰ ਕਿਸੇ ਈਰਖਾ, ਭਿੰਨ-ਭੇਦ, ਜਾਤ-ਪਾਤ ਆਦਿ ਦੇ ਸੂਰਬੀਰਤਾ ਤੇ ਅਣਖ ਤੇ ਹਲੀਮੀ ਨਾਲ ਰਾਜ ਕੀਤਾ ਅਤੇ ਇਸ ਭਾਰਤ-ਪੰਜਾਬ ਦੇਸ਼ ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ ਵੱਲ ਲਿਜਾਣ ਦਾ ਹਰ ਸੰਭਵ ਯਤਨ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਕੀਤਾ।

ਸੰਨ 1764 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੌਜੂਦਾ ਇਮਾਰਤ ਦੀ ਦੁਬਾਰਾ ਉਸਾਰੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਕਰਵਾਈ। ਜਦੋਂ ਇਸ ਮਹਾਨ ਤੇ ਪਵਿੱਤਰ ਅਸਥਾਨ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਢਹਿ-ਢੇਰੀ ਕੀਤਾ। ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਤੇ ਕੀਰਤਨ ਕਰਨ ਦਾ ਵੀ ਬਹੁਤ ਸ਼ੌਕ ਸੀ। ਉਹ ਆਪਣੇ



ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਮਹਾਨ ਕੀਰਤਨੀਏ ਵੀ ਹੋਏ। ਉਹ ਜਦੋਂ ਜੰਗਾ ਯੁੱਧਾਂ ਤੋਂ ਵਿਹਲੇ ਹੁੰਦੇ ਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਹੀ ਹੁੰਦੇ। ਦੀਵਾਲੀ-ਵਿਸਾਖੀ ਆਦਿ ਵੇਲੇ ਉਹ ਆਪਣੇ ਸਿੰਘਾਂ ਨਾਲ ਸੰਗਤ ਦੇ ਇਕੱਠ ਵਿੱਚ ਸ੍ਰੀ ਦਰਬਾਰ ਸਾਹਿਬ ਜ਼ਰੂਰ ਸ਼ਾਮਲ ਹੁੰਦੇ।

ਸੰਨ 1753 ਵਿੱਚ ਜਲੰਧਰ ਦੇ ਹਾਕਮ ਅਦੀਨਾ ਬੇਗ ਤੇ ਉਸ ਦੀ ਫੌਜ ਨੂੰ ਹਰਾ ਕੇ ਜਿੱਤ ਪ੍ਰਾਪਤ ਕਰਨ ਉਪਰੰਤ ਜੱਸਾ ਸਿੰਘ ਆਹਲੂਵਾਲੀਆ ਦੀ ਰਿਹਾਇਸ਼ 'ਤੇ ਆਪਣੀ ਰਿਆਸਤ ਰਾਜਧਾਨੀ ਮਾਝੇ ਦੀ ਧਰਤੀ ਫਤਿਆਬਾਦ ਨੇੜੇ ਸ੍ਰੀ ਤਰਨ ਤਾਰਨ (ਪੰਜਾਬ) ਵਿਖੇ ਹੀ ਕਾਫੀ ਸਮੇਂ ਰਹੀ, ਪਰ ਆਖਰੀ ਸਮੇਂ ਉਨ੍ਹਾਂ ਦੀ ਰਿਆਸਤ/ਰਾਜਧਾਨੀ ਕਪੂਰਥਲਾ ਵਿਖੇ ਬਣੀ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਮੁੱਖ ਦਰਸ਼ਨੀ ਡਿਉਢੀ ਦੇ ਨਾਲ ਉਨ੍ਹਾਂ ਦੇ ਨਾਂ ਬਹੁਤ ਹੀ ਵੱਡਾ ਤੇ ਆਲੀਸ਼ਾਨ 'ਆਹਲੂਵਾਲੀਆ ਬੁੰਗਾ' ਹੁੰਦਾ ਸੀ, ਜੋ ਕਿ ਸ਼ਾਇਦ ਕਾਰ ਸੇਵਾ ਸਮੇਂ ਇਸ ਮਹਾਨ ਕੌਮੀ ਸੂਰਬੀਰ ਜੱਸਾ ਸਿੰਘ ਆਹਲੂਵਾਲੀਆ ਦੀ ਇਕ 'ਅਣਮੋਲ ਤੇ ਸਿੱਖ ਕੌਮ ਦੀ ਇਤਿਹਾਸਕ ਯਾਦਗਾਰ ਸੀ', ਨੂੰ ਢਾਹ ਦਿੱਤਾ ਅਤੇ ਇਸ ਤੋਂ ਕੁਝ ਦੂਰੀ 'ਤੇ ਇਕ 'ਕਿਲਾ ਆਹਲੂਵਾਲੀਆ' ਆਪਣੇ ਸਿੰਘਾਂ ਦੇ ਠਹਿਰਣ ਤੇ ਇਸ ਇਲਾਕੇ ਦੀ ਹਿਫਾਜ਼ਤ ਵਾਸਤੇ ਬਣਾਇਆ, ਜੋ ਕਿ ਅੱਜ ਤੱਕ ਮੌਜੂਦ ਹੈ। ਇਸ ਲਾਗੇ ਹੀ ਇਕ ਵਪਾਰਕ ਕੇਂਦਰ 'ਬਾਜ਼ਾਰ ਕੱਟੜਾ ਆਹਲੂਵਾਲੀਆਂ' ਉਸ ਸਮੇਂ ਇਥੋਂ ਦੇ ਫੁਹਾਰਾ ਚੌਕ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਸੀ ਅਤੇ ਇਥੋਂ ਦੇ ਘੀ ਮੰਡੀ ਦੇ ਪ੍ਰਮੁੱਖ ਗੇਟ, ਜੋ ਬਣਿਆ ਸੀ, ਉਸ ਦਾ ਨਾਂ ਆਹਲੂਵਾਲੀਆ ਗੇਟ (ਦਰਵਾਜ਼ਾ) ਆਦਿ ਉਨ੍ਹਾਂ ਦੀਆਂ ਪੁਰਾਤਨ ਤੇ ਇਤਿਹਾਸਕ ਯਾਦਗਾਰ ਵਿੱਚ ਹਨ, ਜੋ ਕਿ ਇਸ ਮਹਾਨ ਜਰਨੈਲ ਦੇਸ਼ ਭਗਤ ਤੇ ਦੇਸ਼ ਕੌਮ ਦੀਆਂ ਇਤਿਹਾਸਕ ਪੁਰਾਤਨ ਵਿਰਾਸਤ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਵੱਲ ਕਿਸੇ ਨੇ ਅੱਜ ਤੱਕ ਧਿਆਨ ਨਹੀਂ ਦਿੱਤਾ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਪੰਥ ਵੱਲੋਂ 10 ਅਪਰੈਲ, 1754 ਵਿੱਚ ਇਕ ਮਹਾਨ ਯੋਧਾ ਸਮਝਦਿਆਂ ਹੋਇਆਂ ਦਲ ਖਾਲਸਾ ਦਾ ਪ੍ਰਮੁੱਖ ਜਥੇਦਾਰ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਸਤੰਬਰ 1761 ਨੂੰ ਆਪਣੇ ਸਿੰਘਾਂ ਨਾਲ ਮੁਗ਼ਲਾਂ ਪਾਸੋਂ ਲਾਹੌਰ ਫਤਹਿ ਕੀਤੀ, ਜੋ ਕਿ ਇਤਿਹਾਸ ਵਿੱਚ ਬਹੁਤ ਵੱਡੀ ਪ੍ਰਾਪਤੀ ਇਸ ਭਾਰਤ-ਪੰਜਾਬ ਨੂੰ ਆਜ਼ਾਦ ਕਰਵਾਉਣ ਤੇ ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਸੀ। ਅਜਿਹੀ ਖੁਸ਼ੀ ਵਿੱਚ ਸਿੱਖ ਪੰਥ ਵੱਲੋਂ ਉਨ੍ਹਾਂ ਨੂੰ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦੇ ਕੇ ਉਸ ਸਮੇਂ ਕੇਵਲ ਉਨ੍ਹਾਂ ਨੂੰ ਹੀ ਲਾਹੌਰ ਦਾ ਬਾਦਸ਼ਾਹ ਘੋਸ਼ਿਤ ਕੀਤਾ ਗਿਆ। ਪੁਰਾਤਨ ਇਤਿਹਾਸ ਮੁਤਾਬਕਾ ਉਨ੍ਹਾਂ ਨੇ 1748 ਤੇ 1752 ਵਿੱਚ ਮੀਰ ਮਨੂੰ, ਜਕਰੀਆ ਖ਼ਾਨ ਨਾਲ ਯੁੱਧ ਵਿੱਚ ਜਿੱਤ ਪ੍ਰਾਪਤ ਕੀਤੀ। ਸਾਕਾ ਵੱਡਾ ਘਲੂਘਾਰਾ ਕੁੱਪ ਰਹੀੜਾ ਨਜ਼ਦੀਕ ਮਾਲੇਰਕੋਟਲਾ ਮਿਤੀ 5 ਫਰਵਰੀ, 1762 ਨੂੰ ਜੋ ਸਿੱਖ ਇਤਿਹਾਸ ਵਿੱਚ ਦੁਖਦਾਈ ਘਟਨਾ ਸੀ, ਅਹਿਮਦਸ਼ਾਹ ਅਬਦਾਲੀ ਤੇ ਉਸ ਦੀਆਂ ਫੌਜਾਂ ਨਾਲ ਡੱਟ ਕੇ ਮੁਕਾਬਲਾ ਕਰਕੇ ਉਨ੍ਹਾਂ ਦੀ ਅਗਵਾਈ ਹੇਠ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਉਨ੍ਹਾਂ ਨੇ ਛੋਟੇ ਘਲੂਘਾਰੇ 1746 ਵਿੱਚ ਲਖਪਤ ਰਾਇ/ ਮੁਗਲਾਂ ਨਾਲ ਲੋਹਾ ਲੈ ਕੇ ਛੰਕ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਜਿੱਤ ਪ੍ਰਾਪਤ ਕੀਤੀ। ਸੰਨ 1764 ਵਿੱਚ ਉਨ੍ਹਾਂ ਦੀ ਅਗਵਾਈ ਹੇਠ ਖਾਲਸੇ ਨੇ ਸਰਹਿੰਦ ਫਤਹਿ ਕੀਤੀ ਅਤੇ ਉਥੇ ਛੋਟੇ ਸਾਹਿਬਜ਼ਾਦੇ ਅਤੇ ਜਗਤ ਮਾਤਾ ਗੁਜਰੀ ਦੀ ਯਾਦ ਵਿੱਚ ਮਹਾਨ ਗੁਰਦੁਆਰਾ ਫਤਹਿਗੜ੍ਹ ਸਾਹਿਬ ਬਣਵਾਇਆ। ਸੰਨ 1777 ਤੋਂ 1779 ਨੂੰ ਉਨ੍ਹਾਂ ਨੇ ਨਾਦਰ ਸ਼ਾਹ, ਇਬਰਾਹੀਮ ਰਾਏ ਨੂੰ ਹਰਾ ਕੇ ਕਪੂਰਥਲਾ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਨੂੰ ਆਪਣੇ ਕਬਜ਼ੇ ਹੇਠ ਕੀਤਾ। ਉਹ ਕਪੂਰਥਲਾ ਰਿਆਸਤ ਦੇ ਬਾਨੀ ਬਣੇ। ਅਕਤੂਬਰ 1753 ਨੂੰ ਨਵਾਬ ਕਪੂਰ ਸਿੰਘ ਦੇ ਚੜ੍ਹਾਈ ਕਰਨ ਬਾਅਦ 10 ਅਪਰੈਲ, 1754 ਨੂੰ ਵਿਸਾਖੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਖਾਲਸੇ ਦੇ ਇਕੱਠ ਵਿੱਚ ਸਰਬਸੰਮਤੀ ਨਾਲ ਭਾਰਤ-ਪੰਜਾਬ ਦੀ 18ਵੀਂ ਸਦੀ ਵਿੱਚ ਕੇਵਲ ਤੇ ਕੇਵਲ ਜੱਸਾ ਸਿੰਘ ਆਹਲੂਵਾਲੀਆ ਨੂੰ ਹੀ ਦਲ ਖਾਲਸਾ ਦਾ ਰਾਜਸੀ ਅਤੇ ਧਾਰਮਿਕ ਸ਼੍ਰੋਮਣੀ ਜਥੇਦਾਰ ਚੁਣ ਲਿਆ ਅਤੇ ਨਵਾਬ ਕਪੂਰ ਸਿੰਘ ਵਾਲਾ ਖ਼ਿਤਾਬ ਨਵਾਬ ਦੇ ਕੇ ਨਿਵਾਜਿਆ ਗਿਆ। ਬਾਬਾ ਆਹਲੂਵਾਲੀਆ ਆਪਣੀ ਬਹਾਦਰੀ, ਉੱਚੇ ਚਰਿੱਤਰ, ਆਦਰਸ਼, ਭਾਰਤ-ਪੰਜਾਬ ਦੇ ਦੇਸ਼ ਭਗਤ, ਇਕ ਨਿਪੁੰਨ ਫੌਜੀ ਜਰਨੈਲ ਵਾਂਗ ਸਫਲ ਪ੍ਰਬੰਧਕ ਹੋਏ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਸਮਾਜ ਦੀ ਸੇਵਾ ਕਰਨ ਵਾਲੇ ਹਰੇਕ ਵਿਅਕਤੀ, ਧਾਰਮਿਕ, ਢਾਡੀਆਂ, ਸੰਸਥਾਵਾਂ ਆਦਿ ਨੂੰ ਮਾਇਕ ਸਹਾਇਤਾ ਅਤੇ ਜਗੀਰਾਂ ਵੀ ਦਿੱਤੀਆਂ। ਪੁਰਾਤਨ ਇਤਿਹਾਸ ਮੁਤਾਬਕ 11 ਮਾਰਚ, 1783 ਨੂੰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਯੋਧਿਆਂ ਨੇ ਦਿੱਲੀ ਫਤਹਿ ਕੀਤੀ ਤੇ ਉਸ ਸਮੇਂ ਸ੍ਰੀ ਬਘੇਲ ਸਿੰਘ ਨੇ ਲਾਲ ਕਿਲੇ ਉਤੇ ਖਾਲਸੇ ਦਾ ਕੇਸਰੀ ਝੰਡਾ ਲਹਿਰਾਇਆ। ਪੰਥ ਦੇ ਸ਼੍ਰੋਮਣੀ ਜਥੇਦਾਰ ਸੁਲਤਾਨ-ਉਲ-ਕੌਮ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਉਸ ਸਮੇਂ ਸਿੱਖ ਪੰਥ ਨੇ ਜੈਕਾਰਿਆਂ ਦੀ ਗੂੰਜ ਨਾਲ ਦਿੱਲੀ ਦੇ ਲਾਲ ਕਿਲੇ ਵਿੱਚ ਸਥਿਤ ਤਖ਼ਤ ਦੀਵਾਨੇ ਆਮ ਉਤੇ ਬਿਠਾਇਆ। ਉਨ੍ਹਾਂ ਨੂੰ ਭਾਰਤ ਦਾ ਬਾਦਸ਼ਾਹ ਐਲਾਨ ਕੀਤਾ ਗਿਆ। ਪੁਰਾਤਨ ਇਤਿਹਾਸ ਮੁਤਾਬਕ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰ. ਬਘੇਲ ਸਿੰਘ ਨੂੰ ਤਕਰੀਬਨ 5 ਹਜ਼ਾਰ ਸਿੰਘਾਂ ਸਮੇਤ ਦਿੱਲੀ ਵਿਖੇ ਹੀ ਠਹਿਰਣ ਵਾਸਤੇ ਕਿਹਾ ਕਿ ਗੁਰੂ ਸਾਹਿਬਾਨ ਜਿੰਨੇ ਵੀ ਇਥੇ ਦਿੱਲੀ ਵਿਖੇ, ਆਸ-ਪਾਸ ਗੁਰਦੁਆਰੇ ਹਨ, ਉਨ੍ਹਾਂ ਸਭ ਦੀ ਸਾਂਭ-ਸੰਭਾਲ, ਮੁਰੰਮਤ ਆਦਿ ਉਹ ਕਰਵਾਉਣ।

ਇਹ ਮਹਾਨ ਦੇਸ਼ ਭਗਤ ਜਰਨੈਲ ਅਤੇ ਕੌਮੀ ਯੋਧਾ ਬਾਬਾ ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ, 1783 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਜਿਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਪੰਥ ਨੇ ਉਸ ਸਮੇਂ ਉਨ੍ਹਾਂ ਦੀ ਦੇਸ਼ ਕੌਮ ਨੂੰ ਵੱਡੀ ਦੇਣ ਕਰਕੇ ਬਾਬਾ ਅਟੱਲ ਰਾਇ ਸਾਹਿਬ ਗੁਰਦੁਆਰਾ ਅੰਮ੍ਰਿਤਸਰ ਵਿਖੇ ਪਰਿਕਰਮਾ ਵਿੱਚ ਬਣਾਇਆ ਹੋਵੇਗਾ, ਜੋ ਕਿ ਪੁਰਾਤਨ ਯਾਦਗਾਰ ਉਥੇ ਅੱਜ ਤੱਕ ਮੌਜੂਦ ਹੈ। ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸ਼ਾਇਦ ਹੀ ਸਰਕਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਈ ਵੱਡ ਪੱਧਰੀ ਪ੍ਰੋਗਰਾਮ ਕਦੇ ਉਲੀਕਿਆ ਹੋਵੇ। ਉਨ੍ਹਾਂ ਦੇ ਅਕਾਲ ਚਲਾਣੇ ਬਾਅਦ ਉਨ੍ਹਾਂ ਦੀ ਅੰਸ਼ ਵਿੱਚ ਮਹਾਨ ਜਰਨੈਲ ਮਹਾਰਾਜਾ ਫਤਹਿ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਹੋਏ ਹਨ।

# ਸ੍ਰੀ ਹਰਿਮੰਦਰ ਸਾਹਿਬ ਦੀ ਸ਼ਬਦ ਕੀਰਤਨ ਪਰੰਪਰਾ

**ਡਾ. ਕੰਵਲਜੀਤ ਸਿੰਘ**

ਭਾਗ ਦੂਜਾ

ਸ੍ਰੀ ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਨਾਲ ਸਿੱਧੇ ਤੌਰ 'ਤੇ ਸਬੰਧਤ ਨਹੀਂ ਰਹੇ। ਗੁਰੂ ਹਰਿਰਾਏ ਜੀ ਕੀਰਤਪੁਰ ਸਾਹਿਬ, ਦੋਆਬਾ, ਮਾਲਵਾ, ਜੰਮੂ-ਕਸ਼ਮੀਰ, ਸਿਆਲਕੋਟ, ਲਾਹੌਰ ਆਦਿ ਸਥਾਨਾਂ 'ਤੇ ਸਿੱਖਾਂ ਦੇ ਪ੍ਰਚਾਰ ਵਿੱਚ ਅਗ੍ਰਸਰ ਰਹੇ। 1651 ਈ. (1708 ਬਿਕ੍ਰਮੀ) ਨੂੰ ਗੁਰੂ ਹਰਿਰਾਇ ਜੀ ਕੁਝ ਦੇਰ ਲਈ ਦੀਵਾਲੀ ਦੇ ਅਵਸਰ 'ਤੇ ਦਰਸ਼ਨਾਂ ਵਾਸਤੇ ਪਧਾਰੇ ਪਰ ਜਲਦੀ ਹੀ ਵਾਪਸ ਕੀਰਤਪੁਰ ਸਾਹਿਬ ਚਲੇ ਗਏ। ਗੁਰੂ ਹਰਿਕ੍ਰਿਸ਼ਨ ਜੀ ਕੀਰਤਪੁਰ ਸਾਹਿਬ ਤੇ ਦਿੱਲੀ ਵਿੱਚ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿੰਦੇ ਰਹੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਸ੍ਰੀ ਹਰਿਮੰਦਰ ਸਾਹਿਬ ਆਏ ਤਾਂ ਹਰਿ ਜੀ ਨੇ ਇਸ ਨੀਅਤ ਨਾਲ ਦਰਸ਼ਨੀ ਡਿਊੜੀ ਦੇ ਕਿਵਾੜ ਬੰਦ ਕਰਵਾ ਦਿੱਤੇ ਕਿ ਜੇ ਗੁਰੂ ਜੀ ਨੇ ਇਥੇ ਪੱਕਾ ਡੇਰਾ ਜਮ੍ਹਾਂ ਲਿਆ ਤਾਂ ਸਾਡਾ ਕੀ ਬਣੇਗਾ। ਹਰਿ ਜੀ ਆਪ ਇਧਰ-ਉਧਰ ਹੋ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕੁਝ ਦੇਰ ਉਡੀਕ ਕੀਤੀ। ਹਰਿ ਜੀ ਨੂੰ ਵਾਪਸ ਨਾ ਆਉਂਦਾ ਦੇਖ ਗੁਰੂ ਜੀ ਵਾਪਸ ਚਲੇ ਗਏ। ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ। ਗੁਰੂ ਸਾਹਿਬ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਦੇ ਬਾਹਰ ਹੀ ਬੈਠ ਕੇ ਸੰਗਤਾਂ ਨਾਲ ਵਾਪਸ ਚਲੇ ਗਏ। ਇਸ ਸਥਾਨ 'ਤੇ ਵਰਤਮਾਨ ਸਮੇਂ ਗੁਰਦੁਆਰਾ ਥੜਾ ਸਾਹਿਬ ਸ਼ੁਸ਼ੋਭਿਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਆਉਣ ਦੇ ਹਵਾਲੇ ਵੀ ਨਹੀਂ ਮਿਲਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕਰਮ ਸਿੰਘ (ਹਿਸਟੋਰੀਅਨ) ਕ੍ਰਿਤ 'ਅੰਮ੍ਰਿਤਸਰ ਦੀ ਤਵਾਰੀਖ' ਤੋਂ ਐਨਾ ਹਵਾਲਾ ਮਿਲਦਾ ਹੈ ਕਿ ਦਸ਼ਮੇਸ਼ ਪਿਤਾ ਅੰਮ੍ਰਿਤਸਰ ਇਕ ਗੁਰਸਿੱਖ ਦੇ ਘਰ ਆਏ। ਇਹ ਸਥਾਨ ਨਵੇਂ ਸਿਰਿਓਂ ਬਣਾਏ ਸ਼ਹਿਰ ਦੇ ਕੌਲਸਰ ਪਾਸ ਹਿੰਮਤੀ ਮਹੰਤ ਭਾਈ ਗੁਰਦਿੱਤ ਸਿੰਘ ਨੇ ਠੀਕ-ਠਾਕ ਕਰਵਾ ਲਿਆ ਸੀ। ਇਹ ਸਥਾਨ ਕਟੜਾ ਦਲ ਸਿੰਘ ਵਿੱਚ ਸੀ। ਇਸਦੀ ਪੂਰਕ ਸੂਚਨਾ ਗੁਰਦੁਆਰਿਆਂ ਦੀ ਲਿਸਟ ਵਿੱਚ ਵੀ ਦਿੱਤੀ ਹੈ, ਜਿਸ ਤੋਂ ਇਸ ਸੂਚਨਾ ਦੀ ਪੁਸ਼ਟੀ ਹੁੰਦੀ ਹੈ, ਮਹੰਤ ਦੀ ਦੱਸੀ ਰਵਾਇਤ ਤੋਂ ਪਤਾ ਚਲਦਾ ਹੈ ਕਿ ਸੰਮਤ 1752 ਵਿੱਚ ਦਸ਼ਮੇਸ਼ ਜੀ ਏਥੇ ਅੰਮ੍ਰਿਤਸਰ ਆਏ ਸਨ। ਗੁਰੂ ਜੀ ਦੇ ਮਕਾਨ ਵਿੱਚ ਜੋ ਸੇਵਕ ਰਹਿੰਦਾ ਸੀ, ਉਨ੍ਹਾਂ ਦਾ ਵੱਡਾ ਭਾਈ, ਮੀਹਾਂ ਜੀ ਗੁਰੂ ਤੇਗ ਬਹਾਦਰ ਜੀ ਦਾ ਚਾਕਰ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਇਕ ਲੋਹ ਅਤੇ ਨਗਾਰਾ ਬਖਸ਼ ਕੇ, ਹੁਕਮ ਕੀਤਾ ਸੀ ਕਿ, ਲੰਗਰ ਚਲਾਓ, ਸਿੱਖੀ ਵਧਾਓ। ਦਸ਼ਮੇਸ਼ ਪਿਤਾ ਵੀ ਇਸੇ ਸਥਾਨ 'ਤੇ ਆਏ ਅਤੇ ਪ੍ਰਸ਼ੰਨ ਹੋ ਕੇ ਇਥੇ ਰਹਿ ਰਹੇ ਭਾਈ ਮੀਹਾਂ ਨੂੰ ਦਸਤਾਰ, ਨਗਾਰਾ, ਇਕ ਸ਼ਮਸ਼ੀਰ ਤੇ ਇਕ ਗ੍ਰੰਥ ਬਖਸ਼ਿਸ਼ ਕਰਕੇ ਮੀਹਾਂ ਸਾਹਿਬ ਦੇ ਖ਼ਿਤਾਬ ਨਾਲ ਨਿਵਾਜਿਆ।

ਸਿੱਖ ਮਿਸਲਾਂ ਦੇ ਜਥੇਦਾਰਾਂ, ਸਿੱਖ ਸਰਦਾਰਾਂ ਅਤੇ ਹੋਰ ਪਤਵੰਤੇ ਗੁਰਸਿੱਖਾਂ ਦੇ ਯਤਨਾਂ ਸਦਕਾ ਸ੍ਰੀ ਹਰਿਮੰਦਰ ਸਾਹਿਬ ਦੀ ਸੁਰੱਖਿਆ ਲਈ ਅਨੇਕਾਂ ਉਪਰਾਲੇ ਕੀਤੇ ਜਾਣ ਲੱਗੇ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਤੇ ਹੋਰ ਮਰਿਆਦਾਵਾਂ ਮੁੜ ਤੋਂ ਪੂਰੀ ਸਿੱਖੀ ਸ਼ਾਨ ਸਹਿਤ ਬਹਾਲ ਕੀਤੀਆਂ ਜਾ ਸਕਣ।

ਸ੍ਰੀ ਹਰਿਮੰਦਰ ਸਾਹਿਬ ਦੇ ਚੜ੍ਹਦੇ ਪਾਸੇ ਦੇ 10 ਬੁੰਗੇ, ਦੱਖਣੀ ਪਾਸੇ ਦੇ 22 ਬੁੰਗੇ, ਪੱਛਮੀ ਪਾਸੇ ਵੱਲ 28 ਬੁੰਗੇ, ਉੱਤਰੀ ਬਾਹੀ ਦੇ 9 ਬੁੰਗੇ ਸਨ। ਇਸ ਤਰ੍ਹਾਂ 1807 ਬਿਕ੍ਰਮੀ ਤੋਂ ਲੈ ਕੇ 1881 ਬਿਕ੍ਰਮੀ ਤੱਕ ਸ੍ਰੀ ਹਰਿਮੰਦਰ ਸਾਹਿਬ



ਵਿਖੇ ਸੰਗਤਾਂ ਦੇ ਸਹਿਯੋਗ ਨਾਲ ਵੱਖ-ਵੱਖ ਮਿਸਲਾਂ ਦੇ ਸਰਦਾਰਾਂ ਤੇ ਪਿੰਡਾਂ ਦੇ 69 ਬੁੰਗੇ ਸਥਾਪਤ ਹੋ ਚੁੱਕੇ ਸਨ। ਇਨ੍ਹਾਂ ਵਿੱਚੋਂ ਕੁਝ ਬੁੰਗਿਆਂ ਵਿੱਚ 'ਆਦਿ ਗ੍ਰੰਥ' ਦਾ ਪ੍ਰਕਾਸ਼ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਪਾਠੀਆਂ-ਗ੍ਰੰਥੀਆਂ, ਰਬਾਬੀਆਂ-ਰਾਗੀਆਂ ਅਤੇ ਹੋਰ ਸੇਵਾਦਾਰਾਂ ਨੇ ਇਨ੍ਹਾਂ ਬੁੰਗਿਆਂ ਵਿੱਚ ਰਿਹਾਇਸ਼ ਕਰ ਲਈ।

ਕੁਝ ਬੁੰਗਿਆਂ ਵਿੱਚ ਨਿਤਨੇਮ ਦਾ ਪ੍ਰਵਾਹ ਜਾਰੀ ਰਿਹਾ। ਸ਼ਬਦ ਕੀਰਤਨ ਦੀ ਸਿੱਖਲਾਈ ਹੁੰਦੀ ਰਹੀ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਉਸਾਰੇ ਗਏ ਅਕਾਲ ਤਖ਼ਤ ਦੀ ਉਸਾਰੀ ਵੇਲੇ ਇਸ ਦਾ ਨਾਂ ਤਖ਼ਤ ਅਕਾਲ ਬੁੰਗਾ ਸੀ। ਇਨ੍ਹਾਂ ਬੁੰਗਿਆਂ ਵਿੱਚ ਆਉਣ ਵਾਲੀ ਸੰਗਤ ਨੂੰ ਸਿੱਖ ਸਿਧਾਂਤਾਂ ਦੀ ਜਾਣਕਾਰੀ ਦਿੱਤੀ ਜਾਂਦੀ ਸੀ। ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਇਸ ਸਥਾਨ 'ਤੇ ਇਕ ਬੇਰੀ ਹੇਠ ਬੈਠਿਆ ਕਰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਸਥਾਨ 'ਤੇ ਬੁੰਗੇ ਦੀ ਉਸਾਰੀ ਕਰਵਾਈ ਅਤੇ ਇਸੇ ਸਥਾਨ 'ਤੇ ਬੈਠ ਕੇ ਗੁਰਆਈ ਦੀ ਪੋਸ਼ਾਕ ਪਹਿਨੀ। ਇਸ ਲਈ ਇਸ ਦਾ ਨਾਮਕਰਨ ਤਖ਼ਤ ਅਕਾਲ ਬੁੰਗਾ ਹੋ ਗਿਆ। ਇਸ ਨੂੰ ਅਸੀਂ ਅੱਜ-ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਵਜੋਂ ਸਤਿਕਾਰਦੇ ਹਾਂ। ਇਸ ਸਥਾਨ 'ਤੇ ਸ਼ਾਮ ਵੇਲੇ ਬੜਾ ਦੀਵਾਨ ਲਗਦਾ ਅਤੇ ਰਾਗੀ, ਰਬਾਬੀ ਕੀਰਤਨ ਕਰਦੇ ਅਤੇ ਢਾਡੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਦੱਸੀਆਂ ਧੁਨੀਆਂ ਅਨੁਸਾਰ ਢਾਡੀ ਵਾਰਾਂ ਗਾ ਕੇ ਸਿੱਖ ਸੰਗਤਾਂ ਵਿੱਚ ਜੋਸ਼, ਉਤਸ਼ਾਹ ਤੇ ਵੀਰ ਰਸੀ ਭਾਵਨਾਵਾਂ ਦਾ ਸੰਚਾਰ ਕਰਦੇ।

ਇਤਿਹਾਸਕ ਹਵਾਲਿਆਂ ਅਨੁਸਾਰ, ਬੁੰਗਾ ਰਾਮ ਸਿੰਘ ਗਿਆਨੀ ਗਿਆਨੀ ਕੌਮ ਭੱਟ, ਬੁੰਗਾ ਚੜ੍ਹਤ ਸਿੰਘ ਰਾਗੀ, ਬੁੰਗਾ ਲੱਖਾ ਸਿੰਘ ਨਿਰਮਲਾ, ਬੁੰਗਾ ਰਾਗੀ ਧਨਪਤਿ ਸਿੰਘ, ਅਕਾਲ ਬੁੰਗਾ, ਬੁੰਗਾ ਭਾਈ ਸਾਹਿਬਾਨ, ਬੁੰਗਾ ਰਾਗੀ ਕਾਹਨ ਸਿੰਘ ਰਾਗੀ ਵਿਖੇ ਪਾਠ ਸੇਥਿਆ ਅਤੇ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਜਿਗਿਆਸੂ ਇਥੇ ਰਹਿ ਗੁਰੂ ਘਰ ਦੇ ਕੀਰਤਨੀਆਂ ਕੋਲੋਂ ਸ਼ਬਦ-ਕੀਰਤਨ ਦੀ ਦਾਤ ਪ੍ਰਾਪਤ ਕਰਦੇ ਸਨ।

ਘੰਟਾ ਘਰ ਦੀ ਉਸਾਰੀ ਤੇ ਮੌਜੂਦਾ ਪ੍ਰਕਰਮਾਂ ਦੀ ਉਸਾਰੀ ਲਈ ਇਤਿਹਾਸਕ ਬੁੰਗਿਆਂ ਦਾ ਵਜੂਦ ਖ਼ਤਮ ਹੁੰਦਾ ਗਿਆ। ਅੱਜ-ਕੱਲ੍ਹ ਬੁੰਗਾ ਰਾਮਗੜ੍ਹੀਆ ਦੀ ਸੰਕੇਤਿਕ ਉਚੇ ਮੀਨਾਰਨੁਮਾ ਇਮਾਰਤ, ਜੋ ਲੰਗਰ ਹਾਲ ਦੇ ਨਾਲ ਲਗਵੀਂ ਹੈ, ਸਿੱਖ ਸਭਿਆਚਾਰ ਦੀ ਇਹ ਪਰੰਪਰਾ ਦੇ ਚਿੰਨ੍ਹ ਵਜੋਂ ਮੌਜੂਦ ਹੈ।

ਸਰਦਾਰ ਐਸ ਐਸ ਰਾਮਗੜ੍ਹੀਆ ਅਨੁਸਾਰ, 1900 ਈ. (1957 ਬਿਕਮੀ) ਦੇ ਆਸ-ਪਾਸ 15 ਕੀਰਤਨੀ ਜਥੇ ਦਰਬਾਰ ਸਾਹਿਬ ਵਿੱਚ ਕੀਰਤਨ ਦੀ ਸੇਵਾ ਨਿਭਾਉਂਦੇ ਸਨ। ਇਨ੍ਹਾਂ ਜਥਿਆਂ ਵਿੱਚੋਂ 8 ਜਥੇ ਸਿੱਖ ਕੀਰਤਨੀਆਂ ਦੇ ਸਨ, ਜੋ ਅੰਮ੍ਰਿਤ ਵੇਲੇ ਆਸਾ ਤੋਂ ਲੈ ਕੇ ਦੁਪਹਿਰ ਤਕ ਕੀਰਤਨ ਕਰਦੇ ਸਨ ਅਤੇ 7 ਜਥੇ ਮੁਸਲਮਾਨ ਰਬਾਬੀਆਂ ਦੇ ਸਨ, ਜੋ ਦੁਪਹਿਰ ਤੋਂ ਲੈ ਕੇ ਦੀਵਾਨ ਦੀ ਸਮਾਪਤੀ ਤਕ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਇਸ ਸਮੇਂ ਦੌਰਾਨ ਰਬਾਬ, ਦੋਤਾਰਾ, ਸਰੰਦਾ, ਤਾਊਸ, ਸਿਤਾਰ, ਤੰਬੂਰਾ ਤੇ ਤਬਲਾ ਜੋੜੀ ਦੀ ਪ੍ਰਧਾਨਤਾ ਹੁੰਦੀ ਸੀ।

ਸਿੱਖ ਮਿਸਲਾਂ ਦੇ ਸਰਦਾਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ, ਜੋ ਬੁੰਗੇ ਸਥਾਪਤ ਕੀਤੇ ਉਨ੍ਹਾਂ ਵਿੱਚ ਸਿੱਖ ਫੌਜਾਂ ਦੀ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ। ਦੂਰੋਂ-ਨੇੜਿਓਂ ਵੱਖ ਵੱਖ ਨਗਰਾਂ ਤੋਂ ਆਉਣ ਵਾਲੀਆਂ ਸਿੱਖ ਸੰਗਤਾਂ ਆਪੋ ਆਪਣੀਆਂ ਮਿਸਲਾਂ, ਸਰਦਾਰਾਂ ਜਾਂ ਇਲਾਕਿਆਂ ਦੇ ਬੁੰਗਿਆਂ ਵਿੱਚ ਆ ਠਹਿਰਦੀਆਂ।

ਸਿੱਖ ਮਿਸਲਾਂ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਿਆਦਾ ਮੁੜ ਤੋਂ ਬਹਾਲ ਹੋਈ। ਪਰ ਅਹਿਮਦ ਸ਼ਾਹ ਅਬਦਾਲੀ ਅਤੇ ਉਸ ਦੇ ਪੁੱਤਰ ਤੈਮੂਰ ਸ਼ਾਹ ਦੇ ਹਮਲਿਆਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਫਿਰ ਤੋਂ ਹੋਣ ਲੱਗੀ। 1762 ਈ. ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ ਤੇ ਸਰੋਵਰ ਨੂੰ ਆਲੇ-ਦੁਆਲੇ ਦੀ ਮਿੱਟੀ, ਗੰਦ-ਮੰਦ ਤੇ ਗਾਵਾਂ ਦੇ ਪਿੰਜਰਾਂ ਦੇ ਨਾਲ ਭਰ ਦਿੱਤਾ। ਇਸ ਨਾਲ ਸਿੱਖ ਸੰਗਤਾਂ ਵਿਆਕੁਲ ਹੋ ਉਠੀਆਂ। ਸਮੂਹ ਸਿੱਖ ਸੰਗਤ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਦੀ ਕਾਮਨਾ ਕਰਨ ਲੱਗੀ।

ਅਬਦਾਲੀ ਦੇ ਜਾਣ ਪਿੱਛੋਂ 1765 ਈ. (1822 ਬਿਕ੍ਰਮੀ) ਨੂੰ ਵੈਸਾਖੀ ਸਮੇਂ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਰਬਤ ਖ਼ਾਲਸਾ ਇਕੱਠ ਹੋਇਆ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਸਫਾਈ ਕੀਤੀ ਗਈ। ਸਿੰਘਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਮਰਿਆਦਾ ਮੁੜ ਤੋਂ ਬਹਾਲ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹੋਏ ਛੇ ਮਿਸਲਾਂ ਦੇ ਸਰਦਾਰਾਂ ਨੇ ਆਪਣੇ ਪ੍ਰਤੀਨਿਧੀ ਅੰਮ੍ਰਿਤਸਰ ਦੀ ਸੁਰੱਖਿਆ ਲਈ ਨਿਯੁਕਤ ਕੀਤੇ। ਪਾਠ, ਕੀਰਤਨ ਅਤੇ ਲੰਗਰ ਦੀ ਮਰਿਆਦਾ ਮੁੜ ਤੋਂ ਜਾਰੀ ਕੀਤੀ ਗਈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਅਤੇ ਦੁਆਬੇ ਉਤੇ ਆਪਣਾ ਕਬਜ਼ਾ ਕਰਨ ਤੋਂ ਬਾਅਦ ਸਰਹਿੰਦ ਦੇ ਮੁਗਲ ਨੁਮਾਇੰਦੇ ਜੈਨ ਖ਼ਾਨ ਨੂੰ ਮਾਰ ਮੁਕਾਇਆ। ਇਸ ਲੜਾਈ ਦੌਰਾਨ ਸਿੰਘਾਂ ਦੇ ਹੱਥ ਕਾਫੀ ਧਨ-ਦੌਲਤ ਆਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਹਿੱਸੇ ਦਾ ਨੌਂ ਲੱਖ ਰੁਪਿਆ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ 'ਤੇ ਖਰਚ ਕਰਨ ਦੀ ਯੋਜਨਾ ਬਣਾਈ। ਇਸ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਗੁਰੂ ਪ੍ਰੇਮੀਆਂ ਨੇ ਦਿਲ ਖੋਲ੍ਹ ਕੇ ਆਪੋ-ਆਪਣਾ ਯੋਗਦਾਨ ਪਾਇਆ, ਫਲਸਰੂਪ 21 ਲੱਖ ਰੁਪਿਆ ਇਕੱਠਾ ਹੋ ਗਿਆ। ਇਸ ਰਕਮ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਕਰਵਾਈ ਗਈ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਪ੍ਰਵਾਹ ਮੁੜ ਤੋਂ ਸਥਾਪਤ ਹੋਇਆ।

ਕੈਪਟਨ ਮੈਥੀਓ, ਜੋ ਕਿ ਈਸਟ ਇੰਡੀਆਂ ਕੰਪਨੀ ਦਾ ਸੂਹੀਆ ਸੀ, ਨੇ ਆਪਣੇ ਗੁਪਤ ਸੂਚਨਾ ਪੱਤਰ, ਜੋ ਕਿ ਅਪ੍ਰੈਲ-ਮਈ 1880 ਈ. ਵਿੱਚ ਲਿਖਿਆ ਗਿਆ, ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਉਸ ਸਮੇਂ ਪ੍ਰਚਲਤ ਕੀਰਤਨ ਮਰਿਆਦਾ ਸਬੰਧੀ ਦੱਸਿਆ ਹੈ ਕਿ ਹਰ ਰੋਜ਼ ਸਵੇਰੇ 3.00 ਵਜੇ ਕੀਰਤਨ ਆਰੰਭ ਹੋ ਜਾਂਦਾ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਗਾਇਨ ਕੀਤਾ ਜਾਂਦਾ ਅਤੇ ਇਹ ਮਰਿਆਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਰ ਰਾਤ ਤੱਕ ਚਲਦੀ ਰਹਿੰਦੀ। ਇਸ ਦੇ ਨਾਲ ਹੀ ਦੋ ਹੋਰ ਅਸਥਾਨਾਂ 'ਤੇ ਵੀ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ 1802 ਈ. (ਸੰਮਤ 1859) ਵਿੱਚ ਅੰਮ੍ਰਿਤਸਰ ਸ਼ਹਿਰ 'ਤੇ ਕਬਜ਼ਾ ਕਰਨ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਸੰਗਮਰਮਰ ਤੇ ਸੋਨ-ਪੱਤਰੇ ਦੀ ਸੇਵਾਰ ਕਰਵਾ ਕੇ ਹਰਿਮੰਦਰ ਨੂੰ ਸਜਾਇਆ, ਜਿਸ ਤੋਂ ਇਸ ਅਸਥਾਨ ਨੂੰ 'ਗੋਲਡਨ ਟੈਂਪਲ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਵਿੱਚ ਭਾਈ ਮੁਨਸ਼ਾ ਸਿੰਘ ਵਰਗੇ ਉੱਚ ਕੋਟੀ ਦੇ ਕੀਰਤਨੀ ਜਥੇ ਕੀਰਤਨ ਦੀ ਸੇਵਾ ਕਰਦੇ ਰਹੇ। ਜਦ ਭਾਈ ਮੁਨਸ਼ਾ ਸਿੰਘ ਜੀ ਕੀਰਤਨ ਕਰਦੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਨੇਤਰ ਗੁਰਬਾਣੀ ਦੇ ਸਤਿਕਾਰ ਵਿੱਚ ਨਮ ਹੋ ਜਾਂਦੇ। ਇਵੇਂ ਹੀ ਭਾਈ ਦੇਸਾ ਜੀ, ਭਾਈ ਗਰਜਾ ਸਿੰਘ ਜੀ, ਭਾਈ ਬੂੜਾ ਜੀ ਦੇ ਕੀਰਤਨ ਤੋਂ ਸੰਗਤਾਂ ਬਹੁਤ ਪ੍ਰਭਾਵਿਤ ਹੁੰਦੀਆਂ ਸਨ। ਇਨ੍ਹਾਂ ਜਥਿਆਂ ਦੇ ਕੀਰਤਨ ਵਿੱਚ ਐਨੀ ਸ਼ਕਤੀ ਸੀ, ਕਿ ਸਰੋਤਿਆਂ ਦੇ ਮਨ ਇਕਾਗਰ ਹੋ ਜਾਂਦੇ ਸਨ, ਬਿਰਤੀਆਂ ਗੁਰੂ ਚਰਨਾਂ ਨਾਲ ਜੁੜ ਜਾਦੀਆਂ ਅਤੇ ਸਭ ਗੁਰੂ ਦੀ ਬਾਣੀ ਦਾ ਆਨੰਦ ਮਾਣਦੇ।

ਇਕ ਦਿਨ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਭਾਈ ਮੁਨਸ਼ਾ ਸਿੰਘ, ਜੋ ਵਕਤ ਦੇ ਸਿਰਮੌਰ ਕੀਰਤਨੀਏ ਹਨ, ਦਾ ਜੀਵਨ ਇਸ ਸਮੇਂ ਬੜੀ ਮੰਦਹਾਲੀ ਅਤੇ ਗਰੀਬੀ ਵਿੱਚ ਨਿਕਲ ਰਿਹਾ ਹੈ। ਰਣਜੀਤ ਸਿੰਘ ਨੂੰ ਪਤਾ ਸੀ ਕਿ ਅਜਿਹਾ ਸੁਝਵਾਨ ਰਾਗੀ ਕੀਰਤਨਕਾਰ, ਕਦੇ-ਕਦੇ ਹੀ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਸੇਵਾ ਨਿਭਾਉਣ ਦੇ ਸਮਰੱਥ ਹੁੰਦਾ ਹੈ। ਅਜਿਹਾ ਜਾਣ ਕੇ ਮਹਾਰਾਜਾ, ਭਾਈ ਮੁਨਸ਼ਾ ਸਿੰਘ ਲਈ ਤੋਹਫੇ ਤੇ ਮਾਇਆ ਲੈ ਕੇ ਲਾਮ-ਲਸ਼ਕਰ ਸਹਿਤ ਉਨ੍ਹਾਂ ਦੇ ਘਰ ਅੱਗੇ ਜਾ ਪਹੁੰਚੇ। ਜਦ ਬਾਈ ਮੁਨਸ਼ਾ ਸਿੰਘ ਨੂੰ ਭਿਣਕ ਪਈ ਤਾਂ ਉਨ੍ਹਾਂ ਨੇ ਘਰ ਦਾ ਦਰਵਾਜ਼ਾ ਬੰਦ ਕਰ ਲਿਆ ਅਤੇ ਅੰਦਰੋਂ ਹੀ ਬੜੀ ਨਿਮਰਤਾ ਨਾਲ ਮਹਾਰਾਜੇ ਦੀ ਸੋਚ ਦੀ ਸਰਾਹਣਾ ਕਰਦੇ ਹੋਏ ਧੰਨਵਾਦ ਕਰਦਿਆਂ ਭੇਟਾਵਾਂ ਲੈਣ ਤੋਂ ਅਸਮਰੱਥਾ ਜਤਾਈ। ਮਹਾਰਾਜੇ ਵੱਲੋਂ ਬਾਰ-ਬਾਰ ਕਹਿਣ 'ਤੇ ਭਾਈ ਮੁਨਸ਼ਾ ਸਿੰਘ ਨੇ ਕਿਹਾ ਕਿ ਮੈਂ ਗੁਰੂ ਰਾਮਦਾਸ ਦੇ ਘਰ ਦਾ ਸੇਵਕ ਹਾਂ, ਮੈਨੂੰ ਕਿਸੇ ਦੁਨਿਆਵੀ ਸਹਾਰੇ ਦੀ ਲੋੜ ਨਹੀਂ। ਇਹ ਸੁਣ ਕੇ ਸਾਰੀ ਸੰਗਤ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਆਭਾਸ ਹੋਇਆ ਕਿ ਗੁਰੂ ਘਰ ਦੇ ਕੀਰਤਨੀਏ ਦੁਨਿਆਵੀ ਰਾਜਿਆਂ-ਮਹਾਰਾਜਿਆਂ ਨਾਲੋਂ ਜ਼ਿਆਦਾ ਅਮੀਰ ਤੇ ਰੱਜੇ ਹੋਏ ਹਨ।

ਹਰਿਮੰਦਰ ਸਾਹਿਬ ਦੇ ਕੀਰਤਨੀਆਂ ਦੁਆਰਾ ਦਰਬਾਰ ਸਾਹਿਬ ਦੀ ਕੀਰਤਨ ਦੀ ਸੇਵਾ ਬੜੀ ਸ਼ਰਧਾ ਪੂਰਵਕ ਨਿਭਾਈ ਜਾਂਦੀ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਨਾਲ ਪ੍ਰਕਰਮਾਂ ਵਿੱਚ ਬਣੇ ਬੁੰਗਿਆਂ ਵਿੱਚ ਵੀ ਕੀਰਤਨ ਦਾ ਪ੍ਰਵਾਹ ਜਾਰੀ ਰਿਹਾ। ਇਨ੍ਹਾਂ ਬੁੰਗਿਆਂ ਵਿੱਚ ਭਾਈ ਚੜ੍ਹਤ ਸਿੰਘ ਰਾਗੀ, ਭਾਈ ਧਨਪਤ ਸਿੰਘ ਰਾਗੀ, ਭਾਈ ਕਾਨ੍ਹ ਸਿੰਘ ਰਾਗੀ, ਉਹ ਕੀਰਤਨ ਦੀ ਸਿਖਲਾਈ ਵੀ ਦਿੰਦੇ ਰਹੇ। ਬੁੰਗਾ ਆਹਲੂਵਾਲੀਆ ਵਿੱਚ ਵੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਕਰਨ ਲਈ ਜਥੇ ਤਿਆਰ ਕੀਤੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 31 ਮਈ, 1827 ਨੂੰ ਇਕ ਅੰਗਰੇਜ਼ੀ ਮਿਸ਼ਨ ਭਾਰਤ ਆਇਆ ਜਿਸ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਲਿਆਂਦਾ ਗਿਆ। ਇਸ ਮਿਸ਼ਨ ਨਾਲ ਲਾਰਡ ਆਕਲੈਂਡ ਜਦ ਅੰਮ੍ਰਿਤਸਰ ਪਹੁੰਚਿਆ ਤਾਂ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਜਾਣ ਦੀ ਇੱਛਾ ਪ੍ਰਗਟ ਕੀਤੀ। ਮਹਾਰਾਜੇ ਨੇ ਅੰਮ੍ਰਿਤਸਰ ਦੇ ਸ਼ਹਿਰੀਆਂ ਨੂੰ ਆਗਾਹ ਕੀਤਾ ਕਿ ਕੋਈ ਗਵਰਨਰ ਜਰਨਲ ਬਾਹਰੋਂ ਆਇਆ ਹੈ ਅਤੇ ਉਸ ਨਾਲ ਆਏ ਆਦਮੀਆਂ ਨਾਲ ਕੋਈ ਵੀ ਅਜਿਹਾ ਸਲੂਕ ਨਾ ਕਰੇ ਜਿਸ ਨਾਲ ਸਿੱਖਾਂ ਬਾਰੇ ਉਸ ਦੇ ਵਿਚਾਰ ਮੰਦ ਭਾਵਨਾ ਵਾਲੇ ਹੋ ਜਾਣ ਅਤੇ ਸਿੱਖ ਕੌਮ ਦੀ ਛਵੀ ਵਿੱਚ ਨਿਘਾਰ ਆਵੇ।

ਗਵਰਨਰ ਜਨਰਲ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਦਾ ਕੋਈ ਪਤਾ ਨਹੀਂ ਸੀ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਅਧਿਕਾਰੀਆਂ ਨੇ ਉਸ ਨੂੰ ਇਸ ਸਬੰਧੀ ਦੱਸਿਆ। ਆਕਲੈਂਡ ਬੂਟਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦਾਖਲ ਹੋਣ ਲੱਗਾ ਜਿਸ 'ਤੇ ਸੰਗਤਾਂ ਨੇ ਉਸ ਦੇ, ਬੂਟਾਂ ਸਮੇਤ ਇਸ ਪਵਿੱਤਰ ਅਸਥਾਨ ਵਿੱਚ ਪ੍ਰਵੇਸ਼ ਉਤੇ ਇਤਰਾਜ਼ ਕੀਤਾ। ਅਖੀਰ ਵਿੱਚ ਗਵਰਨਰ ਜਨਰਲ ਨੂੰ ਬੂਟਾਂ ਦੇ ਉੱਤੋਂ ਜੁਰਾਬਾਂ ਪੁਆਈਆਂ ਗਈਆਂ ਅਤੇ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਗਏ। ਸ੍ਰੀ ਹਰਿਮੰਦਰ ਸਾਹਿਬ ਵਿਖੇ ਆਕਲੈਂਡ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਇਕ ਗਲੀਚੇ 'ਤੇ ਬੈਠ ਕੇ ਸ਼ਬਦ ਕੀਰਤਨ ਸੁਣਦਾ ਰਿਹਾ।

ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਹੈਨਰੀ ਲਾਰੈਂਸ ਨੇ ਸ੍ਰੀ ਲਹਿਣਾ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੈਨੇਜਰ ਨਿਯੁਕਤ ਕੀਤਾ। ਉਦੋਂ ਤੋਂ ਹੁਣ ਤੱਕ ਸ੍ਰੀ ਹਰਿਮੰਦਰ ਸਾਹਿਬ ਦਾ ਸਮੁੱਚਾ ਪ੍ਰਬੰਧ ਪੰਥ ਅਤੇ ਸਥਾਨਕ ਸੰਗਤਾਂ ਦੇ ਹੱਥ ਵਿੱਚ ਰਿਹਾ। ਬਰਤਾਨਵੀ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵਿੱਚ ਸਮੇਂ-ਸਮੇਂ ਉਤੇ ਸਰਕਾਰੀ ਦਖ਼ਲ ਤਾਂ ਰਿਹਾ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਨਿਰਵਿਘਨ ਚਲਦੀ ਰਹੀ। ਇਸ ਸਮੇਂ ਸਿੱਖ ਰਾਗੀਆਂ ਅਤੇ ਮੁਸਲਿਮ ਰਬਾਬੀਆਂ ਦੇ ਕੀਰਤਨੀ ਜਥੇ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਦੇ ਪ੍ਰਵਾਹ ਨੂੰ ਚਲਾਉਂਦੇ ਰਹੇ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਬਹੁਤੇ ਮੁਸਲਿਮ ਰਬਾਬੀ ਜਥੇ ਪਾਕਿਸਤਾਨ ਵੱਲ ਕੂਚ ਕਰ ਗਏ। ਉਨ੍ਹਾਂ ਵਿੱਚੋਂ ਕੁਝ ਨੇ ਭਾਰਤ ਵਿੱਚ ਰਹਿ ਕੇ ਸਿੱਖੀ ਧਾਰਨ ਕਰ ਲਈ। ਪਾਕਿਸਤਾਨ ਗਏ ਕੁਝ ਰਬਾਬੀਆਂ ਦੇ ਪਰਿਵਾਰ ਦੇ ਜੀਅ ਅੱਜ-ਕੱਲ੍ਹ ਸਮੇਂ-ਸਮੇਂ ਸੰਗਤਾਂ ਦੀ ਆਮਦ 'ਤੇ ਪਾਕਿਸਤਾਨ ਵਿਚ ਸ਼ਬਦ ਕੀਰਤਨ ਕਰਦੇ ਹਨ। ਇਸ ਨਾਲ ਉਨ੍ਹਾਂ ਦੀ ਉਪਜੀਵਕਾ ਲਈ ਮਾਇਆ ਵੀ ਇਕੱਤਰ ਹੋ ਜਾਂਦੀ ਹੈ ਅਤੇ ਗੁਰਮਤਿ ਸੰਗੀਤ ਦੀ ਰਬਾਬੀ ਪਰੰਪਰਾ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਫੁੱਲਤ ਹੋ ਰਹੀ ਹੈ। ਸਿੱਖੀ ਸਰੂਪ ਦੇ ਧਾਰਣੀ ਨਾ ਹੋਣ ਕਾਰਨ ਇਨ੍ਹਾਂ ਰਬਾਬੀ ਕੀਰਤਨਕਾਰਾਂ ਦਾ ਹਰਿਮੰਦਰ ਸਾਹਿਬ ਜਾਂ ਹੋਰ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਵਿਚ ਸ਼ਬਦ ਕੀਰਤਨ ਸੰਭਵ ਨਹੀਂ ਹੋ ਸਕਦਾ ਅਤੇ ਨਾ ਹੀ ਇਹ ਰਬਾਬੀ ਕੀਰਤਨਕਾਰ ਸਿੱਖੀ ਧਾਰਨ ਕਰਨ ਲਈ ਅੱਗੇ ਆ ਰਹੇ ਹਨ। ਇਨ੍ਹਾਂ ਦਾ ਮੰਤਵ ਤਾਂ ਕੰਠ ਬਾਣੀ ਤੇ ਸੰਗੀਤ ਗਿਆਨ ਦੇ ਪ੍ਰਗਟਾਵੇ ਨਾਲ ਪੈਸੇ ਇਕੱਠੇ ਕਰਨ ਤੱਕ ਹੀ ਸੀਮਤ ਹੈ। ਪਰ ਫੇਰ ਵੀ ਸਾਨੂੰ ਇਸ ਪਰੰਪਰਾ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਰਬਾਬੀਆਂ ਕੀਰਤਨਕਾਰਾਂ ਦੀਆਂ ਵਰਕਸ਼ਾਪਾਂ ਆਯੋਜਿਤ ਕਰਕੇ ਸਿੱਖ ਨੌਜਵਾਨਾਂ ਨੂੰ ਰਬਾਬੀ ਕੀਰਤਨ ਪ੍ਰਣਾਲੀ ਦੇ ਗੁਣ ਗ੍ਰਹਿਣ ਕਰਵਾਉਣੇ ਚਾਹੀਦੇ ਹਨ।

(ਸਮਾਪਤ)

## ਝੂਠੇ ਪੁਲਿਸ ਮੁਕਾਬਲੇ : ਪੁਲਿਸ ਦੇ 120 ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਹੋ ਸਕਦੀਆਂ ਨੇ ਸਖ਼ਤ ਸਜ਼ਾਵਾਂ

ਪੰਜਾਬ ਪੁਲੀਸ ਦੇ 10 ਅਫ਼ਸਰ ਤੇ ਮੁਲਾਜ਼ਮ ਜਿਨ੍ਹਾਂ ਵਿੱਚ ਡੀਐੱਸਪੀ ਰੈਂਕ ਦੇ ਦੋ ਅਫ਼ਸਰ ਵੀ ਸ਼ਾਮਲ ਹਨ, ਨੂੰ ਸਜ਼ਾਵਾਂ ਹੋਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕੇਂਦਰੀ ਜਾਂਚ ਬਿਊਰੋ ਨੇ ਪੰਜਾਬ ਪੁਲੀਸ ਦੇ ਅਫ਼ਸਰਾਂ ਤੇ ਮੁਲਾਜ਼ਮਾਂ ਵਿਰੁੱਧ ਕਤਲ ਜਾਂ ਹੋਰਨਾਂ ਸੰਗੀਨ ਧਾਰਾਵਾਂ ਤਹਿਤ 101 ਅਪਰਾਧਕ ਮਾਮਲੇ ਦਰਜ ਕੀਤੇ ਸਨ। ਇਨ੍ਹਾਂ ਵਿੱਚ ਜ਼ਿਆਦਾਤਰ ਕਤਲ ਤੇ ਅਗਵਾ ਦੇ ਸਨ। 27 ਮਾਮਲਿਆਂ ਨੂੰ ਤਾਂ ਠੱਪ ਕਰ ਦਿੱਤਾ ਗਿਆ ਹੈ ਭਾਵ ਸੀਬੀਆਈ ਨੂੰ ਕੋਈ ਪੁਖ਼ਤਾ ਸਬੂਤ ਨਹੀਂ ਮਿਲੇ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਗੁਆਉਣੀ ਪਈ। ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦਿਆਂ ਜਸਵੰਤ ਸਿੰਘ ਖਾਲੜਾ ਨੇ ਤਰਨਤਾਰਨ ਦੀ ਸ਼ਮਸ਼ਾਨ ਘਾਟ ਵਿੱਚ ਪੁਲੀਸ ਵੱਲੋਂ 2097 ਵਿਅਕਤੀਆਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇ ਕੇ ਸਸਕਾਰ ਕਰਨ ਦੇ ਤੱਥ ਜਨਤਕ ਕੀਤੇ ਸਨ। ਖਾਲੜਾ ਨੂੰ ਮਗਰੋਂ ਅਗਵਾ ਕਰ ਲਿਆ ਗਿਆ ਸੀ ਤੇ ਉਸ ਦਾ ਕੋਈ ਖੁਰਾ-ਖੋਜ ਨਹੀਂ ਮਿਲਿਆ। ਸੀਬੀਆਈ ਦੀ ਲੰਮੀ ਤਫ਼ਤੀਸ਼ ਤੋਂ ਬਾਅਦ 5 ਪੁਲੀਸ ਮੁਲਾਜ਼ਮਾਂ ਨੂੰ ਖਾਲੜਾ ਨੂੰ ਅਗਵਾ ਕਰਨ ਅਤੇ ਖਪਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਪੁਲੀਸ ਮੁਲਾਜ਼ਮਾਂ ਤੇ ਅਫ਼ਸਰਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਨੇ ਪੁਲੀਸ ਵਾਲਿਆਂ ਦੀ ਅਪੀਲ ਰੱਦ ਕਰ ਦਿੱਤੀ ਸੀ। ਇਨ੍ਹਾਂ ਸਾਰੇ ਪੁਲੀਸ ਅਫ਼ਸਰ ਤੇ ਮੁਲਾਜ਼ਮਾਂ ਨੂੰ ਵੀ ਰਾਜ ਸਰਕਾਰ ਰਿਹਾਅ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਮਰ ਕੈਦ ਦੀ ਸਜ਼ਾ ਭੁਗਤ ਰਹੇ 21 ਪੁਲੀਸ ਅਫ਼ਸਰਾਂ 'ਤੇ ਮੁਲਾਜ਼ਮਾਂ ਦੀ ਰਿਹਾਈ ਅਤੇ ਸਜ਼ਾ ਮੁਆਫ਼ੀ ਦੀ ਮੰਗ ਕਰਦਿਆਂ 27 ਪੁਲੀਸ ਅਫ਼ਸਰਾਂ, ਜਿਨ੍ਹਾਂ ਨੂੰ ਅਦਾਲਤਾਂ ਨੇ ਸਜ਼ਾਵਾਂ ਤਾਂ ਦਿੱਤੀਆਂ ਪਰ ਉਪਰਲੀਆਂ ਅਦਾਲਤਾਂ ਨੇ ਜ਼ਮਾਨਤ 'ਤੇ ਰਿਹਾਅ ਕੀਤਾ ਹੋਇਆ ਹੈ, ਦੀਆਂ ਵੀ ਸਜ਼ਾਵਾਂ ਮੁਆਫ਼ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਦਾ ਦੱਸਣਾ ਹੈ ਕਿ ਰਾਜ ਸਰਕਾਰ ਵੱਲੋਂ ਮੰਤਰਾਲੇ ਨੂੰ ਇਸ ਚਿੱਠੀ ਦੇ ਨਾਲ 48 ਪੁਲੀਸ ਅਫ਼ਸਰਾਂ ਦੇ ਨਾਂ ਅਤੇ ਮਾਮਲਿਆਂ ਦੀ ਮੁਕੰਮਲ ਤਫ਼ਸੀਲ ਭੇਜੀ ਗਈ ਸੀ। ਕੇਂਦਰ ਸਰਕਾਰ ਨੇ ਹਾਲ ਦੀ ਘੜੀ ਭਾਵੇਂ 5 ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਹੀ ਰਿਹਾਅ ਕਰਨ ਦਾ ਫ਼ੈਸਲਾ ਲਿਆ ਹੈ ਪਰ ਰਾਜ ਸਰਕਾਰ ਨੂੰ ਸਾਰੇ 47 ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਰਾਹਤ ਦਿੱਤੇ ਜਾਣ ਦੀ ਉਮੀਦ ਹੈ।

### ਬੰਦੀ ਸਿੰਘਾਂ ਦੀ ਰਿਹਾਈ ਲਈ 21 ਮੈਂਬਰੀ ਕਮੇਟੀ ਕੀਤੀ ਸਥਾਪਿਤ

ਇਸ ਕਮੇਟੀ ਵਿੱਚ ਸਾਬਕਾ ਵਿਧਾਇਕ ਐੱਚਐੱਸ ਫੂਲਕਾ, ਜਸਪਾਲ ਸਿੰਘ ਹੇਰਾਂ, ਹਰਪਾਲ ਸਿੰਘ ਚੀਮਾ ਦਲ ਖ਼ਾਲਸਾ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਅਕਾਲੀ ਦਲ (ਅ) ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ ਹਰਚਰਨ ਸਿੰਘ, ਗੁਰਦੀਪ ਸਿੰਘ ਬਠਿੰਡਾ, ਪਰਮਜੀਤ ਸਿੰਘ ਸਹੌਲੀ, ਸਤਨਾਮ ਸਿੰਘ ਮਨਾਵਾਂ, ਵੱਸਣ ਸਿੰਘ ਜ਼ਫਰਵਾਲ, ਬੂਟਾ ਸਿੰਘ ਰਣਸੀਂਹ, ਬਾਬਾ ਪ੍ਰਦੀਪ ਸਿੰਘ ਚਾਂਦਪੁਰਾ (ਪੰਥਕ ਸੇਵਾ ਲਹਿਰ), ਗੁਰਸੇਵਕ ਸਿੰਘ ਜਵਾਹਰਕੇ, ਨਰੈਣ ਸਿੰਘ ਚੌੜਾ, ਜਸਵੀਰ ਸਿੰਘ ਖਡੂਰ, ਜਸਪਾਲ ਸਿੰਘ ਮੰਝਪੁਰ ਆਦਿ ਨੂੰ ਸ਼ਾਮਲ ਕੀਤਾ ਗਿਆ ਹੈ।

ਜਥੇਦਾਰ ਮੰਡ ਨੇ ਭਾਰਤ ਸਰਕਾਰ ਅਪੀਲ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਧਿਆਨ ਵਿਚ ਰੱਖਦਿਆਂ ਸਾਰੇ ਬੰਦੀ ਸਿੰਘਾਂ ਨੂੰ ਆਮ ਮੁਆਫ਼ੀ ਦੇ ਕੇ ਰਿਹਾਅ ਕਰੇ।

#### ਭਾਈ ਤਾਰਾ ਨਰਾਜ਼

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੱਤਿਆ ਕੇਸ ਵਿਚ ਬੁੜੈਲ ਜੇਲ ਵਿਚ ਬੰਦ ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਨਿੱਜੀ ਵਕੀਲ ਸਿਮਰਨਜੀਤ ਸਿੰਘ ਰਾਹੀਂ ਕਿਹਾ ਹੈ ਕਿ ਕੇਂਦਰ ਦੀ ਭਾਜਪਾ ਦੀ ਸਰਕਾਰ ਤੇ ਪ੍ਰਧਾਨ ਮੰਤਰੀ ਮੋਦੀ ਅੱਠ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਨੂੰ ਲੈ ਕੇ ਅੰਤਰਰਾਸ਼ਟਰੀ ਭਾਈਚਾਰੇ ਅਤੇ ਸਿੱਖ ਕੌਮ ਨੂੰ ਤੱਥਾਂ ਤੋਂ ਕੋਹਾਂ ਦੂਰ ਝੂਠੇ ਪ੍ਰਚਾਰ ਰਾਹੀਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਐਲਾਨੇ ਗਏ ਅੱਠ ਸਿੱਖ ਕੈਦੀਆਂ ਵਿਚੋਂ ਪੰਜ ਸਿੱਖ ਕੈਦੀ ਆਪਣੀ ਬਣਦੀ ਸਜ਼ਾ ਨਾਲੋਂ ਵੱਧ ਸਜ਼ਾ ਕਟ ਕੇ ਰਿਹਾਅ ਹੋ ਕੇ ਆਪਣੇ ਘਰ ਆ ਚੁੱਕੇ ਹਨ ਤੇ ਦੂਸਰੇ ਤਿੰਨ ਸਿੱਖ ਕੈਦੀ ਵੀ ਆਪਣੀ ਬਣਦੀ ਸਜ਼ਾ ਕਈ ਸਾਲ ਪਹਿਲਾਂ ਪੂਰੀ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅੰਤਰਰਾਸ਼ਟਰੀ ਭਾਈਚਾਰੇ ਨੂੰ ਦੱਸੇ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 14 ਅਨੁਸਾਰ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ ਤੇ ਸਾਰਿਆਂ ਨੂੰ ਬਰਾਬਰ ਕਾਨੂੰਨੀ ਸੁਰੱਖਿਆ ਦਿਤੀ ਜਾਵੇਗੀ, ਤਾਂ ਭਾਰਤ ਸਰਕਾਰ ਨੇ ਆਪਣੇ ਹੀ ਕਾਨੂੰਨ ਦੀ ਉਲੰਘਣਾ ਕਰ ਕੇ ਕਿਹੜੇ ਕਾਰਨਾਂ ਕਰ ਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਅਨੇਕਾਂ ਸਿੱਖਾਂ ਨੂੰ ਨਾਜਾਇਜ਼ ਹਿਰਾਸਤ ਵਿਚ ਕਿਉਂ ਰੱਖਿਆ ਹੋਇਆ ਹੈ ?

ਉਨ੍ਹਾਂ ਕਿਹਾ ਕਿ ਭਾਰਤ ਦੀ ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ, ਇਕ ਪਾਸੇ ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸੰਘਰਸ਼ ਨਾਲ ਸਬੰਧਿਤ ਲੋਕਾਂ ਨੂੰ ਅਜੇ ਵੀ ਜੇਲਾਂ ਵਿਚੋਂ ਛੱਡਣ ਲਈ ਇਨਕਾਰ ਕਰ ਰਹੀ ਹੈ ਤੇ ਦੂਸਰੇ ਪਾਸੇ ਸਿੱਖਾਂ ਦੇ ਕਾਤਲ ਪੁਲਿਸ ਅਫ਼ਸਰਾਂ ਨੂੰ ਕਤਲ ਦੇ ਕੇਸਾਂ ਵਿਚੋਂ ਅਦਾਲਤ ਵਲੋਂ ਦਿਤੀਆਂ ਸਜ਼ਾਵਾਂ ਦੇ ਬਾਵਜੂਦ ਵੀ ਬਿਨਾਂ ਜੇਲ ਕਟਿਆਂ ਰਿਹਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦਾ ਰਾਸ਼ਟਰੀ ਸਿੱਖ ਸੰਗਤ ਵਿੰਗ ਲੰਮੇ ਸਮੇਂ ਤੋਂ ਰੁਲਦਾ ਸਿੰਘ ਅਤੇ ਕੇਂਦਰੀ ਏਜੰਸੀਆਂ ਦੇ ਹੋਰ ਬੰਦਿਆਂ ਰਾਹੀਂ ਵਿਦੇਸ਼ਾਂ ਵਿਚ ਸਿੱਖ ਸੰਘਰਸ਼ ਦਾ ਵਿਰੋਧ ਕਰਨ ਲਈ ਸਿੱਖ ਭਾਈਚਾਰੇ ਵਿਚੋਂ ਅਪਣੇ ਏਜੰਟ ਤਿਆਰ ਕਰ ਚੁੱਕਾ ਹੈ ਜੋ ਭਾਰਤੀ ਏਜੰਸੀਆਂ ਦੇ ਹੱਕ ਵਿਚ ਗੁੰਮਰਾਹਕੁਨ ਪ੍ਰਚਾਰ ਕਰਨ ਲਈ ਸਰਗਰਮ ਹਨ।

#### ਭਾਈ ਰਾਜੋਆਣਾ ਚੁੱਪ

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਪਟਿਆਲਾ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਮਗਰੋਂ ਉਸ ਦੀ ਭੈਣ ਕਮਲਦੀਪ ਕੌਰ ਨੇ ਪਹਿਲੀ ਵਾਰ ਜੇਲ੍ਹ ਵਿੱਚ ਮੁਲਾਕਾਤ ਕੀਤੀ। ਰਾਜੋਆਣਾ ਨੇ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਤੋਂ ਗੁਰੇਜ਼ ਹੀ ਕੀਤਾ ਹੈ।ਬੀਬੀ ਕਮਲਦੀਪ ਕੌਰ ਨੇ ਇਸ ਸਬੰਧੀ ਏਨਾ ਹੀ ਕਿਹਾ ਕਿ ਇਸ ਸਬੰਧੀ ਅਧਿਕਾਰਤ ਤੌਰ 'ਤੇ ਹੁਕਮ ਜਾਰੀ ਹੋਣ ਮਗਰੋਂ ਹੀ ਉਹ ਕੋਈ ਗੱਲ ਕਰਨਗੇ।

## ਪੰਜ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਭਾਰਤ ਸਰਕਾਰ ਵੱਲੋਂ ਰਾਹਤ

ਚੰਡੀਗੜ੍ਹ/ਏ.ਟੀ. ਨਿਊਜ਼ : ਕੇਂਦਰ ਸਰਕਾਰ ਵੱਲੋਂ ਪੰਜਾਬ ਸੰਤਾਪ ਦੇ ਦੌਰ ਸਮੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਕਤਲ ਤੇ ਤਸ਼ੱਦਦ ਕਰਨ ਦੇ ਦੋਸ਼ਾਂ ਵਿਚ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਪੁਲਿਸ ਦੇ ਪੰਜ ਮੁਲਾਜ਼ਮਾਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ 20 ਅਜਿਹੇ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੀ ਰਿਹਾਈ ਦੀ ਮੰਗ ਕੀਤੀ ਸੀ ਜੋ ਪੰਜਾਬ ਸੰਤਾਪ ਸਮੇਂ ਦੇ ਵੱਖ-ਵੱਖ ਕੇਸਾਂ ਦੇ ਦੋਸ਼ਾਂ ਵਿਚ ਜੇਲ੍ਹਾਂ ਵਿਚ ਸਜ਼ਾਵਾਂ ਕੱਟ ਰਹੇ ਹਨ। ਕੈਪਟਨ ਦੀ ਸਿਫ਼ਾਰਸ਼ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ 20 ਵਿਚੋਂ 5 ਪੁਲਿਸ ਮੁਲਾਜ਼ਮਾਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਉਮਰ ਦੇ ਦੋਸ਼ੀ ਪੁਲਿਸ ਮੁਲਾਜ਼ਮ ਦੀ ਉਮਰ 90 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ ਜਦੋਂ ਕਿ ਸਭ ਤੋਂ ਘੱਟ ਉਮਰ ਦੇ ਦੋਸ਼ੀ ਪੁਲਿਸ ਵਾਲੇ ਦੀ ਉਮਰ 63 ਸਾਲ ਦੱਸੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਲਏ ਗਏ ਫ਼ੈਸਲੇ ਦਾ ਮੁੱਖ ਮੰਤਰੀ ਕੈਪਟਨ ਨੇ ਸਵਾਗਤ ਕੀਤਾ ਹੈ। ਉੱਧਰ, ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਪੁਲੀਸ ਜ਼ਿਆਦਤੀਆਂ ਵਧਣਗੀਆਂ ।

## ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸਿੱਖ ਫ਼ਿਲਾਸਫ਼ੀ ਅਨੁਸਾਰ ਵਿਸਮਾਦੀ ਵਿਸ਼ਵ ਆਰਡਰ ਕਿਵੇਂ ਸਿਰਜਿਆ ਜਾਏ

ਭਾਰਤ ਦੇ ਹਾਲਾਤ ਅਤੇ ਵਿਸ਼ਵ ਵਿਚ ਸਿੱਖਾਂ ਦੇ ਹੋ ਚੁੱਕੇ ਫੈਲਾਅ ਨਾਲ ਸਬੰਧਿਤ ਸੰਸਥਾਵਾਂ ਪ੍ਰਭਾਵਿਤ ਕਰਦੀਆਂ ਹਨ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਸਮੁੱਚੀਆਂ ਸੰਸਥਾਵਾਂ ਆਪਣੇ ਮੂਲ ਮਕਸਦਾਂ ਨੂੰ ਪੂਰਾ ਕਰਨ ਵਿਚ ਕਮਜ਼ੋਰ ਹੋ ਰਹੀਆਂ ਹਨ। ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਬਣ ਚੁੱਕੇ ਬਹੁਤੇ ਗੁਰਦੁਆਰੇ ਮਹਿਜ਼ ਇਮਾਰਤਾਂ ਹੀ ਬਣ ਕੇ ਰਹਿ ਗਏ ਹਨ। ਇਨ੍ਹਾਂ ਵਿਚੋਂ ਸਿੱਖੀ ਦਾ ਮੂਲ ਸੁਨੇਹਾ ਅਤੇ ਮਕਸਦ ਮਨਫ਼ੀ ਹਨ। ਗੁਰਦੁਆਰਾ ਕੇਂਦਰ ਅਤੇ ਸੰਸਥਾ ਦੀ ਲੋਕ ਭਲਾਈ ਅਥਵਾ ਸਮਾਜਿਕ ਭੂਮਿਕਾ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਗੁਰਦੁਆਰਾ ਕੇਂਦਰ ਜੇਕਰ ਸਮਾਜਿਕ ਭਲਾਈ ਪ੍ਰਥਾਇ ਵਿੱਦਿਅਕ ਸਿਖਲਾਈ ਕੇਂਦਰ, ਸਿਹਤ ਸੰਭਾਲ ਕਲੀਨਿਕ, ਕੰਪਿਊਟਰ ਸਿੱਖਿਆ, ਜਿੰਮ, ਮਾਰਸ਼ਲ ਆਰਟਸ, ਲਾਇਬ੍ਰੇਰੀ ਅਤੇ ਗੁਰਮਤਿ ਸਿੱਖਿਆ ਆਦਿ ਦੇ ਕਾਰਜ ਸ਼ੁਰੂ ਕਰ ਦੇਣ ਤਾਂ ਪੰਜਾਬ ਦੇ ਲੋਕਾਂ, ਵਿਸ਼ੇਸ਼ ਕਰਕੇ ਗਰੀਬ ਤਬਕੇ ਲਈ ਇਕ ਵੱਡਾ ਵਰਦਾਨ ਸਾਬਤ ਹੋ ਸਕਦੇ ਹਨ। ਇਕ ਅਨੁਮਾਨ ਅਨੁਸਾਰ ਗੁਰਦੁਆਰਿਆਂ ਦੇ ਤਾਲਮੇਲ ਨਾਲ ਲਗਭਗ 2 ਲੱਖ ਦੇ ਕਰੀਬ ਨੌਕਰੀਆਂ ਪੈਦਾ ਹੋ ਜਾਣਗੀਆਂ, ਜਿਨ੍ਹਾਂ ਦਾ ਪ੍ਰਬੰਧ ਸਰਕਾਰ ਉੱਤੇ ਨਿਰਭਰ ਰਹਿ ਕੇ ਨਹੀਂ, ਸਗੋਂ ਸਿੱਖਾਂ ਦੇ ਦਸਵੰਧ ਨਾਲ ਹੀ ਹੋ ਸਕੇਗਾ। ਇਨ੍ਹਾਂ ਹੀ ਲੀਹਾਂ ਉੱਤੇ ਸ਼੍ਰੋਮਣੀ ਕਮੇਟੀ ਤੋਂ ਲੈ ਕੇ ਸਾਰੀਆਂ ਨਾਮਵਰ ਪ੍ਰਬੰਧਕ ਕਮੇਟੀਆਂ ਵਿਚ ਵੱਡੀ ਪੱਧਰ 'ਤੇ ਬਹੁ-ਪਰਤੀ ਸੁਧਾਰ ਲਿਆਉਣ ਦੇ ਵੱਡੇ ਕਾਰਜ ਕਰਨ ਦੀ ਪਹਿਲਕਦਮੀ ਕੀਤੀ ਜਾ ਸਕਦੀ ਹੈ। ਗੁਰਦੁਆਰਾ ਸੰਸਥਾ ਦੀ ਨਵੀਂ ਸਮਾਜ ਭਲਾਈ ਭੂਮਿਕਾ ਇਨ੍ਹਾਂ ਸਮਾਗਮਾਂ ਵਿਚ ਵਿਚਾਰੇ ਜਾਣ ਦਾ ਏਜੰਡਾ ਬਣਨਾ ਚਾਹੀਦਾ ਹੈ।

ਇਨ੍ਹਾਂ ਹੀ ਲੀਹਾਂ ਉੱਤੇ ਸਿੱਖ ਪੰਥ ਦੇ ਬੱਚਿਆਂ ਨੂੰ ਸਫ਼ਲ ਮਨੁੱਖੀ ਸਰੋਤ ਘੜਨ ਵਜੋਂ ਭਾਰਤੀ ਵਿੱਦਿਅਕ ਸਿਸਟਮ ਦੇ ਨਾਲ-ਨਾਲ ਸਿੱਖ ਵਿੱਦਿਅਕ ਪ੍ਰਣਾਲੀ ਕੀ ਹੋਵੇ ? ਪੰਜਾਬ ਦੇ ਆਰਥਿਕ ਵਿਕਾਸ ਦੇ ਅੰਤਰਗਤ ਕਿਸਾਨੀ, ਵਪਾਰ, ਉਦਯੋਗਿਕ ਅਤੇ ਸਮੁੱਚੇ ਤੌਰ 'ਤੇ ਆਰਥਿਕ ਵਿਕਾਸ ਦਾ ਨਵਾਂ ਪੰਜਾਬ ਮਾਡਲ ਕੀ ਹੋਵੇ ? ਲੋਕਾਂ ਨੂੰ ਸਸਤਾ ਅਤੇ ਵਧੀਆ ਇਲਾਜ ਦੇਣ ਪ੍ਰਥਾਇ ਨਵਾਂ ਸਿਹਤ ਸੰਭਾਲ ਸਿਸਟਮ ਕਿਵੇਂ ਉਸਾਰਿਆ ਜਾਏ ? ਨਸ਼ਿਆਂ ਤੋਂ ਮੁਕਤ, ਪਰਿਵਾਰਕ-ਸਮਾਜੀ ਰਿਸ਼ਤਿਆਂ ਵਿਚ ਪਵਿੱਤਰਤਾ ਅਤੇ ਰੁਜ਼ਗਾਰ-ਕੇਂਦਰਿਤ ਨਵਾਂ ਸਮਾਜਿਕ ਸੁਰੱਖਿਅਤ ਜੀਵਨ ਕਿਵੇਂ ਉਸਾਰਿਆ ਜਾਏ ? ਭ੍ਰਿਸ਼ਟਾਚਾਰ-ਮੁਕਤ, ਪਾਰਦਰਸ਼ੀ ਅਤੇ ਆਦਰਸ਼ਕ ਸ਼ਾਸਨ ਦਾ ਸਿੱਖ ਫ਼ਿਲਾਸਫ਼ੀ ਅਨੁਸਾਰ ਕਿਹੜਾ ਮਾਡਲ ਵਿਕਸਿਤ ਕੀਤਾ ਜਾਵੇ ਕਿ ਭਵਿੱਖ ਦਾ ਸਿੱਖ ਸ਼ਾਸਕ ਪੰਜਾਬ ਅਤੇ ਇਸ ਤੋਂ ਬਾਹਰ ਵੀ ਸਫ਼ਲ ਸ਼ਾਸਨ ਚਲਾਉਣ ਦੇ ਸਮਰੱਥ ਹੋ ਸਕੇ ? ਭਾਰਤ ਅਤੇ ਵਿਸ਼ਵ ਵਿਚ ਵਸਦਾ ਸਿੱਖ ਭਾਈਚਾਰਾ ਇਕ ਕਾਮਨਵੈਲਥ ਵਜੋਂ ਕਿਵੇਂ ਆਪਣੀ ਵਿਸ਼ਵ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕੇ ? ਸਿੱਖ ਫ਼ਿਲਾਸਫ਼ੀ ਅਨੁਸਾਰ ਆਦਰਸ਼ਕ ਵਿਸਮਾਦੀ ਵਿਸ਼ਵ ਆਰਡਰ ਕਿਵੇਂ ਸਿਰਜਿਆ ਜਾਏ ਅਤੇ ਸੰਕਟਗ੍ਰਸਤ ਮਾਨਵ ਸੱਭਿਅਤਾ ਨੂੰ ਦਰਪੇਸ਼ ਖ਼ਤਰਿਆਂ ਦਾ ਸਾਹਮਣਾ ਕਰਨ ਲਈ ਕਿਵੇਂ ਨਵੀਂ ਦਿਸ਼ਾ ਦਿੱਤੀ ਜਾ ਸਕੇ ? ਇਹ ਅਤੇ ਹੋਰ ਅਜਿਹੇ ਕਈ ਵਿਸ਼ੇ ਹਨ, ਜਿਨ੍ਹਾਂ ਦੀ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਚਰਚਾ ਕਰਕੇ ਵੱਡਾ ਨੀਤੀ ਪ੍ਰੋਗਰਾਮ ਬਣਾਉਣ ਦੀ ਲੋੜ ਹੈ।

## ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ 'ਚ ਸੰਗਤ ਦੀ ਆਮਦ ਵਧੀ

ਸ਼ਹਿਰ ਵਿਚੋਂ ਲੰਘਦੀਆਂ ਝੋਨੇ ਦੀਆਂ ਟਰਾਲੀਆਂ ਨੇ ਵੀ ਸਮੱਸਿਆ ਵਧਾ ਦਿੱਤੀ ਹੈ। ਝੋਨੇ ਦੀ ਮੰਡੀ ਲਈ ਬਦਲਵਾਂ ਪ੍ਰਬੰਧ ਨੇੜਲੇ ਪਿੰਡ ਝੱਲ ਲੇਈ ਵਾਲਾ ਵਿਚ ਕੀਤਾ ਗਿਆ ਸੀ ਪਰ ਆੜ੍ਹਤੀਆਂ ਦੀ ਜ਼ਿੱਦ ਕਾਰਨ ਮੰਡੀ ਨੂੰ ਕੁਝ ਦਿਨਾਂ ਲਈ ਨਹੀਂ ਬਦਲਿਆ ਗਿਆ ਜਿਸ ਨਾਲ ਆਵਾਜਾਈ ਦੀ ਸਮੱਸਿਆ ਵਧ ਗਈ ਹੈ। ਡੱਲਾ ਸਾਹਿਬ ਤੋਂ ਸੁਲਤਾਨਪੁਰ ਆਉਣ ਵਾਲੀ ਸੜਕ ਨੂੰ ਦੋ ਪਾਸੇ ਤੋਂ ਰੇਲਵੇ ਲਾਈਨ ਲੱਗਦੀ ਹੈ। ਇਸ ਰੇਲਵੇ ਲਾਈਨ 'ਤੇ ਗੁਰਦੁਆਰਾ ਬੇਰ ਸਾਹਿਬ ਨੂੰ ਜਾਣ ਵਾਲੀ ਸਾਈਡ 'ਤੇ ਤਾਂ ਅੰਡਰ ਬ੍ਰਿਜ ਚਾਲੂ ਹੋ ਗਿਆ ਹੈ ਪਰ ਦੂਜੇ ਪਾਸੇ ਵਾਲਾ ਅੰਡਰ ਬ੍ਰਿਜ ਚਾਲੂ ਨਾ ਹੋਣ ਕਾਰਨ ਇਹ ਰਸਤਾ ਅਜੇ ਬੰਦ ਹੈ ਜਿਸ ਕਾਰਨ ਇਧਰ ਆਉਣ ਵਾਲੀ ਟ੍ਰੈਫਿਕ ਦਾ ਦਬਾਅ ਵੀ ਗੁਰਦੁਆਰਾ ਬੇਰ ਸਾਹਿਬ ਵਾਲੇ ਪਾਸੇ ਜ਼ਿਆਦਾ ਵਧ ਗਿਆ ਹੈ।

ਇਸੇ ਤਰ੍ਹਾਂ ਮਾਲਵੇ ਤੋਂ ਲੋਹੀਆਂ ਰਾਹੀਂ ਸੁਲਤਾਨਪੁਰ ਲੋਧੀ ਆ ਰਹੀ ਸੰਗਤ ਵੀ ਇਸੇ ਰਸਤੇ ਆਉਣ ਕਾਰਨ ਟ੍ਰੈਫਿਕ ਦੀ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ ਹੈ। ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਰਿਆੜ ਨੇ ਦੱਸਿਆ ਕਿ ਲੰਘੇ ਐਤਵਾਰ ਸੰਗਤ ਦੀ ਹਾਜ਼ਰੀ ਦੋ ਲੱਖ ਤੋਂ ਟੱਪ ਗਈ ਸੀ। ਉਸ ਦਿਨ ਨੌਂ ਨਗਰ ਕੀਰਤਨ ਸੁਲਤਾਨਪੁਰ ਲੋਧੀ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਕੰਪਲੈਕਸ ਵਿਚ ਦੋ ਮੰਜ਼ਲਾ ਲੰਗਰ ਦੀ ਇਮਾਰਤ ਤਿਆਰ ਹੈ ਜਿਥੇ ਇਕੋ ਸਮੇਂ 10 ਹਜ਼ਾਰ ਸੰਗਤ ਲੰਗਰ ਛਕ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸੰਗਤ ਵਿਚ 550ਵੇਂ ਪ੍ਰਕਾਸ਼ ਪੁਰਬ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਇਸੇ ਉਤਸ਼ਾਹ ਤੇ ਸ਼ਰਧਾ ਸਦਕਾ ਸੰਗਤ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

ਨਿੱਘੀ ਜੱਫੀ ਜਾਂ ਕੁੱਝ ਚੰਗੇ ਸੁਨੇਹੇ ਭੇਜਣ ਨਾਲ ਰਿਸ਼ਤੇ ਵਿਚ ਨਿੱਘ ਭਰਿਆ ਜਾ ਸਕਦਾ ਹੈ।

ਅਜਿਹਾ ਉਦੋਂ ਤੱਕ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਅਨੁਪਾਤ 5:1 ਨਾ ਹੋ ਜਾਵੇ।

ਹੁਣ ਗੱਲ ਕਰੀਏ ਸਿਰਫ ਨਕਾਰਾਤਮਕ ਸੋਚ ਵਾਲੇ ਮਨੁੱਖ ਦੀ ਜੋ ਅਲੋਚਨਾ ਤੋਂ ਇਲਾਵਾ ਕੁੱਝ ਜਾਣਦਾ ਹੀ ਨਾ ਹੋਵੇ ਤੇ ਕਦੇ ਵੀ ਸਾਰਥਕ ਗੱਲ ਨਾ ਕਰਦਾ ਹੋਵੇ। ਅਜਿਹਾ ਮਨੁੱਖ ਆਪਣੇ ਮਨ ਨੂੰ ਇਹ ਸਮਝਾ ਲੈਂਦਾ ਹੈ ਕਿ ਰੁੱਖਾ ਬੋਲਣਾ ਉਸ ਦਾ ਖਾਸ ਗੁਣ ਹੈ ਤੇ ਇੰਜ ਹੀ ਉਹ ਆਪਣੇ ਆਪ ਨੂੰ ਬਾਕੀਆਂ ਤੋਂ ਵੱਖ ਤੇ ਉੱਚਾ ਸਮਝਣ ਲੱਗ ਪੈਂਦਾ ਹੈ। ਹੌਲੀ-ਹੌਲੀ ਅਜਿਹੇ ਮਨੁੱਖ ਦੀ ਸੋਚ ਹੀ ਤਬਦੀਲ ਹੋ ਜਾਂਦੀ ਹੈ ਤੇ ਹਉਮੈ ਉਸ ਨੂੰ ਜਕੜ ਲੈਂਦੀ ਹੈ। ਉਸ ਨੂੰ ਆਪਣੇ ਸਾਹਮਣੇ ਸਾਰੇ ਬੌਣੇ ਜਾਪਣ ਲੱਗ ਪੈਂਦੇ ਹਨ।

ਦੂਜੇ ਦੀ ਚੀਸ ਨਾ ਸਮਝਣਾ ਤੇ ਦੂਜੇ ਨੂੰ ਨੀਵਾਂ ਵਿਖਾ ਕੇ ਖ਼ੁਸ਼ ਮਹਿਸੂਸ ਹੋਣਾ ਹੀ ਕਿਸੇ ਕਿਸੇ ਦਾ ਸੁਭਾਓ ਬਣ ਜਾਂਦਾ ਹੈ। ਅਜਿਹਾ ਮਨੁੱਖ ਰੁੱਖਾ ਹੋਣ ਦੇ ਨਾਲ ਅੜਬ ਤੇ ਆਪਣੇ ਆਲੇ-ਦੁਆਲੇ ਭੇਦ ਨਾ ਸਕਣ ਵਾਲਾ ਚੱਕਰਵਿਊ ਸਿਰਜ ਲੈਂਦਾ ਹੈ ਜਿਸ ਨੂੰ ਪਾਰ ਨਾ ਕਰ ਸਕਣ ਵਾਲਾ ਕਿਨਾਰਾ ਕਰਨ ਲੱਗ ਪੈਂਦਾ ਹੈ ਤੇ 'ਅੰਗੂਰ ਖੱਟੇ ਹਨ' ਵਾਂਗ ਹੀ ਉਸ ਬਾਰੇ ਮਾੜੀ ਸ਼ਬਦਾਵਲੀ ਵਰਤ ਕੇ ਪਰ੍ਹਾਂ ਹੋ ਜਾਂਦਾ ਹੈ। ਇਹੋ ਨਿੰਦਾ ਅਗਾਂਹ ਤੁਰਦੀ ਹੋਈ ਉਸ ਮਨੁੱਖ ਨੂੰ ਰੁੱਖਾ ਤੇ ਨਕਾਰਾਤਮਕ ਸਾਬਤ ਕਰ ਦਿੰਦੀ ਹੈ ਤੇ ਲੋਕਾਂ ਵਿਚ ਅਜਿਹੇ ਮਨੁੱਖ ਦੇ ਜ਼ਿਕਰ ਨਾਲ ਹੀ ਉਸ ਨੂੰ ਭੰਡਿਆ ਜਾਣ ਲੱਗ ਪੈਂਦਾ ਹੈ।

ਇਹ ਸਾਰੀ ਖੋਜ ਮਨੋਵਿਗਿਆਨੀਆਂ ਨੇ ਸਿਰਫ਼ ਇਸ ਨੁਕਤੇ ਨੂੰ ਸਾਬਤ ਕਰਨ ਉੱਤੇ ਲਾਈ ਹੈ ਕਿ ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਜਿਹੜਾ ਮਨੁੱਖ ਸਦਾ ਹੀ ਰੁੱਖੇ ਬਚਨ ਉਚਾਰਦਾ ਰਹੇ, ਉਸ ਦੀ ਬਾਕੀਆਂ ਨਾਲ ਸਾਂਝ ਹੌਲੀ-ਹੌਲੀ ਟੁੱਟਣ ਲੱਗ ਪੈਂਦੀ ਹੈ ਤੇ ਲੋਕ ਉਸ ਤੋਂ ਪਾਸਾ ਵੱਟਣ ਲੱਗ ਪੈਂਦੇ ਹਨ।

ਹੁਣ ਤਾਂ ਸੌਖਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਸਮਝ ਆ ਸਕਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ। (ਅੰਗ 473)।

ਅੱਗੇ ਤੋਂ ਜਿਹੜਾ ਜਣਾ ਸਿਰਫ਼ ਹੀ ਸਿਫ਼ਤ ਕਰਦਾ ਮਿਲੇ ਤਾਂ ਉਸ ਉੱਪਰ ਝੂਠ ਦੇ ਚੜ੍ਹੇ ਮੁਖੌਟੇ ਬਾਰੇ ਸਮਝ ਲੈਣਾ ਚਾਹੀਦਾ ਹੈ ਤੇ ਇਸ 'ਫੂਕ ਸ਼ਸਤਰ' ਤੋਂ ਬਚਾਓ ਹੀ ਬਿਹਤਰ ਹੁੰਦਾ ਹੈ। ਕਿਸੇ ਅੰਦਰ ਸਿਰਫ਼ ਹੀ ਗੁਣ ਹੋਣ, ਇਹ ਸੰਭਵ ਨਹੀਂ ਪਰ ਸਿਰਫ਼ ਔਗੁਣ ਹੋਣ, ਇਹ ਵੀ ਸਹੀ ਨਹੀਂ ਹੈ। ਰਿਸ਼ਤਿਆਂ ਨੂੰ ਲੰਮੇ ਸਮੇਂ ਤੱਕ ਚੱਲਦੇ ਰੱਖਣ ਲਈ 5:1 ਦੀ ਸਹੀ ਮਿਕਦਾਰ ਜ਼ਰੂਰ ਚਾਹੀਦੀ ਹੈ।

## ਕਵਿਤਾ - ਜੂਠੀ

**ਗੋਬਿੰਦਰ ਸਿੰਘ 'ਬਰੜ੍ਹਵਾਲ'**

ਮੈਂ
ਤੇ ਵੱਸ ਮੈਂ
ਉਹਦੇ ਲਈ
ਮੈਨੂੰ ਨੀ ਲੱਗਦਾ
ਕੁਝ ਹੋਰ ਹੋਊ
ਮੇਰੇ ਤੋਂ ਸਿਵਾਏ

ਇੱਕ ਇੱਕ ਦਿਨ
ਵਰ੍ਹਾ ਹੋ ਨਿਬੜਦਾ
ਜਦ ਕਿਧਰੇ
ਗੱਲ ਨਾ ਹੁੰਦੀ
ਦੋ ਜਿਸਮ
ਇੱਕ ਜਾਨ
ਬਣ ਜੋ ਚੁੱਕੇ

ਦੂਰ ਹੋਣ ਦੀ
ਗੱਲ ਤਾਂ
ਦੂਰ ਤੱਕ
ਕਦੇ ਛਿੜੀ ਨਹੀਂ

ਮੇਰੀ
ਝਾਂਜਰ ਦੇ ਬੋਲ
ਸਾਹ ਸੂਤ ਛੱਡਦੇ
ਪੀਂਘ
ਚੜੀ ਜੋ ਹੋਈ
ਇਸ਼ਕੇ ਦੀ ਲੱਜ ਨਾਲ

ਮੈਨੂੰ
ਹੀਰ ਆਖਣ ਵਾਲਾ
ਰਾਂਝੇ ਨੂੰ
ਝੂਠਾ ਪਾ ਗਿਆ
ਤੇ ਉਹਦਾ
ਲਹਿਜ਼ਾ ਬਦਲ ਗਿਆ
ਮੈਨੂੰ
ਜੂਠੀ ਕਰਦਿਆਂ।

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.




**Khalsa Insurance Agency is among TOP 50 agencies** of Blue Cross in USA.

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers

## We also offer Line of Credit for Fuel Card

**Additional Services with our Fuel Card**

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com